JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



# ਕੈਨੇਡੀਅਨ ਪੰਜਾਬੀ ਪੋਸਟ

*Award winning news paper* | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 84 | Friday, April 29, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



**ਅੰਦਰ ਇਹ ਵੀ ਪੜ੍ਹੋ**

50,000 ਡਾਲਰ ਤੋਂ ਘੱਟ ਕਮਾਈ ਕਰਨ ਵਾਲਿਆਂ ਲਈ ਫੋਰਡ ਸਰਕਾਰ ਟੈਕਸਾਂ ਵਿੱਚ ਕਰੇਗੀ ਕਟੌਤੀ


ਪੰਨਾ 03

ਪੰਚਾਇਤ ਮੰਤਰੀ ਨੇ 29 ਏਕੜ ਸਰਕਾਰੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਾਇਆ


ਪੰਨਾ 05


## ਨੈਨੋਜ਼ ਸਰਵੇਖਣ ਵਿੱਚ ਕੰਜ਼ਰਵੇਟਿਵਾਂ ਨੇ ਹਾਸਲ ਕੀਤੀ ਲੀਡ

| NANOS | Ballot Support | Four Week Change | | Ballot Support | Four Week Change |
|---|---|---|---|---|---|
| C | 35.6% | ▲4.3% | green | 5.5% | ▲0.7% |
| Liberal | 30.0% | ▼2.2% | BLOC Québécois | 5.4% | ▼0.5% |
| NDP | 19.6% | ▼2.0% | PPC People's Party of Canada | 3.4% | ▼0.2% |

ਓਟਵਾ, 28 ਅਪਰੈਲ (ਪੋਸਟ ਬਿਊਰੋ) : ਨੈਨੋਜ਼ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਅਨੁਸਾਰ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਵੱਲੋਂ ਸੱਤਾਧਾਰੀ ਲਿਬਰਲਾਂ ਕੋਲੋਂ ਲੀਡ ਹਾਸਲ ਕਰ ਲਈ ਗਈ ਹੈ।

22 ਅਪਰੈਲ ਨੂੰ ਕਰਵਾਏ ਗਏ ਸਰਵੇਖਣ ਵਿੱਚ ਪਾਇਆ ਗਿਆ ਕਿ ਚਾਰ ਹਫਤਿਆਂ ਦੇ ਅਰਸੇ ਦੌਰਾਨ ਕੰਜ਼ਰਵੇਟਿਵਾਂ ਨੂੰ 4.3 ਫੀ ਸਦੀ ਅੰਕਾਂ ਦੀ ਚੜ੍ਹਾਈ ਹਾਸਲ ਹੋਈ ਤੇ ਇਸ ਸਮੇਂ ਉਨ੍ਹਾਂ ਨੂੰ 35.6 ਫੀ ਸਦੀ ਲੋਕਾਂ ਦਾ ਸਮਰਥਨ ਹਾਸਲ ਹੈ। ਦੂਜੇ ਪਾਸੇ ਲਿਬਰਲਾਂ ਦੇ ਸਮਰਥਨ ਵਿੱਚ 2.2 ਫੀ ਸਦੀ ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ ਤੇ ਉਨ੍ਹਾਂ ਨੂੰ 30 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਇਸ ਦੌਰਾਨ ਐਨਡੀਪੀ ਦੇ ਸਮਰਥਨ ਵਿੱਚ ਵੀ ਦੋ ਫੀ ਸਦੀ ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ ਤੇ ਪਾਰਟੀ 19.6 ਫੀ ਸਦੀ ਅੰਕਾਂ ਉੱਤੇ ਚੱਲ ਰਹੀ ਹੈ। ...ਬਾਕੀ ਪੰਨਾ 5 'ਤੇ

## ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ ਤੱਕ ਮਹਾਨ ਨਗਰ ਕੀਰਤਨ ਇਸ ਐਤਵਾਰ ਨੂੰ

### ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਦਿਹਾੜੇ ਨੂੰ ਵੀ ਸਮਰਪਿਤ




ਮਾਲਟਨ, 28 ਅਪ੍ਰੈਲ (ਪੋਸਟ ਬਿਊਰੋ)- ਖ਼ਾਲਸਾ ਦੀ 323ਵੇਂ ਸਾਜਨਾ ਦਿਵਸ ਨੂੰ ਸਮਰਪਿਤ ਉਂਟਾਰੀਓ ਗੁਰਦੁਆਰਾਜ਼ ਕਮੇਟੀ ਵਲੋਂ ਮਹਾਨ ਨਗਰ ਕੀਰਤਨ 1 ਮਈ ਦਿਨ ਐਤਵਾਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਨਗਰ ਕੀਰਤਨ ਮਾਲਟਨ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਰੈਕਸਡੇਲ ਗੁਰ-ਦੁਆਰਾ ਸਾਹਿਬ ਤੱਕ ਪਹੁੰਚੇਗਾ। 1 ਮਈ ਦਿਨ ਐਤਵਾਰ ਸਵੇਰੇ 8 ਵਜੇ ਤੋਂ ਲੈ ਕੇ 11:30 ਵਜੇ ਤੱਕ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ। ਦੁਪਹਿਰ ਦੇ 12:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਸ਼ਾਨੋ ਸ਼ੌਕਤ ਨਾਲ ਨਗਰ ਕੀਰਤਨ ਮੌਰਨਿੰਗ ਸਟਾਰ ਤੋਂ ਹੁੰਦਾ ਹੋਇਆ ਹੰਬਰਵੁੱਡ ਤੋਂ ਹੰਬਰਲਾਈਨ ਤੋਂ ਫਿੰਚ ਐਵੇਨਿਊ ਤੇ ਫਿਰ ਬੁਡਵਾਈਨ ਟਾਊਨਜ਼ ਬੁਲੇਵਡ ਤੋਂ ਕੈਰੀਅਰ ਡ੍ਰਾਈਵ ਉਤੋਂ ਦੀ ਹੋ ਕੇ ਸਿੱਖ ਸਪਿਰਚੂਅਲ ਸੈਂਟਰ ਰੈਕਸਡੇਲ ਗੁਰ-ਦੁਆਰਾ ਸਾਹਿਬ ਵਿਖੇ ਪਹੁੰਚਣਗੇ। .....ਖ਼ਬਰ ਦਾ ਬਾਕੀ ਹਿੱਸਾ ਪੰਨਾ 6 'ਤੇ ਪੜ੍ਹੋ ਅਤੇ ਪੰਨਾ 16 'ਤੇ ਜਾਣਕਾਰੀ ਲਈ ਇਸ਼ਤਿਹਾਰ ਦੇਖੋ।

## ਟੂਰਿਸਟ ਵੀਜ਼ੇ 'ਤੇ ਆਏ ਰਾਗੀ ਸਿੰਘ ਨੇ ਵਾਪਸ ਜਾਣ ਤੋਂ ਕੀਤਾ ਇਨਕਾਰ

*** ਆਉਣ ਵਾਲੇ ਰਾਗੀਆਂ ਉਤੇ ਵਿਸ਼ਵਾਸ ਕਰਨਾ ਹੋਇਆ ਔਖਾ: ਪ੍ਰਬੰਧਕੀ ਕਮੇਟੀ**


ਰਾਗੀ ਭੁਪਿੰਦਰ ਸਿੰਘ

ਟੋਰਾਂਟੋ, 28 ਅਪ੍ਰੈਲ (ਪੋਸਟ ਬਿਊਰੋ)- ਟੂਰਿਸਟ ਵੀਜ਼ਾਂ ਉਤੇ ਕੀਰਤਨ ਲਈ ਆਏ 3 ਮੈਂਬਰਾਂ ਦੇ ਜਥੇ ਵਿਚੋਂ ਇਕ ਰਾਗੀ ਸਿੰਘ ਨੇ ਵਾਪਸ ਜਾਣ ਤੋਂ ਕੀਤਾ ਇਨਕਾਰ ਕਰ ਦਿੱਤਾ ਹੈ। ਇਸ ਰਾਗੀ ਸਿੰਘ ਦਾ ਨਾਮ ਭੁਪਿੰਦਰ ਸਿੰਘ ਹੈ। ...ਬਾਕੀ ਪੰਨਾ 6 'ਤੇ

## ਹਰਦੀਪ ਗਰੇਵਾਲ ਵੱਲੋਂ ਚੋਣ ਦਫ਼ਤਰ ਦਾ ਉਦਘਾਟਨ ਇਸ ਸ਼ਨਿੱਚਰਵਾਰ ਨੂੰ




ਬਰੈਂਪਟਨ, 28 ਅਪ੍ਰੈਲ (ਪੋਸਟ ਬਿਊਰੋ)- ਬਰੈਂਪਟਨ ਈਸਟ ਤੋਂ ਪੀਸੀ ਪਾਰਟੀ ਵੱਲੋਂ ਐਮਪੀਪੀ ਲਈ ਉਮੀਦਵਾਰ ਹਰਦੀਪ ਗਰੇਵਾਲ ਵੱਲੋਂ ਆਪਣਾ ਕੈਂਪੇਨ ਆਫਿਸ ਇਸ ਆਉਣ ਵਾਲੇ ਸ਼ਨਿਚਰਵਾਰ ਨੂੰ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਦਾ ਇਹ ਆਫਿਸ 9280 ਗੌਰ ਵੇਅ ਡਰਾਈਵ ਉੱਤੇ ਸਥਿਤ ਹੋਵੇਗਾ। ਗੋਰ ਵੇਅ ਐਂਡ ਹੰਬਰ ਵੇਲਜ਼ ਦੇ ਵਿਚਾਲੇ ਨਵੀਂ ਬਣੀ ਬਿਲਡਿੰਗ ਵਿੱਚ ਇਹ ਦਫਤਰ ਸਥਿਤ ਹੋਵੇਗਾ। ਹਰਦੀਪ ਗਰੇਵਾਲ ਵਲੋਂ ਸਮੂਹ ਬਰੈਂਪਟਨ ਈਸਟ ਤੇ ਨਿਵਾਸੀਆਂ ਨੂੰ ਅਤੇ ਆਪਣੇ ਸਾਰੇ ਸਹਿਯੋਗੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਕੈਂਪੇਨ ਆਫਿਸ ਦੀ ਓਪਨਿੰਗ ਦੇ ਉੱਤੇ ਹੁੰਮਹੁਮਾ ਕੇ ਪਹੁੰਚਣ ਅਤੇ ਉਨ੍ਹਾਂ ਨੂੰ ਆਪਣਾ ਆਸ਼ੀਰਵਾਦ ਦੇਣ। ਇਕ ਵਜੇ ਦੇ ਕਰੀਬ ਸਮਾਗਮਾਂ ਦੀ ਸ਼ੁਰੂਆਤ ਹੋ ਜਾਵੇਗੀ ਅਤੇ ਇਸ ਸਮਾਗਮ ਵਿਚ ਪੀਸੀ ਪਾਰਟੀ ਦੇ ਦਿੱਗਜ਼ ਨੇਤਾ ਪਹੁੰਚ ਰਹੇ ਹਨ, ਜਿੱਥੇ ਉਹ ਹਰਦੀਪ ਗਰੇਵਾਲ ਦੇ ਨਾਲ ਇਸ ਆਫਿਸ ਦੀ ਓਪਨਿੰਗ ਕਰਨਗੇ ਤੇ ਨਾਲ ਦੀ ਨਾਲ ਪੀਸੀ ਪਾਰਟੀ ਦਾ ਪਲੇਟਫਾਰਮ ਅਤੇ ਬਰੈਂਪਟਨ ਦੇ ਲਈ ਪੀਸੀ ਪਾਰਟੀ ਦੀ ਸਰਕਾਰ ਵਲੋਂ ਕੀ ਕੁਝ ਕੀਤਾ ਗਿਆ, ਇਸ ਦੇ ਉੱਤੇ ਵੀ ਚਾਨਣਾ ਪਾਉਣਗੇ। ...ਬਾਕੀ ਪੰਨਾ 12 'ਤੇ


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
Dir: 647-928-4990
www.ufsinsurance.com
# 25-831 Bovaird Dr. W. Brampton, ON L6X0T9 | www.ufsinsurance.com

MOTEL FOR SALE ON HWY 7 IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA BROKER OF RECORD DIR: 647-546-5228 OFF: 905-457-4588
SAVE MAX GLOBAL REALTY RAJ@SAVEMAXGLOBALREALTY.COM

WEEK SPECIAL DEAL APRIL 23 - 01 MAY
OURR HOME & APPLIANCES
OPEN BOX SPECIAL
PRICE $4399 | $1449 | SWITCH TO GAS STOVE IN JUST $299 | PRICE $999
KitchenAid | Moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਮਿਰਦਰੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ? Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਧੱਕੇਸ਼ਾਹੀ ਕਰਨ ਵਾਲਿਆਂ ਦੀ ਸੰਪਤੀ ਜ਼ਬਤ ਕਰਕੇ ਤੇ ਵੇਚ ਕੇ ਜੰਗ ਨਾਲ ਝੰਬੇ ਦੇਸ਼ਾਂ ਦੀ ਮੱਦਦ ਕਰਨੀ ਚਾਹੁੰਦਾ ਹੈ ਕੈਨੇਡਾ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਖੁਦ ਨੂੰ ਅਜਿਹੀਆਂ ਸ਼ਕਤੀਆਂ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਨ੍ਹਾਂ ਰਾਹੀਂ ਸਰਕਾਰ ਅਜਿਹੀ ਵਿਦੇਸ਼ੀ ਸੰਪਤੀ, ਜਿਸ ਉੱਤੇ ਪਹਿਲਾਂ ਤੋਂ ਹੀ ਪਾਬੰਦੀਆਂ ਲਾਈਆਂ ਗਈਆਂ ਹਨ,ਨੂੰ ਜ਼ਬਤ ਕਰ ਸਕੇ ਤੇ ਵੇਚ ਸਕੇ।

ਸਰਕਾਰ ਚਾਹੁੰਦੀ ਹੈ ਕਿ ਇਸ ਤੋਂ ਹਾਸਲ ਹੋਣ ਵਾਲੇ ਸਰਮਾਏ ਨਾਲ ਉਨ੍ਹਾਂ ਦੇਸ਼ਾਂ ਦਾ ਪੁਨਰਨਿਰਮਾਣ ਕੀਤਾ ਜਾਵੇ ਜਿਨ੍ਹਾਂ ਨੂੰ ਨੁਕਸਾਨ ਹੋ ਰਿਹਾ ਹੈ ਤੇ ਇਸੇ ਸਰਮਾਏ ਵਿੱਚੋਂ ਜੰਗ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਮਦਦ ਵੀ ਕੀਤੀ ਜਾ ਸਕੇ।

ਇਹ ਨੀਤੀਗਤ ਤਬਦੀਲੀ ਹੋਵੇਗੀ, ਲਿਬਰਲ ਪਹਿਲਾਂ ਹੀ ਇਹ ਦਰਸਾ ਚੁੱਕੇ ਹਨ ਕਿ ਬਿੱਲ ਪਾਸ ਹੋਣ ਉਪਰੰਤ ਯੂਕਰੇਨ ਉੱਤੇ ਰੂਸ ਵੱਲੋਂ ਕੀਤੇ ਗਏ ਹਮਲੇ ਦਰਮਿਆਨ ਜਿਨ੍ਹਾਂ ਰੂਸੀਆਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ ਉਨ੍ਹਾਂ ਖਿਲਾਫ ਉਹ ਇਸ



ਦੀ ਵਰਤੋਂ ਕਰਨਗੇ। ਪ੍ਰਸਤਾਵਿਤ ਮਾਪਦੰਡਾਂ ਤਹਿਤ ਸਪੈਸ਼ਲ ਇਕਨੌਮਿਕ ਮੇਯਰਜ਼ ਐਕਟ ਨੂੰ ਅਪਡੇਟ ਕੀਤੇ ਜਾਣ ਤੋਂ ਬਾਅਦ ਫੈਡਰਲ ਸਰਕਾਰ ਨੂੰ ਇਹ ਇਜਾਜ਼ਤ ਹੋਵੇਗੀ ਕਿ ਉਹ ਉਸ ਸੂਰਤ ਵਿੱਚ ਆਰਥਿਕ ਮਾਪਦੰਡ ਲਿਆ ਸਕੇ ਜੇ ਕਿਤੇ ਕੌਮਾਂਤਰੀ ਸ਼ਾਂਤੀ ਤੇ ਸਕਿਊਰਿਟੀ ਦੀ ਉਲੰਘਣਾਂ ਹੋਈ ਹੋਵੇ, ਕਿਤੇ ਭ੍ਰਿਸ਼ਟਾਚਾਰ ਦਾ ਪਤਾ ਲੱਗੇ ਜਾਂ ਜਿੱਥੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੋਵੇ।

ਵਿਦੇਸ਼ ਮੰਤਰੀ ਮਿਲੇਨੀ ਜੋਲੀ ਨੇ ਆਖਿਆ ਕਿ ਇਸ ਐਕਟ ਵਿੱਚ ਤਬਦੀਲੀਆਂ ਰਾਹੀਂ ਅਸੀਂ ਅੱਜ ਨਾ ਸਿਰਫ ਕੈਨੇਡਾ ਨੂੰ ਇਹ ਸ਼ਕਤੀ ਦਿਵਾਉਣੀ ਚਾਹੁੰਦੇ ਹਾਂ ਕਿ ਉਹ ਸਬੰਧਤ ਦੇਸ਼ ਦੀ ਸੰਪਤੀ ਨੂੰ ਜ਼ਬਤ ਕਰ ਸਕੇ ਤੇ ਫਿਰ ਸਬੰਧਤ ਵਿਅਕਤੀਆਂ ਤੇ ਇਕਾਈਆਂ, ਜਿਨ੍ਹਾਂ ਉੱਤੇ ਪਾਬੰਦੀਆਂ ਲਾਈਆਂ ਗਈਆਂ ਹਨ, ਦੀ ਸੰਪਤੀ ਨੂੰ ਜ਼ਬਤ ਕਰਕੇ ਤੇ ਵੇਚ ਕੇ ਜੰਗ ਨਾਲ ਝੰਬੇ ਦੇਸ਼ਾਂ ਤੇ ਵਿਅਕਤੀਆਂ ਦੀ ਮਦਦ ਕਰ ਸਕੇ।

# ਸਰਕਾਰ ਬਣਾਉਣ ਦੀ ਆਸ ਲਾਈ ਬੈਠੀ ਹੈ ਓਨਟਾਰੀਓ ਦੀ ਐਨਡੀਪੀ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੀ ਐਨਡੀਪੀ ਕਈ ਦਹਾਕਿਆਂ ਵਿੱਚ ਪਹਿਲੀ ਵਾਰੀ ਐਨੀ ਮਜ਼ਬੂਤੀ ਨਾਲ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਨਿੱਤਰੇਗੀ। ਇਸ ਵਾਰੀ ਇਹ ਪਾਰਟੀ ਵੋਟਰਾਂ ਉੱਤੇ ਇਹ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜਿਹੜਾ ਪਿਛਲੀ ਵਾਰੀ ਨਹੀਂ ਸੀ ਕਰ ਸਕੀ, ਤੇ ਉਹ ਹੈ ਖੁਦ ਨੂੰ ਸਰਕਾਰ ਬਣਾਉਣ ਲਈ ਤਿਆਰ ਦੱਸਣਾ।

ਕਾਗਜ਼ੀ ਤੌਰ ਉੱਤੇ ਹਵਾ ਦਾ ਰੁਖ ਉਨ੍ਹਾਂ ਵੱਲ ਹੈ ਕਿਉਂਕਿ ਉਹ ਰਸਮੀ ਤੌਰ ਉੱਤੇ ਸਰਕਾਰੀ ਧਿਰ ਹੈ, ਉਨ੍ਹਾਂ ਦੀ ਸਥਿਤੀ ਵਿੱਤੀ ਪੱਖੋਂ ਵੀ ਚੰਗੀ ਹੈ, ਪ੍ਰੋਵਿੰਸ ਭਰ ਵਿੱਚ ਉਨ੍ਹਾਂ ਦੇ ਕਈ ਉਮੀਦਵਾਰ ਮੈਦਾਨ ਵਿੱਚ ਹਨ। ਪਰ ਉਨ੍ਹਾਂ ਸਾਹਮਣੇ ਵੱਡੀ ਚੁਣੌਤੀ ਇਨ੍ਹਾਂ



ਸਕਾਰਾਤਮਕ ਚੋਣ ਕਾਰਕਾਂ ਨੂੰ ਅਸਲ ਵੋਟਾਂ ਤੇ ਅਸਲ ਸੀਟਾਂ ਵਿੱਚ ਬਦਲਣਾ ਹੈ। ਖਾਸਤੌਰ ਉੱਤੇ ਉਨ੍ਹਾਂ ਖੇਤਰਾਂ ਵਿੱਚ ਜਿੱਥੇ ਲੰਮੇ ਸਮੇਂ ਤੋਂ ਉਨ੍ਹਾਂ ਨੇ ਜਿੱਤ ਹਾਸਲ ਨਹੀਂ ਕੀਤੀ।

ਪ੍ਰੋਗਰੈਸਿਵ ਕੰਜ਼ਰਵੇਟਿਵਾਂ ਨੂੰ 35 ਫੀ ਸਦੀ ਵੋਟਾਂ ਹਾਸਲ ਹੋਣ ਦੀ ਸੰਭਾਵਨਾ ਹੈ ਤੇ ਐਨਡੀਪੀ ਇਹ ਆਖਦੀ ਫਿਰ ਰਹੀ ਹੈ ਕਿ ਬਹੁਤੇ ਓਨਟਾਰੀਓ ਵਾਸੀ ਡੱਗ ਫੋਰਡ ਨੂੰ ਮੁੜ ਪ੍ਰੀਮੀਅਰ ਬਣਾਉਣ ਦੇ ਹੱਕ ਵਿੱਚ ਨਹੀਂ।ਲਿਬਰਲਾਂ ਦਾ ਵੀ ਇਹੋ ਦਾਅਵਾ ਹੈ। ਪਿੱਛੇ ਜਿਹੇ ਹੋਏ ਦੋ ਸਰਵੇਖਣਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਉਹ ਐਨਡੀਪੀ ਤੋਂ ਅੱਗੇ ਚੱਲ ਰਹੇ ਹਨ। ਐਨਡੀਪੀ ਦਾ ਤਾਂ ਇੱਥੋਂ ਤੱਕ ਮੰਨਣਾ ਹੈ ਕਿ 2 ਜੂਨ ਨੂੰ ਵੋਟਾਂ ਵਾਲੇ ਦਿਨ ਗੈਰ ਪੀਸੀ ਵੋਟ ਐਨਡੀਪੀ ਨੂੰ ਹੀ ਮਿਲੇਗੀ।

# 50,000 ਡਾਲਰ ਤੋਂ ਘੱਟ ਕਮਾਈ ਕਰਨ ਵਾਲਿਆਂ ਲਈ ਫੋਰਡ ਸਰਕਾਰ ਟੈਕਸਾਂ ਵਿੱਚ ਕਰੇਗੀ ਕਟੌਤੀ

ਓਨਟਾਰੀਓ, 28 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੀਰਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਆਪਣੇ 2022 ਦੇ ਬਜਟ ਵਿੱਚ ਸਾਲ ਵਿੱਚ 50,000 ਡਾਲਰ ਤੋਂ ਘੱਟ ਕਮਾਉਣ ਵਾਲੇ ਓਨਟਾਰੀਓ ਵਾਸੀਆਂ ਲਈ ਇਨਕਮ ਟੈਕਸ ਵਿੱਚ ਕਟੌਤੀ ਦਾ ਐਲਾਨ ਕਰਨਗੇ। ਇਹ ਜਾਣਕਾਰੀ ਸੂਤਰਾਂ ਨੇ ਦਿੱਤੀ।

ਘੱਟ ਆਮਦਨ ਵਾਲੇ ਵਿਅਕਤੀਆਂ ਤੇ ਪਰਿਵਾਰਾਂ (ਲਿਫਟ) ਲਈ ਫੋਰਡ ਸਰਕਾਰ ਵੱਲੋਂ ਟੈਕਸ ਕ੍ਰੈਡਿਟ ਵਧਾ ਕੇ 38000 ਤੋਂ 50,000 ਡਾਲਰ ਕੀਤਾ ਜਾ ਰਿਹਾ ਹੈ। ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਤਬਦੀਲੀ ਨਾਲ 2022 ਵਿੱਚ 1.1 ਮਿਲੀਅਨ ਲੋਕਾਂ ਨੂੰ 300 ਡਾਲਰ ਤੋਂ ਵੱਧ ਟੈਕਸ ਰਾਹਤ ਮਿਲੇਗੀ। ਲਿਫਟ ਨੂੰ ਪਹਿਲੀ ਵਾਰੀ



ਫੋਰਡ ਸਰਕਾਰ ਬਣਨ ਉੱਤੇ 2018 ਵਿੱਚ ਪੇਸ਼ ਕੀਤਾ ਗਿਆ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਸੱਤਾ ਸਾਂਭਣ ਤੋਂ ਬਾਅਦ ਫੋਰਡ ਸਰਕਾਰ ਨੇ ਘੱਟ ਤੋਂ ਘੱਟ ਉਜਰਤਾਂ 15 ਡਾਲਰ ਪ੍ਰਤੀ ਘੰਟਾ ਰੱਦ ਕਰਨ ਦੇ ਫੈਸਲੇ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਇਸ ਨੂੰ ਪੇਸ਼ ਕੀਤਾ ਸੀ।

ਉਸ ਸਮੇਂ ਸਰਕਾਰ ਨੇ ਆਖਿਆ ਸੀ ਕਿ ਲਿਫਟ ਰਾਹੀਂ ਘੱਟ ਆਮਦਨ ਵਾਲੇ ਤੇ ਘੱਟ ਉਜਰਤਾਂ ਹਾਸਲ ਕਰਨ ਵਾਲੇ ਕਰਮਚਾਰੀਆਂ ਨੂੰ ਸਾਲ ਵਿੱਚ 850 ਡਾਲਰ ਦੀ ਟੈਕਸ ਰਾਹਤ ਹਾਸਲ ਹੋ ਸਕੇਗੀ।ਇਹ ਯੋਗਤਾ ਫੋਰਡ ਸਰਕਾਰ ਦੇ 2022 ਦੇ ਬਜਟ ਦੇ ਥੀਮ-ਕਿਫਾਇਤੀਪਨ ਨਾਲ ਵੀ ਮੇਲ ਖਾਂਦੀ ਹੈ। ਇਸ ਨੂੰ ਪੀਸੀ ਪਾਰਟੀ ਦੇ ਪਲੇਟਫਾਰਮ ਵਜੋਂ ਵੀ ਵਰਤੇ ਜਾਣ ਦੀ ਸੰਭਾਵਨਾ ਹੈ। ਇਸ ਤਹਿਤ ਵਾਅਦਿਆਂ ਦੀ ਝੜੀ ਲਾਈ ਜਾਵੇਗੀ ਜਿਵੇਂ ਕਿ ਔਸਤ ਵੋਟਰਾਂ ਨੂੰ ਲਾਇਸੰਸ ਪਲੇਟ ਨੂੰ ਮੁੜ ਨੰਵਿਆਉਣ ਲਈ ਦਿੱਤੀ ਜਾਣ ਵਾਲੀ ਫੀਸ ਦਾ ਰਿਫੰਡ ਦਿੱਤਾ ਜਾਵੇਗਾ ਤੇ ਛੇ ਮਹੀਨੇ ਗੈਸ ਪੰਪਸ ਉੱਤੇ ਵੀ ਰਾਹਤ ਮਿਲੇਗੀ।

ਘੱਟ ਤੋਂ ਘੱਟ ਉਜਰਤਾਂ ਵਿੱਚ 50 ਸੈਂਟ ਦੇ ਵਾਧੇ ਦੀ ਗੱਲ ਵੀ ਆਖੀ ਜਾਵੇਗੀ। ਵਿੱਤ ਮੰਤਰੀ ਪੀਟਰ ਬੈਥਲੇਨਫਾਲਵੀ ਵੀਰਵਾਰ ਦੁਪਹਿਰ ਨੂੰ ਬਜਟ ਪੇਸ਼ ਕਰਨਗੇ।

# ਰਾਇਰਸਨ ਯੂਨੀਵਰਸਿਟੀ ਦਾ ਨਾਂ ਹੋਵੇਗਾ ਟੋਰਾਂਟੋ ਮੈਟਰੋਪਾਲੀਟਨ ਯੂਨੀਵਰਸਿਟੀ




ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਰਾਇਰਸਨ ਯੂਨੀਵਰਸਿਟੀ ਦਾ ਨਾਂ ਬਦਲ ਕੇ ਟੋਰਾਂਟੋ ਮੈਟਰੋਪਾਲੀਟਨ ਯੂਨੀਵਰਸਿਟੀ ਰੱਖਿਆ ਜਾ ਰਿਹਾ ਹੈ। ਮੰਗਲਵਾਰ ਨੂੰ ਬੋਰਡ ਆਫ ਗਵਰਨਰਜ਼ ਨੇ ਸਰਬਸੰਮਤੀ ਨਾਲ ਇਸ ਨਵੇਂ ਨਾਂ ਉੱਤੇ ਮੋਹਰ ਲਾਈ।

ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਵਿੱਚ ਰਾਇਰਸਨ ਵੱਲੋਂ ਨਿਭਾਈ ਗਈ ਭੂਮਿਕਾ ਦੇ ਮੱਦੇਨਜ਼ਰ ਇਸ ਯੂਨੀਵਰਸਿਟੀ ਦਾ ਨਾਂ ਬਦਲਣ ਦੀ ਕਵਾਇਦ ਲੰਮੇਂ ਸਮੇਂ ਤੋਂ ਚੱਲ ਰਹੀ ਸੀ। ਪ੍ਰੈਜ਼ੀਡੈਂਟ ਤੇ ਵਾਈਸ ਚਾਂਸਲਰ ਮੁਹੰਮਦ ਲਾਚੇਮੀ ਨੇ ਆਖਿਆ ਕਿ ਸਾਡੀ ਯੂਨੀਵਰਸਿਟੀ ਦੇ ਇਤਿਹਾਸ ਵਿੱਚ ਇਹ ਕਾਫੀ ਅਹਿਮ ਪਲ ਹਨ, ਅਸੀਂ ਉਸ ਨਾਂ ਨਾਲ ਅੱਗੇ ਵਧਾਂਗੇ ਜਿਹੜਾ ਸਾਡੀਆਂ ਕਦਰਾਂ ਕੀਮਤਾਂ ਨੂੰ ਬਿਹਤਰ ਢੰਗ ਨਾਲ ਬਿਆਨੇ ਤੇ ਸਾਨੂੰ ਭਵਿੱਖ ਵਿੱਚ ਲਿਜਾਵੇ।

ਇਸ ਤਬਦੀਲੀ ਲਈ ਪਿਛਲੀਆਂ ਗਰਮੀਆਂ ਵਿੱਚ ਕਾਫੀ ਮੁਜ਼ਾਹਰੇ ਹੋਏ। ਇੱਥੋਂ ਤੱਕ ਕਿ ਕੈਂਪਸ ਵਿੱਚ ਮੌਜੂਦ ਐਗਰਟਨ ਰਾਇਰਸਨ ਦਾ ਬੁੱਤ ਵੀ ਉਖਾੜ ਸੁੱਟਿਆ ਗਿਆ। ਕੈਮਲੂਪਸ, ਬੀਸੀ ਵਿੱਚ ਪੁਰਾਣੇ ਰੈਜ਼ੀਡੈਂਸ਼ੀਅਲ ਸਕੂਲ ਦੀ ਜ਼ਮੀਨ ਤੋਂ ਮਿਲੀਆਂ 215 ਵਿਦਿਆਰਥੀਆਂ ਦੀਆਂ ਕਬਰਾਂ ਤੋਂ ਬਾਅਦ ਇਹ ਮੁਜ਼ਾਹਰੇ ਸ਼ੁਰੂ ਹੋਏ।ਯੂਨੀਵਰਸਿਟੀ ਦੇ ਮੁੜ ਨਾਮਕਰਣ ਦੀ ਪ੍ਰਕਿਰਿਆ ਵਿੱਚ ਇੱਕ ਕਮੇਟੀ ਕਾਇਮ ਕੀਤੀ ਗਈ ਜਿਸ ਨੇ ਕਮਿਊਨਿਟੀ ਦੇ 30,000 ਮੈਂਬਰਾਂ ਦੀ ਪ੍ਰਤੀਕਿਰਿਆ ਅਤੇ 2600 ਨਾਂਵਾਂ ਦੀ ਜਾਂਚ ਕਰਨੀ ਸੀ।ਆਖਿਰਕਾਰ ਇਸ ਯੂਨੀਵਰਸਿਟੀ ਲਈ ਟੋਰਾਂਟੋ ਮੈਟਰੋਪਾਲੀਟਨ ਯੂਨੀਵਰਸਿਟੀ ਨਾਂ ਚੁਣਿਆ ਗਿਆ।

# ਐਨਡੀਪੀ ਨੇ ਲਾਂਚ ਕੀਤਾ ਆਪਣਾ ਪਲੇਟਫਾਰਮ

ਓਨਟਾਰੀਓ, 28 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਵਿੱਚ ਚੋਣ ਕੈਂਪੇਨ 4 ਮਈ ਤੱਕ ਸ਼ੁਰੂ ਹੋਣ ਦੀ ਸੰਭਾਵਨਾ ਨਹੀਂ ਹੈ ਪਰ ਇੰਜ ਲੱਗ ਰਿਹਾ ਹੈ ਕਿ ਚੋਣ ਲਈ ਦੌੜ ਦਾ ਬਿਗਲ ਅੱਜ ਤੋਂ ਵੱਜ ਗਿਆ ਹੈ। ਐਂਡਰੀਆ ਹੌਰਵਥ ਤੇ ਐਨਡੀਪੀ ਵੱਲੋਂ 92 ਪੰਨਿਆਂ ਦੇ ਪਲੇਟਫਾਰਮ ਦਾ ਖੁਲਾਸਾ ਕੀਤਾ ਗਿਆ, ਜਿਸ ਤਹਿਤ ਹੈਲਥ ਕੇਅਰ ਵਿੱਚ ਨਵੇਂ ਨਿਵੇਸ਼ ਦਾ ਵਾਅਦਾ ਕੀਤਾ ਗਿਆ ਤੇ ਘੱਟ ਤੇ ਦਰਮਿਆਨੀ ਆਮਦਨ ਵਾਲੇ ਰੈਜ਼ੀਡੈਂਟਸ ਲਈ ਇਨਕਮ ਟੈਕਸ ਨੂੰ ਫਰੀਜ਼ ਕਰਨ ਦੇ ਪ੍ਰਬੰਧ ਦੀ ਗੱਲ ਵੀ ਕੀਤੀ ਗਈ।ਹੋਰਨਾਂ ਪਾਰਟੀਆਂ ਵੱਲੋਂ ਇਸ ਤਰ੍ਹਾਂ ਦੇ ਵਾਅਦੇ ਨਹੀਂ ਕੀਤੇ ਜਾ ਰਹੇ ਪਰ 2 ਜੂਨ ਨੂੰ ਵੋਟਰਾਂ ਦਾ ਧਿਆਨ ਆਪਣੇ ਵੱਲ ਖਿੱਚਣ ਲਈ ਉਨ੍ਹਾਂ ਕੋਲ ਕਈ ਅਜਿਹੇ ਈਵੈਂਟਸ ਜ਼ਰੂਰ ਹਨ। ਐਨਡੀਪੀ ਦੇ ਪਲੇਟਫਾਰਮ ਵਿੱਚ ਕਿਫਾਇਤੀ ਘਰਾਂ ਤੋਂ ਲੈ ਕੇ ਹਰ ਚੀਜ਼ ਦੀ ਗੱਲ ਕੀਤੀ ਗਈ ਹੈ। ਉਹ ਹਰ ਸਾਲ 100,000 ਨਵੀਆਂ ਯੂਨਿਟਾਂ ਦਾ ਨਿਰਮਾਣ ਕਰਨਾ ਚਾਹੁੰਦੇ ਹਨ ਤੇ ਬਿਹਤਰ ਹੈਲਥਕੇਅਰ ਲਈ 60,000 ਨਵੀਆਂ ਸਪੋਰਟਿਵ ਹਾਊਸਿੰਗ ਯੂਨਿਟ ਤਿਆਰ ਕਰਨਾ ਚਾਹੁੰਦੇ ਹਨ।

ਇਸ ਦੇ ਨਾਲ ਐਨਡੀਪੀ ਵੱਲੋਂ ਆਪਣੇ ਪਲੇਟਫਾਰਮ ਵਿੱਚ 2026 ਤੱਕ ਘੱਟ ਤੋਂ ਘੱਟ ਉਜਰਤਾਂ 20 ਡਾਲਰ ਪ੍ਰਤੀ ਘੰਟਾ ਕਰਨ ਤੇ ਘੱਟ ਤੇ ਦਰਮਿਆਨੀ ਆਮਦਨ ਵਾਲੇ ਕੈਨੇਡੀਅਨਜ਼ ਲਈ ਇਨਕਮ ਟੈਕਸ ਫਰੀਜ਼ ਕਰਨ ਦੀ ਗੱਲ ਆਖੀ।ਟੋਰਾਂਟੋ ਵਿੱਚ ਆਪਣੇ ਸਮਰਥਕਾਂ ਸਾਹਮਣੇ ਐਨਡੀਪੀ ਆਗੂ ਨੇ ਇਸ ਪਲੇਟਫਾਰਮ ਦਾ ਐਲਾਨ ਜ਼ਰੂਰ ਕੀਤਾ ਪਰ ਉਨ੍ਹਾਂ ਇਸ ਉੱਤੇ ਆਉਣ ਵਾਲੀ ਲਾਗਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ।ਇਸ ਵਾਰੀ ਐਨਡੀਪੀ ਵੱਲੋਂ ਮਜ਼ਬੂਤ, ਤਿਆਰ ਤੇ ਤੁਹਾਡੇ ਲਈ ਕੰਮ ਕਰਨ ਦਾ ਨਾਅਰਾ ਦਿੱਤਾ ਹੈ। ਇਸ ਪਲੇਟਫਾਰਮ ਵਿੱਚ ਕਈ ਵਾਅਦੇ 2018 ਵਾਲੇ ਵੀ ਹਨ ਜਿਨ੍ਹਾਂ ਵਿੱਚ ਡੈਂਟਲ ਤੇ ਦਵਾਈਆਂ ਦੀ ਕਵਰੇਜ ਮੁੱਖ ਹਨ।

# ਮਿਸੀਸਾਗਾ ਵਿੱਚ ਕਾਰ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਹਲਾਕ

ਮਿਸੀਸਾਗਾ, 28 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਇੱਕ ਵਿਅਕਤੀ ਦੀ ਮੌਤ ਹੋ ਗਈ। ਮਾਰਿਆ ਗਿਆ ਵਿਅਕਤੀ ਆਪਣੇ 30ਵਿਆਂ ਵਿੱਚ ਸੀ। ਅੱਧੀ ਰਾਤ ਤੋਂ ਬਾਅਦ ਹਾਈਵੇਅ 401 ਦੇ ਦੱਖਣ ਵੱਲ ਮੈਵਿਸ ਰੋਡ ਤੇ ਬੈਂਕ੍ਰੌਫਟ ਡਰਾਈਵ ਉੱਤੇ ਹਾਦਸੇ ਦੀ ਜਾਣਕਾਰੀ ਦੇ ਕੇ



ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮਾ-ਰਿਆ ਗਿਆ ਵਿਅਕਤੀ ਲਾਂਘੇ ਦੇ ਕੋਲੋਂ ਸੜਕ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜਦੋਂ ਇੱਕ ਗੱਡੀ ਵੱਲੋਂ ਉਸ ਨੂੰ ਟੱਕਰ ਮਾਰੀ ਗਈ।

ਉਸ ਨੂੰ ਟਰੌਮਾ ਸੈਂਟਰ ਲਿਜਾਣ ਦੀ ਕੋਸ਼ਿਸ਼ ਕੀਤੀ ਗਈ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਜਿਸ ਗੱਡੀ ਵੱਲੋਂ ਟੱਕਰ ਮਾਰੀ ਗਈ ਉਸ ਦਾ ਡਰਾਈਵਰ ਮੌਕੇ ਉੱਤੇ ਮੌਜੂਦ ਰਿਹਾ।ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਬਿਨਾਂ ਨੋਟਿਸ ਹਾਊਸ ਦੀ ਕਾਰਵਾਈ ਮੁਲਤਵੀ ਕਰਨ ਲਈ ਲਿਬਰਲਾਂ ਵਲੋਂ ਮਤਾ ਪੇਸ਼

ਓਟਵਾ, 28 ਅਪਰੈਲ (ਪੋਸਟ ਬਿਊਰੋ) : ਲਿਬਰਲਾਂ ਵੱਲੋਂ ਦੇਰ ਰਾਤ ਤੱਕ ਚੱਲਣ ਵਾਲੀਆਂ ਹਾਊਸ ਸਿਟਿੰਗਜ਼ ਦੇ ਨਾਲ ਨਾਲ ਹਾਊਸ ਆਫ ਕਾਮਨਜ਼ ਦੀ ਕਾਰਵਾਈ ਨੂੰ ਬਿਨਾਂ ਨੋਟਿਸ ਸਾਲ ਦੇ ਅੰਤ ਤੱਕ ਮੁਲਤਵੀ ਕਰਨ ਲਈ ਮੰਤਰੀਆਂ ਨੂੰ ਸ਼ਕਤੀ ਦੇਣ ਸਬੰਧੀ ਮਤਾ ਪੇਸ਼ ਕੀਤਾ ਗਿਆ ਹੈ।



ਇਸ ਤਰ੍ਹਾਂ ਦੀਆਂ ਤਬਦੀਲੀਆਂ ਸਬੰਧੀ ਮਤਾ ਸਰਕਾਰ ਦੇ ਹਾਊਸ ਲੀਡਰ ਮਾਰਕ ਹਾਲੈਂਡ ਵੱਲੋਂ ਪੇਸ਼ ਕੀਤਾ ਗਿਆ। ਸ਼ਡਿਊਲ ਮੁਤਾਬਕ ਮਈ ਦੇ ਅੰਤ ਵਿੱਚ ਇੱਕ ਹਫਤੇ ਦੀ ਛੁੱਟੀ ਤੋਂ ਇਲਾਵਾ ਹਾਊਸ ਨੂੰ ਜੂਨ 2023 ਤੱਕ ਸ਼ਡਿਊਲ ਕੀਤਾ ਜਾ ਸਕਦਾ ਹੈ। ਪਰ ਜੇ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਲਿਬਰਲ ਬਿਨਾਂ ਨੋਟਿਸ ਹਾਊਸ ਦੀ ਕਾਰਵਾਈ ਮੁਲਤਵੀ ਕਰਨ ਦਾ ਮਤਾ ਲਿਆ ਕੇ 19 ਸਤੰਬਰ, 2022 ਤੱਕ ਹਾਊਸ ਦੀ ਕਾਰਵਾਈ ਮੁਲਤਵੀ ਕਰ ਸਕਦੇ ਹਨ।

ਇਸ ਮਤੇ ਉੱਤੇ ਬਹਿਸ ਕਰਵਾਉਣ ਲਈ ਵੀ ਕੋਈ ਸਮਾਂ ਨਹੀਂ ਦਿੱਤਾ ਜਾਵੇਗਾ ਤੇ ਇਸ ਉੱਤੇ ਤੁਰੰਤ ਵੋਟ ਕਰਵਾਈ ਜਾਵੇਗੀ। ਹਾਲਾਂਕਿ ਇਸ ਮਤੇ ਨੂੰ ਪਾਸ ਕਰਵਾਉਣ ਲਈ ਬਹੁਤੇ ਐਮਪੀਜ਼ ਵੱਲੋਂ ਇਸ ਦਾ ਸਮਰਥਨ ਕਰਨ ਦੀ ਹੀ ਉਮੀਦ ਹੈ।

# ਵੀਕੈਂਡ ਤੋਂ ਪਹਿਲਾਂ ਜੀਟੀਏ ਵਿੱਚ ਵਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ



ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਇੱਕ ਵਾਰੀ ਫਿਰ ਵੀਕੈਂਡ ਤੋਂ ਪਹਿਲਾਂ ਗੈਸ ਦੀਆਂ ਕੀਮਤਾਂ ਵਿੱਚ ਇਜਾਫਾ ਹੋਣ ਦੀ ਸੰਭਾਵਨਾ ਹੈ। ਵੀਕੈਂਡ ਉਤੇ ਹੋਣ ਵਾਲੇ ਇਸ ਵਾਧੇ ਤੋਂ ਪਹਿਲਾਂ ਹੀ ਬੁੱਧਵਾਰ ਰਾਤ ਨੂੰ ਟੋਰਾਂਟੋ ਵਾਸੀ ਆਪਣੀਆਂ ਗੱਡੀਆਂ ਫੁੱਲ ਕਰਵਾਉਣਾ ਚਾਹੁਣਗੇ।

ਕੈਨੇਡੀਅਨਜ਼ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਅਨੁਸਾਰ ਵੀਰਵਾਰ ਨੂੰ ਗੈਸ ਦੀਆਂ ਕੀਮਤਾਂ ਵਿੱਚ ਚਾਰ ਸੈਂਟ ਦਾ ਵਾਧਾ ਹੋ ਸਕਦਾ ਹੈ, ਇਸ ਨਾਲ ਗੈਸ ਦੀ ਕੀਮਤ ਪ੍ਰਤੀ ਲੀਟਰ 1.83 ਡਾਲਰ ਤੱਕ ਪਹੁੰਚ ਜਾਵੇਗੀ।ਉਸ ਤੋਂ ਅਗਲੇ ਦਿਨ ਇੱਕ ਵਾਰੀ ਫਿਰ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋ ਸਕਦਾ ਹੈ। ਸ਼ੁੱਕਰਵਾਰ ਨੂੰ ਗੈਸ ਪ੍ਰਤੀ ਲੀਟਰ 1.87 ਡਾਲਰ ਤੱਕ ਅੱਪੜ ਸਕਦੀ ਹੈ।

ਕੁੱਲ ਮਿਲਾ ਕੇ ਮੋਟਰਿਸਟਸ ਨੂੰ ਅਗਲੇ 36 ਘੰਟਿਆਂ ਵਿੱਚ ਅੱਠ ਸੈਂਟ ਦਾ ਇਜਾਫਾ ਵੇਖਣ ਨੂੰ ਮਿਲ ਸਕਦਾ ਹੈ।ਇਸ ਮਹੀਨੇ ਦੇ ਸ਼ੁਰੂ ਵਿੱਚ ਮੈਕਟੀਗ ਨੇ ਆਖਿਆ ਸੀ ਕਿ ਕੁੱਝ ਓਨਟਾਰੀਓ ਵਾਸੀਆਂ ਨੂੰ ਇਨ੍ਹਾਂ ਗਰਮੀਆਂ ਵਿੱਚ 2 ਡਾਲਰ ਪ੍ਰਤੀ ਲੀਟਰ ਤੱਕ ਗੈਸ ਲਈ ਅਦਾ ਕਰਨੇ ਪੈ ਸਕਦੇ ਹਨ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047

UK TRUCK TRAINING CENTRE
ukttc
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਫਰੀਡਮ ਕੌਨਵੌਏ ਖਿਲਾਫ ਐਮਰਜੰਸੀ ਐਕਟ ਦੀ ਵਰਤੋਂ ਲਈ ਸਰਕਾਰ ਨੇ ਇਨਕੁਆਰੀ ਕਰਵਾਉਣ ਦਾ ਕੀਤਾ ਐਲਾਨ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਸਰਕਾਰ ਵੱਲੋਂ ਐਮਰਜੰਸੀ ਐਕਟ ਦੀ ਵਰਤੋਂ ਦਾ ਪੱਖ ਪੂਰਦਿਆਂ ਹੋਇਆਂ ਫੈਡਰਲ ਮੰਤਰੀਆਂ ਵੱਲੋਂ ਇਸ ਸਾਲ ਦੇ ਸ਼ੁਰੂ ਵਿੱਚ ਫਰੀਡਮ ਕੌਨਵੌਏ ਵੱਲੋਂ ਕੈਨੇਡੀਅਨ ਸਰਹੱਦਾਂ ਉੱਤੇ ਲਾਏ ਗਏ ਬਲਾਕੇਡਜ਼ ਨੂੰ ਖ਼ਤਮ ਕਰਨ ਲਈ ਲਿਆਂਦੇ ਗਏ ਐਮਰਜੰਸੀ ਐਕਟ ਦੀ ਜਾਂਚ ਲਈ ਸੋਮਵਾਰ ਨੂੰ ਆਜ਼ਾਦਾਨਾ ਜਨਤਕ ਇਨਕੁਆਰੀ ਕਰਵਾਉਣ ਦਾ ਐਲਾਨ ਕੀਤਾ ਗਿਆ।



ਇਤਿਹਾਸ ਵਿੱਚ ਪਹਿਲੀ ਵਾਰੀ 14 ਫਰਵਰੀ ਨੂੰ ਲਿਬਰਲ ਸਰਕਾਰ ਨੇ ਇਸ ਐਕਟ ਤਹਿਤ ਐਮਰਜੰਸੀ ਦਾ ਐਲਾਨ ਕੀਤਾ। ਇਸ ਤੋਂ ਬਾਅਦ ਸਰਹੱਦਾਂ ਉੱਤੇ ਲਾਏ ਗਏ ਬਲਾਕੇਡਜ਼ ਨੂੰ ਹਟਾਉਣ ਲਈ ਪੁਲਿਸ ਨੂੰ ਆਰਜ਼ੀ ਤੌਰ ਉੱਤੇ ਵਾਧੂ ਸ਼ਕਤੀਆਂ ਦੇ ਦਿੱਤੀਆਂ ਗਈਆਂ ਤੇ ਇਸ ਦੇ ਨਾਲ ਹੀ ਫਰੀਡਮ ਕੌਨਵੌਏ ਵਿੱਚ ਸ਼ਾਮਲ ਕੁੱਝ ਵਿਅਕਤੀਆਂ ਦੇ ਖਾਤੇ ਫਰੀਜ਼ ਕਰਨ ਦੇ ਹੁਕਮ ਵੀ ਬੈਂਕਾਂ ਨੂੰ ਦੇ ਦਿੱਤੇ ਗਏ। ਇਸ ਐਮਰਜੰਸੀ ਐਕਟ ਦੇ ਐਲਾਨ ਤੋਂ ਬਾਅਦ ਪੁਲਿਸ ਨੂੰ ਹਾਸਲ ਹੋਈਆਂ ਆਰਜ਼ੀ ਸ਼ਕਤੀਆਂ ਦਾ ਮਤਲਬ ਇਹ ਸੀ ਕਿ ਮੁਜ਼ਾਹਰਾਕਾਰੀਆਂ ਤੇ ਉਨ੍ਹਾਂ ਦੇ ਸਮਰਥਕਾਂ ਨੂੰ 5000 ਡਾਲਰ ਤੱਕ ਦੇ ਜੁਰਮਾਨੇ ਜਾਂ ਪੰਜ ਸਾਲ ਦੀ ਕੈਦ ਦਾ ਸਾਹ-ਮਣਾ ਕਰਨਾ ਪੈ ਸਕਦਾ ਸੀ।

ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਇਹ ਫੈਸਲਾ ਬਹੁਤ ਹੀ ਜ਼ਰੂਰੀ ਸੀ, ਅਜਿਹਾ ਕਰਨਾ ਬਿਲਕੁਲ ਠੀਕ ਸੀ। ਐਮਰਜੰਸੀ ਐਕਟ ਤਹਿਤ ਇਹ ਪ੍ਰਬੰਧ ਹੈ ਕਿ ਸਰਕਾਰ ਇਸ ਐਕਟ ਨੂੰ ਲਾਗੂ ਕਰਨ ਤੋਂ 60 ਦਿਨਾਂ ਦੇ ਅੰਦਰ ਜਾਂਚ ਕਰਵਾ ਸਕਦੀ ਹੈ। ਜਿਸ ਤਹਿਤ ਇਹ ਜਾਂਚ ਕੀਤੀ ਜਾ ਸਕਦੀ ਹੈ ਕਿ ਜਿਨ੍ਹਾਂ ਹਾਲਾਤ ਵਿੱਚ ਐਮਰਜੰਸੀ ਐਲਾਨੀ ਗਈ ਕੀ ਉਹ ਸਹੀ ਸਨ? ਅਤੇ ਕੀ ਉਨ੍ਹਾਂ ਹਾਲਾਤ ਨਾਲ ਸਿੱਝਣ ਲਈ ਜਿਹੜੇ ਮਾਪਦੰਡ ਅਪਣਾਏ ਗਏ ਉਹ ਸਹੀ ਸਨ? ਇਸ ਕਾਨੂੰਨ ਤਹਿਤ ਜਾਂਚ ਦਾ ਐਲਾਨ ਕਰਨ ਲਈ ਸਰਕਾਰ ਕੋਲ ਸੋਮਵਾਰ ਦਾ ਦਿਨ ਆਖਰੀ ਦਿਨ ਸੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਓਨਟਾਰੀਓ ਅਪੀਲ ਕੋਰਟ ਦੇ ਜੱਜ ਪਾਲ ਐਸ ਰੂਲੋ ਨੂੰ ਇਨਕੁਆਰੀ ਕਮਿਸ਼ਨਰ ਥਾਪਿਆ ਗਿਆ ਹੈ। ਰੂਲੋ ਨੂੰ ਹੁਣ 20 ਫਰਵਰੀ, 2023 ਤੱਕ ਫੈਡਰਲ ਸਰਕਾਰ ਨੂੰ ਇੰਗਲਿਸ਼ ਤੇ ਫਰੈਂਚ ਵਿੱਚ ਫਾਈਨਲ ਰਿਪੋਰਟ ਮੁਹੱਈਆ ਕਰਵਾਉਣੀ ਹੋਵੇਗੀ।

## ਟਵਿੱਟਰ ਨੂੰ ਖਰੀਦਣ ਲਈ ਐਲਨ ਮਸਕ ਨੇ ਕੀਤਾ 44 ਬਿਲੀਅਨ ਡਾਲਰ ਦਾ ਸਮਝੌਤਾ

ਵਾਸ਼ਿੰਗਟਨ, 28 ਅਪਰੈਲ (ਪੋਸਟ ਬਿਊਰੋ) : ਸੋਮਵਾਰ ਨੂੰ ਟਵਿੱਟਰ ਨੂੰ ਖਰੀਦਣ ਲਈ ਐਲਨ ਮਸਕ ਲੱਗਭਗ 44 ਬਿਲੀਅਨ ਡਾਲਰ ਦੇ ਸਮਝੌਤੇ ਉੱਤੇ ਪਹੁੰਚ ਗਏ। ਜੇ ਇਹ ਸਮਝੌਤਾ ਸਿਰੇ ਚੜ੍ਹਦਾ ਹੈ ਤਾਂ ਮਸਕ ਇਸ ਪਲੇਟਫਾਰਮ ਦੀ ਵਰਤੋਂ ਕਰਦਿਆਂ ਹੋਇਆਂ ਆਪਣੇ ਨਿਜੀ ਹਿਤਾਂ ਨੂੰ ਪ੍ਰਮੋਟ ਕਰ ਸਕਣਗੇ, ਆਪਣੇ ਆਲੋਚਕਾਂ ਉੱਤੇ ਹਮਲੇ ਕਰ ਸਕਣਗੇ, ਤੇ ਸੋਸ਼ਲ ਤੇ ਇਕਨੌਮਿਕ ਮੁੱਦਿਆਂ ਉੱਤੇ ਟੀਕਾ ਟਿੱਪਣੀ ਕਰ ਸਕਣਗੇ। ਇਸ ਸਮੇਂ ਟਵਿੱਟਰ ਦੇ 83 ਮਿਲੀਅਨ ਫੌਲੋਅਰਜ਼ ਹਨ।

ਟੈਸਲਾ ਦੇ ਇਸ ਬੜਬੋਲੇ ਸੀਈਓ, ਜੋ ਕਿ ਦੁਨੀਆ ਦਾ ਸੱਭ ਤੋਂ ਅਮੀਰ ਵਿਅਕਤੀ ਹੈ, ਨੇ ਆਖਿਆ ਕਿ ਉਹ ਟਵਿੱਟਰ ਨੂੰ ਖਰੀਦਣਾ ਤੇ ਇਸ ਦਾ ਨਿਜੀਕਰਨ ਕਰਨਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਮੁਤਾਬਕ ਟਵਿੱਟਰ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ ਪਲੇਟਫਾਰਮ ਵਜੋਂ ਆਪਣੀ ਪੂਰੀ ਸਮਰੱਥਾ ਮੁਤਾਬਕ ਕੰਮ ਨਹੀਂ ਕਰ ਰਿਹਾ। ਐਲਨ ਮਸਕ ਨੇ ਟਵਿੱਟਰ ਨਾਲ ਇੱਕ ਸਾਂਝੇ ਬਿਆਨ ਵਿੱਚ ਆਖਿਆ ਕਿ ਨਵੇਂ ਫੀਚਰਜ਼ ਨਾਲ ਉਹ ਇਸ ਸੇਵਾ ਨੂੰ ਪਹਿਲਾਂ ਨਾਲੋਂ ਬਿਹਤਰ ਬਣਾਉਣਾ ਚਾਹੁੰਦੇ ਹਨ ਜਿਵੇਂ ਕਿ ਸਪੈਮ ਬੌਟਸ ਨੂੰ ਹਟਾ ਕੇ ਤੇ ਦਿਲਚਸਪੀ ਵਧਾਉਣ ਲਈ ਇਸ ਦੇ ਐਲਗੋਰਿਦਮ ਨੂੰ ਜਨਤਾ ਲਈ ਖੋਲ੍ਹ ਕੇ ਉਹ ਅਜਿਹਾ ਕਰਨਾ ਚਾਹੁੰਦੇ ਹਨ।



ਇਹ ਡੀਲ ਉਸ ਸਮੇਂ ਚਰਚਾ ਵਿੱਚ ਆਈ ਜਦੋਂ ਦੋ ਹਫਤੇ ਪਹਿਲਾਂ ਐਲਨ ਮਸਕ ਨੇ ਟਵਿੱਟਰ ਵਿੱਚ ਨੌਂ ਫੀ ਸਦੀ ਹਿੱਸੇਦਾਰੀ ਖਰੀਦਣ ਦਾ ਖੁਲਾਸਾ ਕੀਤਾ। ਫਿਰ ਪਿਛਲੇ ਹਫਤੇ ਮਸਕ ਨੇ ਆਖਿਆ ਕਿ ਉਹ ਟਵਿੱਟਰ ਨੂੰ ਖਰੀਦਣ ਲਈ 46.5 ਬਿਲੀਅਨ ਡਾਲਰ ਰਾਖਵੇਂ ਰੱਖੀ ਬੈਠੇ ਹਨ। ਟਵਿੱਟਰ ਨੇ ਆਖਿਆ ਕਿ ਇਸ ਡੀਲ ਨੂੰ ਬੋਰਡ ਆਫ ਡਾਇਰੈਕਟਰਜ਼ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। 11 ਮੈਂਬਰੀ ਬੋਰਡ ਵਿੱਚ ਟਵਿੱਟਰ ਦੇ ਸਹਿ-ਬਾਨੀ ਤੇ ਸਾਬਕਾ ਸੀਈਓ ਜੈਕ ਡੌਰਸੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਮਈ ਵਿੱਚ ਬੋਰਡ ਤੋਂ ਪਾਸੇ ਹੋਣ ਦਾ ਮਨ ਬਣਾਇਆ ਹੋਇਆ ਹੈ। ਟਵਿੱਟਰ ਨੇ ਆਖਿਆ ਕਿ ਇਹ ਡੀਲ ਇਸ ਸਾਲ ਕਦੇ ਵੀ ਸਿਰੇ ਚੜ੍ਹ ਸਕਦੀ ਹੈ ਤੇ ਇਸ ਦੀ ਮਨਜ਼ੂਰੀ ਟਵਿੱਟਰ ਦੇ ਸਟੌਕਹੋਲਡਰਜ਼ ਤੇ ਰੈਗੂਲੇਟਰਜ਼ ਦੀ ਮਨਜ਼ੂਰੀ ਉੱਤੇ ਨਿਰਭਰ ਕਰੇਗੀ।

## ਸੈਂਟਰਲ ਬੈਂਕ ਨੇ ਵਿਆਜ਼ ਦਰਾਂ ਵਿੱਚ ਹੋਰ ਵਾਧਾ ਕਰਨ ਦੀ ਦਿੱਤੀ ਚੇਤਾਵਨੀ



ਓਟਵਾ, 28 ਅਪਰੈਲ (ਪੋਸਟ ਬਿਊਰੋ) : ਬੈਂਕ ਆਫ ਕੈਨੇਡਾ ਦੇ ਗਵਰਨਰ ਵੱਲੋਂ ਇਹ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਜੂਨ ਵਿੱਚ ਵਿਆਜ਼ ਦਰਾਂ ਵਿੱਚ ਅੱਧਾ ਫੀ ਸਦੀ ਅੰਕ ਦਾ ਵਾਧਾ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਅਜਿਹਾ ਮਹਿੰਗਾਈ ਦੀ ਦਰ ਨੂੰ ਕਾਬੂ ਵਿੱਚ ਰੱਖਣ ਲਈ ਕੀਤਾ ਜਾਵੇਗਾ।

ਅੱਜ ਟਿੱਫ ਮੈਕਲਮ ਹਾਊਸ ਆਫ ਕਾਮਨਜ਼ ਦੀ ਫਾਇਨਾਂਸ ਬਾਰੇ ਸਟੈਂਡਿੰਗ ਕਮੇਟੀ ਸਾਹਮਣੇ ਪੇਸ਼ ਹੋਣਗੇ। ਦੋ ਹਫਤੇ ਪਹਿਲਾਂ ਸੈਂਟਰਲ ਬੈਂਕ ਨੇ ਆਪਣੀ ਵਿਆਜ਼ ਦਰਾਂ ਵਿੱਚ ਅੱਧਾ ਅੰਕ ਤੋਂ ਇੱਕ ਫੀ ਸਦੀ ਤੱਕ ਵਾਧਾ ਕੀਤਾ ਸੀ। ਉਸ ਸਮੇਂ ਹੀ ਬੈਂਕ ਵੱਲੋਂ ਵਿਆਜ਼ ਦਰਾਂ ਵਿੱਚ ਹੋਰ ਵਾਧਾ ਕੀਤੇ ਜਾਣ ਦੀ ਚੇਤਾਵਨੀ ਦੇ ਦਿੱਤੀ ਗਈ ਸੀ।

ਮੈਕਲਮ ਨੇ ਆਖਿਆ ਕਿ ਬੈਂਕ ਵੱਲੋਂ ਜੂਨ ਵਿੱਚ ਅੱਧਾ ਫੀ ਸਦੀ ਅੰਕ ਨਾਲ ਵਿਆਜ਼ ਦਰਾਂ ਵਿੱਚ ਵਾਧਾ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ। ਮਾਰਚ ਵਿੱਚ ਕੈਨੇਡਾ ਵਿੱਚ ਮਹਿੰਗਾਈ ਦਰ ਤਿੰਨ ਦਹਾਕਿਆਂ ਵਿੱਚ ਸੱਭ ਤੋਂ ਵੱਧ 6.7 ਫੀ ਸਦੀ ਪਾਈ ਗਈ। ਇਹ ਜਨਵਰੀ ਵਿੱਚ ਸੈਂਟਰਲ ਬੈਂਕ ਵੱਲੋਂ ਪੇਸ਼ ਕੀਤੀ ਗਈ ਆਪਣੀ ਮੌਨੈਟਰੀ ਰਿਪੋਰਟ ਵਿੱਚ ਪੇਸ਼ ਕੀਤੇ ਗਏ ਕਿਆਸ ਨਾਲੋਂ ਕਿਤੇ ਜ਼ਿਆਦਾ ਸੀ।

ਮੈਕਲਮ ਨੇ ਇਹ ਵੀ ਆਖਿਆ ਕਿ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਗਏ ਹਮਲੇ ਕਾਰਨ ਐਨਰਜੀ ਤੇ ਹੋਰਨਾਂ ਵਸਤਾਂ ਦੀਆਂ ਕੀਮਤਾਂ ਵਿੱਚ ਕਾਫੀ ਵਾਧਾ ਹੋਇਆ ਹੈ। ਇਸ ਨਾਲ ਗਲੋਬਲ ਸਪਲਾਈ ਚੇਨਜ਼ ਵਿੱਚ ਵੀ ਵਾਧਾ ਹੋਣ ਦਾ ਖਦਸ਼ਾ ਹੈ। ਪਰ ਉਨ੍ਹਾਂ ਆਖਿਆ ਕਿ ਕੀਮਤਾਂ ਉੱਤੇ ਘਰੇਲੂ ਦਬਾਅ ਵੀ ਪੈ ਰਿਹਾ ਹੈ।

# ਬਰੈਂਪਟਨ ਵਿੱਚ ਛੁਰੇਬਾਜ਼ੀ ਕਾਰਨ ਇੱਕ ਜ਼ਖ਼ਮੀ

ਬਰੈਂਪਟਨ, 28 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਇੱਕ ਹੋਰ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਪੁਲਿਸ ਨੂੰ ਦੁਪਹਿਰੇ 2:24 ਉੱਤੇ ਸੈਂਡਲਵੁੱਡ ਪਾਰਕਵੇਅ ਤੇ ਡਿਕਸੀ ਰੋਡ ਇਲਾਕੇ ਵਿੱਚ ਸੱਦਿਆ ਗਿਆ।

ਪੁਲਿਸ ਨੇ ਦੱਸਿਆ ਕਿ ਇੱਕ ਬਾਲਗ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਉਨ੍ਹਾਂ ਨੂੰ ਇੱਥੇ ਮਿਲਿਆ ਤੇ ਉਸ ਨੂੰ ਫੌਰਨ ਟਰੌਮਾ ਸੈਂਟਰ ਲਿਜਾਇਆ ਗਿਆ। ਪੀਲ ਰੀਜਨਲ ਪੈਰਾਮੈਡਿਕ ਸਰਵਿਸਿਜ਼ ਨੇ ਦੱਸਿਆ ਕਿ ਉਸ ਵਿਅਕਤੀ ਦੀ ਹਾਲਤ ਨਾਜ਼ੁਕ ਸੀ।



ਮਸ਼ਕੂਕ ਮੌਕਾ ਏ ਵਾਰਦਾਤ ਤੋਂ ਪੈਦਲ ਹੀ ਭੱਜਣ ਵਿੱਚ ਕਾਮਯਾਬ ਰਿਹਾ ਪਰ ਉਸ ਨੂੰ ਇੱਕ ਘੰਟੇ ਤੋਂ ਵੀ ਘੱਟ ਸਮੇਂ ਵਿੱਚ ਹਿਰਾਸਤ ਵਿੱਚ ਲੈ ਲਿਆ ਗਿਆ। ਅਜੇ ਤੱਕ ਇਸ ਸਬੰਧੀ ਹੋਰ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸੇ ਕਰਕੇ ਇਲਾਕੇ ਵਿੱਚ ਭਾਰੀ ਮਾਤਰਾ ਵਿੱਚ ਪੁਲਿਸ ਮੌਜੂਦ ਹੈ।

# ਅਨਵੈਕਸੀਨੇਟਿਡ ਲੋਕਾਂ ਨਾਲ ਰਹਿਣ ਕਾਰਨ ਵੈਕਸੀਨੇਸ਼ਨ ਕਰਵਾ ਚੁੱਕੇ ਲੋਕਾਂ ਨੂੰ ਵੀ ਕੋਵਿਡ-19 ਹੋਣ ਦਾ ਖਤਰਾ

ਮਾਂਟਰੀਅਲ, 28 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਦਾ ਟੀਕਾਕਰਣ ਨਾ ਕਰਵਾਉਣਾ ਅਕਸਰ ਕਿਸੇ ਦੀ ਨਿਜੀ ਪਸੰਦ ਜਾਂ ਤਰੀਹ ਮੰਨੀ ਜਾਂਦੀ ਹੈ ਪਰ ਜਿਨ੍ਹਾਂ ਕੋਵਿਡ-19 ਟੀਕਾਕਰਣ ਨਹੀਂ ਕਰਵਾਇਆ ਉਹ ਆਪਣੇ ਲਈ ਹੀ ਨਹੀਂ ਸਗੋਂ ਆਪਣੇ ਆਲੇ ਦੁਆਲੇ ਵਾਲੇ ਲੋਕਾਂ ਲਈ ਇਨਫੈਕਸ਼ਨ ਦਾ ਖਤਰਾ ਖੜ੍ਹਾ ਕਰ ਰਹੇ ਹਨ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਤੋਂ ਹੋਇਆ।

ਸੋਮਵਾਰ ਨੂੰ ਕੈਨੇਡੀਅਨ ਮੈਡੀਕਲ ਐਸੋਸਿਏਸ਼ਨ ਜਰਨਲ ਵੱਲੋਂ ਪਬਲਿਸ਼ ਕੀਤੀ ਗਈ ਖੋਜ ਵਿੱਚ ਪਾਇਆ ਗਿਆ ਕਿ ਜਿਹੜੇ ਲੋਕ ਅਜਿਹੇ ਲੋਕਾਂ ਨਾਲ ਘੁਲਮਿਲ ਜਾਂਦੇ ਹਨ ਜਿਨ੍ਹਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਹੋਈ ਉਨ੍ਹਾਂ ਦੇ ਇਨਫੈਕਸ਼ਨ ਹੋਣ ਦਾ ਖਤਰਾ ਜ਼ਿਆਦਾ ਰਹਿੰਦਾ ਹੈ ਜਿਹੜੇ ਉਨ੍ਹਾਂ ਨਾਲ ਰਹਿੰਦੇ ਹਨ ਜਿਨ੍ਹਾਂ ਨੇ ਵੈਕਸੀਨੇਸ਼ਨ ਕਰਵਾਈ ਹੋਈ ਹੈ। ਇਸ ਅਧਿਐਨ ਵਿੱਚ ਵਰਤੇ ਗਏ ਮੈਥਡ ਅਨੁਸਾਰ ਅਨਵੈਕਸੀਨੇਟਿਡ ਲੋਕ ਜੇ ਵੈਕਸੀਨੇਸ਼ਨ ਕਰਵਾ ਚੁੱਕੇ ਲੋਕਾਂ ਨਾਲ ਸਮਾਂ ਗੁਜ਼ਾਰਦੇ ਹਨ ਤਾਂ ਉਹ ਬਿਮਾਰੀ ਨੂੰ ਅੱਗੇ ਫੈਲਾਉਣ ਦਾ ਸਾਧਨ ਬਣ ਜਾਂਦੇ ਹਨ।




ਰਿਪੋਰਟ ਦੇ ਸਹਿ-ਲੇਖਕ ਯੂਨੀਵਰਸਿਟੀ ਆਫ ਟੋਰਾਂਟੋ ਦੇ ਡਾਲਾ ਲਾਨਾ ਸਕੂਲ ਆਫ ਪਬਲਿਕ ਹੈਲਥ ਦੇ ਡੇਵਿਡ ਫਿਸ਼ਮੈਨ ਨੇ ਆਖਿਆ ਕਿ ਵੈਕਸੀਨੇਸ਼ਨ ਕਰਵਾਉਣ ਦੀ ਪਸੰਦ ਨਿਜੀ ਹੀ ਨਹੀਂ ਹੋ ਸਕਦੀ। ਉਨ੍ਹਾਂ ਇੱਕ ਇੰਟਰਵਿਊ ਵਿੱਚ ਮਿਸਾਲ ਦਿੰਦਿਆਂ ਆਖਿਆ ਕਿ ਤੁਸੀਂ ਆਪਣੀ ਕਾਰ ਹਾਈਵੇਅ ਉੱਤੇ 200 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚਲਾਉਣੀ ਪਸੰਦ ਕਰ ਸਕਦੇ ਹੋਂ ਪਰ ਅਸੀਂ ਤੁਹਾਨੂੰ ਅਜਿਹਾ ਨਹੀਂ ਕਰਨ ਦੇ ਸਕਦੇ ਕਿਉਂਕਿ ਤੁਸੀਂ ਨਾ ਸਿਰਫ ਖੁਦ ਨੂੰ ਜ਼ਖ਼ਮੀ ਕਰ ਸਕਦੇ ਹੋਂ ਜਾਂ ਤੁਹਾਡੀ ਜਾਨ ਵੀ ਜਾ ਸਕਦੀ ਹੈ ਪਰ ਇਸ ਲਈ ਵੀ ਕਿ ਤੁਸੀਂ ਤੁਹਾਡੇ ਆਲੇ ਦੁਆਲੇ ਵਾਲੇ ਲੋਕਾਂ ਲਈ ਵੀ ਖਤਰੇ ਦਾ ਬਾਇਸ ਹੋ ਸਕਦੇ ਹੋਂ।

## ਸਕੂਲ ਦੇ ਬਾਹਰ ਛੁਰੇਬਾਜ਼ੀ ਕਾਰਨ ਟੀਨੇਜਰ ਜ਼ਖ਼ਮੀ, 2 ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਸੋਮਵਾਰ ਦੁਪਹਿਰੇ ਬਰਚਮਾਊਂਟ ਪਾਰਕ ਕਾਲਜੀਏਟ ਇੰਸਟੀਚਿਊਟ ਨੇੜੇ ਇੱਕ ਟੀਨੇਜਰ ਉੱਤੇ ਚਾਕੂ ਨਾਲ ਵਾਰ ਕਰਨ ਵਾਲੇ ਦੋ ਮਸ਼ਕੂਕਾਂ ਦੀ ਟੋਰਾਂਟੋ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਦੁਪਹਿਰੇ 3:30 ਤੋਂ ਪਹਿਲਾਂ ਬਰਚਮਾਊਂਟ ਰੋਡ ਤੇ ਕਿੰਗਸਟਨ ਰੋਡ ਇਲਾਕੇ ਵਿੱਚ ਛੁਰੇਬਾਜ਼ੀ ਦੀ ਘਟਨਾ ਵਾਪਰਨ ਦੀਆਂ ਰਿਪੋਰਟਾਂ ਮਿਲੀਆਂ। ਇੰਸਪੈਕਟਰ ਪਾਲ ਕ੍ਰਾਅਜ਼ਿਕ ਨੇ ਦੱਸਿਆ ਕਿ ਸਕੂਲ ਦੀ ਪ੍ਰਾਪਰਟੀ ਉੱਤੇ ਹੀ ਤਿੰਨ ਲੜਕਿਆਂ ਵਿੱਚ ਬਹਿਸ ਹੋਈ, ਜਿਸ ਤੋਂ ਬਾਅਦ ਇਹ ਘਟਨਾ ਵਾਪਰੀ। ਇੱਕ ਲੜਕੇ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਪੁਲਿਸ ਦੋ ਹੋਰਨਾਂ ਦੀ ਭਾਲ ਕਰ ਰਹੀ ਹੈ।




ਪੁਲਿਸ ਨੇ ਦੱਸਿਆ ਕਿ ਇੱਕ 14 ਸਾਲਾ ਲੜਕਾ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋਇਆ ਤੇ ਮਸ਼ਕੂਕਾਂ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਬਾਰੇ ਅਜੇ ਕੋਈ ਵੇਰਵਾ ਹਾਸਲ ਨਹੀਂ ਹੋਇਆ। ਦਿਨ ਵੇਲੇ ਪੁਲਿਸ ਨੇ ਇਹ ਤਾਂ ਆਖਿਆ ਕਿ ਉਹ ਜਾਣਦੇ ਹਨ ਕਿ ਕਿਸ ਦੀ ਭਾਲ ਕਰ ਰਹੇ ਹਨ ਪਰ ਉਨ੍ਹਾਂ ਇਸ ਸਬੰਧੀ ਕੋਈ ਹੋਰ ਵੇਰਵੇ ਮੁਹੱਈਆ ਨਹੀਂ ਕਰਵਾਏ। ਮਾਪਿਆਂ ਨੂੰ ਭੇਜੇ ਪੱਤਰ ਵਿੱਚ ਦੱਸਿਆ ਗਿਆ ਕਿ ਜ਼ਖ਼ਮੀ ਵਿਅਕਤੀ ਸਕੂਲ ਦਾ ਵਿਦਿਆਰਥੀ ਹੀ ਹੈ ਤੇ ਘਟਨਾ 3:10 ਉੱਤੇ ਵਾਪਰੀ ਜਦੋਂ ਸਟਾਫ ਤੇ ਵਿਦਿਆਰਥੀ ਛੁੱਟੀ ਕਰਕੇ ਘਰਾਂ ਨੂੰ ਜਾ ਚੁੱਕੇ ਸਨ।

# ਅੱਠ ਗੱਡੀਆਂ ਨੂੰ ਟੱਕਰ ਮਾਰਨ ਵਾਲੀ ਕਾਰ ਦਾ ਡਰਾਈਵਰ ਗ੍ਰਿਫਤਾਰ

ਮਿਸੀਸਾਗਾ, 28 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਮਿਸੀਸਾਗਾ ਵਿੱਚ 8 ਗੱਡੀਆਂ ਨੂੰ ਟੱਕਰ ਮਾਰਨ ਵਾਲੀ ਕਾਰ ਦੇ ਡਰਾਈਵਰ ਨੂੰ ਪੀਲ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ।

ਸਵੇਰੇ 11:00 ਵਜੇ ਤੋਂ ਬਾਅਦ ਹੁਰੌਨਤਾਰੀਓ ਸਟਰੀਟ, ਕਿਊਈਡਬਲਿਊ ਨੇੜੇ ਤੇ ਬਰਨਹੈਮਥੌਰਪ ਰੋਡ ਨੇੜੇ ਮਿਲੀਆਂ 8 ਹਾਦਸਿਆਂ ਦੀਆਂ ਖਬਰਾਂ ਤੋਂ ਬਾਅਦ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ। ਪੁਲਿਸ ਨੇ ਦੱਸਿਆ ਕਿ ਇਨ੍ਹਾਂ ਸਾਰੇ ਹਾਦਸਿਆਂ ਲਈ ਇੱਕ ਕਾਲੇ ਰੰਗ ਦੀ ਚਾਰ ਦਰਵਾਜ਼ਿਆਂ ਵਾਲੀ ਕੈਡੀਲੈਕ ਜ਼ਿੰਮੇਵਾਰ ਸੀ।



ਕਾਂਸਟੇਬਲ ਅਖਿਲ ਮੂਕਨ ਨੇ ਦੱਸਿਆ ਕਿ ਇਹ ਗੱਡੀ ਅੱਠ ਵੱਖ ਵੱਖ ਗੱਡੀਆਂ ਨਾਲ ਟਕਰਾਈ। ਜਦੋਂ ਗੱਡੀ ਚੱਲਣ ਦੀ ਹਾਲਤ ਵਿੱਚ ਨਾ ਰਹੀ ਤਾਂ ਉਸ ਦਾ ਡਰਾਈਵਰ ਗੱਡੀ ਵਿੱਚੋਂ ਉਤਰ ਕੇ ਭੱਜ ਨਿਕਲਿਆ। ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਪੁਲਿਸ ਅਧਿਕਾਰੀਆਂ ਵੱਲੋਂ ਉਸ ਨੂੰ ਲੱਭ ਕੇ ਗ੍ਰਿਫਤਾਰ ਕਰ ਲਿਆ ਗਿਆ। ਇਨ੍ਹਾਂ ਹਾਦਸਿਆਂ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋਇਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਾਲ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ 3 ਜ਼ਖ਼ਮੀ, ਇੱਕ ਹਿਰਾਸਤ ਵਿੱਚ

ਟੋਰਾਂਟੋ, 28 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਸਕਾਰਬਰੋ ਦੇ ਟਾਊਨ ਸੈਂਟਰ ਮਾਲ ਵਿੱਚ ਛੁਰੇਬਾਜ਼ੀ ਦੀ ਘਟਨਾ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ ਜਦਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ।

ਸ਼ਾਮੀਂ 7:00 ਵਜੇ ਤੋਂ ਬਾਅਦ ਪੁਲਿਸ ਨੇ ਆਨਲਾਈਨ ਇਹ ਜਾਣਕਾਰੀ ਦਿੱਤੀ ਕਿ ਇਹ ਘਟਨਾ 300 ਬਰੋ ਡਰਾਈਵ ਉੱਤੇ ਸਥਿਤ ਮਾਲ ਵਿੱਚ ਵਾਪਰੀ। ਪੁਲਿਸ ਨੇ ਦੱਸਿਆ ਕਿ 6:30 ਵਜੇ ਦੇ ਨੇੜੇ ਤੇੜੇ ਇੱਥੇ ਕੁੱਝ ਲੋਕਾਂ ਵਿੱਚ ਝਗੜਾ ਹੋ ਗਿਆ ਤੇ ਜਿੰਨੇ ਚਿਰ ਨੂੰ ਪੁਲਿਸ ਪਹੁੰਚੀ ਓਨੀ ਦੇਰ ਨੂੰ ਤਿੰਨ ਵਿਅਕਤੀ ਛੁਰੇਬਾਜ਼ੀ ਕਾਰਨ ਜ਼ਖ਼ਮੀ ਹੋ ਚੁੱਕੇ ਸਨ।




ਪੁਲਿਸ ਨੇ ਦੱਸਿਆ ਕਿ ਤਿੰਨੇ ਜ਼ਖ਼ਮੀ ਵਿਅਕਤੀ ਹਸਪਤਾਲ ਵਿੱਚ ਜੇਰੇ ਇਲਾਜ ਹਨ ਤੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਉਸ ਕੋਲੋਂ ਚਾਕੂ ਵੀ ਬਰਾਮਦ ਹੋਇਆ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਬੱਚਿਆਂ ਵਿੱਚ ਫੈਲ ਰਹੀ ਲਿਵਰ ਦੀ ਬਿਮਾਰੀ ਦੀ ਜਾਂਚ ਕਰ ਰਹੇ ਹਨ ਅਧਿਕਾਰੀ

ਓਟਵਾ, 28 ਅਪਰੈਲ (ਪੋਸਟ ਬਿਊਰੋ) : ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੈਨੇਡਾ ਦੇ ਨਿੱਕੇ ਬੱਚਿਆਂ ਵਿੱਚ ਹੈਪੇਟਾਈਟਸ ਜਾਂ ਲਿਵਰ ਦੀ ਜਲਨ ਸਬੰਧੀ ਮਾਮਲੇ ਵੇਖਣ ਨੂੰ ਮਿਲ ਰਹੇ ਹਨ।

ਫੈਡਰਲ ਏਜੰਸੀ ਨੇ ਆਖਿਆ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਕੀ ਇਹ ਯੂਨਾਈਟਿਡ ਕਿੰਗਡਮ ਤੇ ਅਮਰੀਕਾ ਵਿੱਚ ਪਾਏ ਗਏ ਮਾਮਲਿਆਂ ਨਾਲ ਮੇਲ ਖਾਂਦੇ ਹਨ। ਬ੍ਰਿਟਿਸ਼ ਸਿਹਤ ਅਧਿਕਾਰੀਆਂ ਨੇ ਆਖਿਆ ਕਿ ਉਹ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਕਿ ਇਨ੍ਹਾਂ ਮਾਮਲਿਆਂ ਵਿੱਚ ਵਾਧਾ ਕਿਉਂ ਹੋ ਰਿਹਾ ਹੈ ਤੇ ਉਨ੍ਹਾਂ ਇਹ ਵੀ ਆਖਿਆ ਕਿ ਇਹ ਕੇਸ ਕਿਸੇ ਕਾਮਨ ਵਾਇਰਸ ਨਾਲ ਜੁੜ ਹੋਏ ਵੀ ਹੋ ਸਕਦੇ ਹਨ।



ਇਸ ਤੋਂ ਪਹਿਲਾਂ ਯੂਕੇ ਦੀ ਹੈਲਥ ਸਕਿਊਰਿਟੀ ਏਜੰਸੀ ਨੇ ਆਖਿਆ ਕਿ ਜਨਵਰੀ ਤੋਂ ਹੀ 10 ਸਾਲ ਤੋਂ ਨਿੱਕੀ ਉਮਰ ਦੇ ਬੱਚਿਆਂ ਵਿੱਚ ਅਣਕਿਆਸੇ ਹੈਪੇਟਾਈਟਸ ਦੇ 111 ਕੇਸ ਸਾਹਮਣੇ ਆ ਚੁੱਕੇ ਹਨ। ਇਨ੍ਹਾਂ ਵਿੱਚੋਂ 10 ਬੱਚਿਆਂ ਨੂੰ ਤਾਂ ਲਿਵਰ ਟਰਾਂਸਪਲਾਂਟ ਦੀ ਲੋੜ ਹੈ। ਯੂਐਨ ਹੈਲਥ ਏਜੰਸੀ ਦਾ ਕਹਿਣਾ ਹੈ ਕਿ ਹੁਣ ਤੱਕ ਅਣਪਛਾਤੇ ਮੂਲ ਦੇ ਹੈਪੇਟਾਈਟਸ ਦੇ 169 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਹਾਲਾਂਕਿ ਇਸ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਇਨ੍ਹਾਂ ਲਈ ਐਡੀਨੋਵਾਇਰਸ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ।

## ਛੁਰੇਬਾਜ਼ੀ ਵਿੱਚ ਦੋ ਵਿਦਿਆਰਥੀ ਜ਼ਖ਼ਮੀ



ਮਿਸੀਸਾਗਾ, 28 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਨੂੰ ਮਿਸੀਸਾਗਾ ਹਾਈ ਸਕੂਲ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਦੋ ਵਿਦਿਆਰਥੀ ਜ਼ਖ਼ਮੀ ਹੋ ਗਏ। ਦੋਵਾਂ ਵਿਦਿਆਰਥੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਛੁਰੇਬਾਜ਼ੀ ਦੀ ਰਿਪੋਰਟ ਦੇ ਕੇ ਪੀਲ ਪੁਲਿਸ ਨੂੰ ਦੁਪਹਿਰੇ 12:30 ਤੋਂ ਪਹਿਲਾਂ ਮੈਵਿਸ ਰੋਡ ਤੇ ਕਰਟਨੀਪਾਰਕ ਡਰਾਈਵ ਉੱਤੇ ਸਥਿਤ ਸੇਂਟ ਮਾਰਸੇਲੀਨਸ ਸੈਕੰਡਰੀ ਸਕੂਲ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੂੰ ਸਕੂਲ ਦੀ ਪ੍ਰਾਪਰਟੀ ਉੱਤੇ ਇੱਕ ਵਿਦਿਆਰਥੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਹਸਪਤਾਲ ਲਿਜ-ਾਇਆ ਗਿਆ, ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਦੂਜੇ ਵਿਦਿਆਰਥੀ ਨੇ ਫਰਸਟ ਰਿਸਪਾਂਡਰਜ਼ ਤੱਕ ਆਪ ਹੀ ਪਹੁੰਚ ਕੀਤੀ ਤੇ ਉਸ ਦਾ ਵੀ ਇਲਾਜ ਕਰਵਾਇਆ ਗਿਆ। ਇਹ ਘਟਨਾ ਸਕੂਲ ਦੇ ਨੇੜੇ ਸਥਿਤ ਖੇਤਾਂ ਵਿੱਚ ਵਾਪਰੀ ਤੇ ਇਸ ਮਾਮਲੇ ਵਿੱਚ ਸ਼ਾਮਲ ਸਾਰੇ ਹੀ ਵਿਦਿਆਰਥੀ 18 ਸਾਲ ਤੋਂ ਘੱਟ ਉਮਰ ਦੇ ਸਨ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਨੂੰ ਉਹ ਜਾਣਦੇ ਸਨ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਮਹਾਂਮਾਰੀ ਨੂੰ ਵਿਸਾਰ ਕੇ ਚੋਣ ਮੁਹਿੰਮ ਚਲਾ ਰਹੀ ਹੈ ਫੋਰਡ ਸਰਕਾਰ

ਓਨਟਾਰੀਓ, 28 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਇਸ ਤਰ੍ਹਾਂ ਆਪਣੀ ਮੁਹਿੰਮ ਚਲਾ ਰਹੀ ਹੈ ਜਿਵੇਂ ਕੋਵਿਡ-19 ਮਹਾਂਮਾਰੀ ਖਤਮ ਹੋ ਗਈ ਹੋਵੇ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕਿਸੇ ਨਾ ਕਿਸੇ ਰੂਪ ਵਿੱਚ ਮਹਾਂਮਾਰੀ ਚੋਣ ਮੁਹਿੰਮ ਨੂੰ ਰੰਗਤ ਜ਼ਰੂਰ ਦੇਵੇਗੀ।

ਹਾਲਾਂਕਿ ਰਸਮੀ ਤੌਰ ਉੱਤੇ ਚੋਣ ਮੁਹਿੰਮ ਦੀ ਸ਼ੁਰੂਆਤ ਅਜੇ ਨਹੀਂ ਹੋਈ ਹੈ ਪਰ ਪ੍ਰੀਮੀਅਰ ਡੱਗ ਫੋਰਡ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਵੱਲੋਂ "ਬਿਲਡਿੰਗ ਓਨਟਾਰੀਓ" ਦੇ ਨਾਂ ਉੱਤੇ ਪ੍ਰੋਵਿੰਸ ਭਰ ਵਿੱਚ ਦੌਰੇ ਕਰਕੇ ਕਈ ਤਰ੍ਹਾਂ ਦੇ ਵਾਅਦੇ ਜ਼ਰੂਰ ਕੀਤੇ ਜਾ ਰਹੇ ਹਨ। ਇਸ ਦੌਰਾਨ ਜ਼ਿਆਦਾ ਧਿਆਨ ਟਰਾਂਸਪੋਰਟੇਸ਼ਨ ਉੱਤੇ ਦਿੱਤਾ ਜਾ ਰਿਹਾ ਹੈ ਤੇ ਹਾਈਵੇਅਜ਼, ਸਬਵੇਅਜ਼ ਤੇ ਇਲੈਕਟ੍ਰਿਕ ਵ੍ਹੀਕਲ ਦੇ ਨਿਰਮਾਣ ਦਾ ਤਹੱਈਆ ਪ੍ਰਗਟਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਹੈਲਥ ਕੇਅਰ ਨਾਲ ਜੁੜੇ ਇਨਫਰਾਸਟ੍ਰਕਚਰ ਜਿਵੇਂ ਕਿ ਹਸਪਤਾਲ ਤੇ ਲਾਂਗ ਟਰਮ ਕੇਅਰ ਦੇ ਪਸਾਰ ਲਈ ਵੀ ਵਾਅਦੇ ਕੀਤੇ ਜਾ ਰਹੇ ਹਨ। ਇਹ ਵੀ ਲੱਗ ਰਿਹਾ ਹੈ ਕਿ ਟੋਰੀਜ਼ ਵੱਲੋਂ ਆਪਣਾ ਸਾਰਾ ਧਿਆਨ ਮਹਾਂਮਾਰੀ ਤੋਂ ਉਭਰ ਰਹੇ ਪ੍ਰੋਵਿੰਸ ਦੇ ਪੁਨਰ ਨਿਰਮਾਣ ਉੱਤੇ ਕੇਂਦਰਿਤ ਕੀਤਾ ਜਾ ਰਿਹਾ ਹੈ ਤੇ ਉਹ ਖੁਦ ਨੂੰ ਇਸ ਤਰ੍ਹਾਂ ਪੇਸ਼ ਕਰ ਰਹੇ ਹਨ ਕਿ 2 ਜੂਨ ਨੂੰ ਹੋਣ ਵਾਲੀਆਂ ਵੋਟਾਂ ਤੋਂ ਪਹਿਲਾਂ ਅਜਿਹਾ ਕਰਨ ਵਾਲੀ ਸਿਰਫ ਉਨ੍ਹਾਂ ਦੀ ਹੀ ਇੱਕਮਾਤਰ ਪਾਰਟੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ 2018 ਦੀ ਜਿੱਤ ਤੋਂ ਬਾਅਦ ਟੋਰੀਜ਼ ਵੱਲੋਂ ਕੁੱਝ ਵਾਅਦੇ ਪੂਰੇ ਨਹੀਂ ਕੀਤੇ ਗਏ ਹਨ ਜਿਵੇਂ ਕਿ ਬੀਅਰ ਤੇ ਵਾਈਨ ਅਜੇ ਵੀ ਸਟੋਰਜ਼ ਉੱਤੇ ਉਪਲਬਧ ਨਹੀਂ ਹੈ ਤੇ ਹਾਈਡਰੋ ਬਿੱਲਾਂ ਵਿੱਚ 12 ਫੀ ਸਦੀ ਕਟੌਤੀ ਵੀ ਅਜੇ ਨਜ਼ਰ ਨਹੀਂ ਆ ਰਹੀ।

ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਚਾਰ ਸਾਲ ਪਹਿਲਾਂ ਫੋਰਡ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਵਿੱਚੋਂ ਕੁੱਝ ਪੂਰੇ ਕਰਨ ਤੇ ਕੁੱਝ ਅਧੂਰੇ ਰਹਿਣ ਦੇ ਬਾਵਜੂਦ ਮਹਾਂਮਾਰੀ ਕਾਰਨ ਵੋਟਰਜ਼ ਪਾਰਟੀ ਦੀਆਂ ਗਲਤੀਆਂ ਨੂੰ ਮੁਆਫ ਕਰ ਸਕਦੇ ਹਨ ਤੇ ਇੱਕ ਵਾਰੀ ਫਿਰ ਪਾਰਟੀ ਨੂੰ ਸਮਰਥਨ ਵੀ ਦੇ ਸਕਦੇ ਹਨ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

## ਸ਼ੂਟਿੰਗ ਵਿੱਚ ਇੱਕ ਵਿਅਕਤੀ ਜ਼ਖ਼ਮੀ, ਮਹਿਲਾ ਹਿਰਾਸਤ ਵਿੱਚ

ਬਰੈਂਪਟਨ, 28 ਅਪਰੈਲ (ਪੋਸਟ ਬਿਊਰੋ) : ਬੀਤੇ ਦਿਨੀਂ ਬਰੈਂਪਟਨ ਵਿੱਚ ਵਾਪਰੀ ਗੋਲੀ ਚੱਲਣ ਦੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜਦਕਿ ਇੱਕ ਮਹਿਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੀਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਐਂਵਾਰ ਨੂੰ ਤੜ੍ਹਕੇ 3:44 ਵਜੇ ਦੇ ਨੇੜੇ ਤੇੜੇ ਵਿਲੀਅਮਜ਼ ਪਾਰਕਵੇਅ ਤੇ ਸੈਂਟਰ ਸਟਰੀਟ ਨੌਰਥ ਇਲਾਕੇ ਵਿੱਚ ਬੈਰਨਵੁੱਡ ਕੋਰਟ ਸਥਿਤ ਘਰ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਜ਼ਖ਼ਮੀ ਵਿਅਕਤੀ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾ ਰਹੀ ਹੈ। ਪੁਲਿਸ ਨੇ ਇੱਕ ਮਹਿਲਾ ਨੂੰ ਹਿਰਾਸਤ ਵਿੱਚ ਲਿਆ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਉਹ ਕਿਸੇ ਮਸ਼ਕੂਕ ਦੀ ਭਾਲ ਨਹੀਂ ਕਰ ਰਹੀ।



## ਅੱਜ ਨਾਮਾ

ਗੁਆ ਕੇ ਗੱਦੀਆਂ ਗਏ ਸਨ ਲੋਕ ਜਿਹੜੇ,
ਨਵਿਆਂ ਭਾਜੜ ਹੈ ਉਨ੍ਹਾਂ ਨੂੰ ਪਾਈ ਬੇਲੀ।
ਚਰਚਾ ਪਹਿਲੇ ਨਹੀਂ ਕੇਸ ਦੀ ਪਈ ਠੰਢੀ,
ਚਰਚਾ ਨਵੀਂ ਕੋਈ ਜਾਂਦੀ ਚਲਾਈ ਬੇਲੀ।
ਬੰਗਲਾ, ਕੋਠੀ ਛੁਡਵਾਏ ਆ ਕਿਸੇ ਪਾਸੋਂ,
ਕਿਸੇ ਤੋਂ ਕਾਰ ਹੈ ਗਈ ਛੁਡਵਾਈ ਬੇਲੀ।
ਕਿਸੇ ਨੇ ਕੀਤੀ ਕੁਰੱਪਸ਼ਨ ਹੈ ਕਦੋਂ ਕਿੱਥੇ,
ਇਹੋ ਜਿਹੀ ਜਾਂਚ ਵੀ ਸ਼ੁਰੂ ਕਰਾਈ ਬੇਲੀ।
ਭਰਤੀ ਗਲਤ ਹੋਈ ਕਿੱਥੇ ਕਿਸ ਤਰ੍ਹਾਂ ਦੀ,
ਇਹਦੀ ਫਾਈਲ ਵੀ ਗਈ ਹੈ ਖੁੱਲ੍ਹ ਬੇਲੀ।
ਹੋਊਗੀ ਜਾਂਚ ਤਾਂ ਆਊ ਸਭ ਸੱਚ ਮੂਹਰੇ,
ਕਿਹੜਾ ਲਾ ਗਿਆ ਕਿੱਡਾ ਕੁ ਟੁੱਲ ਬੇਲੀ।

**ਤੀਸ ਮਾਰ ਖਾਂ**

# ਪੰਚਾਇਤ ਮੰਤਰੀ ਨੇ ਅਗਵਾਈ ਕਰ ਕੇ 29 ਏਕੜ ਸਰਕਾਰੀ ਜ਼ਮੀਨ ਤੋਂ ਨਾਜਾਇਜ਼ ਕਬਜ਼ਾ ਛੁਡਾਇਆ

ਮੋਹਾਲੀ, 28 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਮੋਹਾਲੀ ਜ਼ਿਲੇ ਵਿੱਚ ਖੁਦ ਛਾਪਾ ਮਾਰ ਕੇ ਸਰਕਾਰੀ ਜ਼ਮੀਨ ਉੱਤੇ ਨਾਜਾਇਜ਼ ਕਬਜ਼ਾ ਛੁਡਾਇਆ ਤੇ ਕਿਹਾ ਕਿ ਕਿਸੇ ਵੀ ਸਰਕਾਰੀ ਜ਼ਮੀਨ ਉੱਤੇ ਕਬਜ਼ਾ ਨਹੀਂ ਰਹਿਣ ਦਿੱਤਾ ਜਾਵੇਗਾ।
ਇਸ ਦੌਰਾਨ ਅੱਜ ਓਦੋਂ ਹਰ ਪਾਸੇ ਹਲਚਲ ਮੱਚ ਗਈ, ਜਦੋਂ ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਪੰਜਾਬ ਵਿੱਚ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੇ ਹੁਕਮ ਲਾਗੂ ਕਰਨ ਲਈ ਮੁਹਾਲੀ ਜ਼ਿਲ੍ਹੇ ਤੋਂ ਕੰਮ ਸ਼ੁਰੂ ਕਰ ਦਿੱਤਾ। ਸ਼ਿਵਾਲਿਕ ਪਹਾੜੀਆਂ ਦੀਆਂ ਜੜ੍ਹਾਂ ਵਿੱਚ ਨਿਊ ਚੰਡੀਗੜ੍ਹ ਨੇੜਲੇ ਮਜਰੀ ਬਲਾਕ ਦੇ ਪਿੰਡ ਅਭੀਪੁਰ ਵਿੱਚ ਕਰੋੜਾਂ ਰੁਪਏ ਕੀਮਤ ਵਾਲੀ 29 ਏਕੜ ਪੰਚਾਇਤੀ ਜ਼ਮੀਨ ਅੱਜ ਪਿੰਡ ਦੀ ਪੰਚਾਇਤ ਨੇ ਆਪਣੇ ਕਬਜ਼ੇ ਵਿੱਚ ਲੈ ਲਈ ਹੈ।ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਮਾਲ ਵਿਭਾਗ ਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ



ਉੱਚ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਕਾਨੂੰਨੀ ਪ੍ਰਕਿਰਿਆ ਪੂਰੀਕੀਤੀ ਗਈ ਹੈ।
ਆਪਣੀ ਕਿਸਮ ਦੀ ਪਹਿਲੀ ਕਾਰਵਾਈ ਦੌਰਾਨ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਸ ਜ਼ਮੀਨ ਉੱਤੇਸਾਲ 2007 ਤੋਂ ਕਿਸੇ ਕੈਪਟਨ ਬਿਕਰਮ ਸਿੰਘ ਦਾ ਨਾਜਾਇਜ਼ ਕਬਜ਼ਾ ਹੈ। ਕੁਲੈਕਟਰ ਜ਼ਿਲਾ ਐੱਸਏਐੱਸ ਨੇ 2014 ਵਿੱਚ ਇਸ ਜ਼ਮੀਨਦਾ ਨਾਜਾਇਜ਼ ਕਬਜ਼ਾ ਹਟਾਉਣ ਦੇ ਆਦੇਸ਼ ਦਿੱਤੇ ਸਨ, ਪਰ ਕੁਝ ਕਾਨੂੰਨੀ ਅੜਚਣਾਂ ਕਾਰਨ ਵਿਭਾਗ ਦੇ ਅਧਿਕਾਰੀ ਤੇ ਪੰਚਾਇਤ ਕਬਜ਼ੇ ਨਹੀਂ ਸਨ ਛੁਡਵਾ ਸਕੇ। ਮੰਤਰੀ ਨੇ ਕਿਹਾ ਕਿ ਨਵੀਂ ਸਰਕਾਰ ਬਣਦੇ ਸਾਰ ਪਹਿਲੇ ਮਹੀਨੇ ਇਹ ਕਾਰਵਾਈ ਕਰ ਕੇ ਅੱਜ ਕੀਮਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਛੁਡਾਉਣ ਦੀ ਸ਼ੁਰੂਆਤ ਹੋਈ ਹੈ।ਇਸ ਮੌਕੇ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ 31 ਮਈ ਤੱਕ 5 ਹਜ਼ਾਰ ਏਕੜ ਜ਼ਮੀਨ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਹਰ ਮਹੀਨੇ ਟੀਚੇ ਤੈਅ ਕਰਕੇ ਕਬਜ਼ੇ ਹਟਾਉਣ ਦੀ ਮੁਹਿੰਮ ਚੱਲੇਗੀ। ਇਨ੍ਹਾਂ ਕਬਜ਼ਿਆਂ ਬਾਰੇ ਰਿਟਾਇਰਡ ਜਸਟਿਸ ਕੁਲਦੀਪ ਸਿੰਘ ਦੀ ਰਿਪੋਰਟ ਬਾਰੇ ਉਨ੍ਹਾਂ ਕਿਹਾ ਕਿ ਇਸ ਰਿਪੋਰਟ ਦੀ ਘੋਖ ਕਰ ਕੇ ਕਾਰਵਾਈ ਕੀਤੀ ਜਾਵੇਗੀ।

# ਯੂਕਰੇਨੀ ਇੰਤਿਹਾਪਸੰਦਾਂ ਨੂੰ ਕੈਨੇਡੀਅਨ ਫੌਜ ਨੇ ਦਿੱਤੀ ਸੀ ਸਿਖਲਾਈ ?



ਟੋਰਾਂਟੋ,28 ਅਪਰੈਲ (ਪੋਸਟ ਬਿਊਰੋ) : ਇਸ ਤਰ੍ਹਾਂ ਦੇ ਕਈ ਸਬੂਤ ਮਿਲੇ ਹਨ ਜਿਹੜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਕੈਨੇਡਾ ਦੀਆਂ ਹਥਿਆਰਬੰਦ ਸੈਨਾਵਾਂ ਵੱਲੋਂ ਯੂਕਰੇਨੀ ਫੌਜ ਦੇ ਉਨ੍ਹਾਂ ਮੈਂਬਰਾਂ ਨੂੰ ਵੀ ਟਰੇਨਿੰਗ ਦਿੱਤੀ ਗਈ ਜਿਹੜੇ ਇੰਤਿਹਾਪਸੰਦ ਗਰੁੱਪ ਦਾ ਹਿੱਸਾ ਸਨ। ਮਾਹਿਰਾਂ ਦਾ ਕਹਿਣਾ ਹੈ ਕਿ ਓਟਵਾ ਨੂੰ ਇਸ ਮਾਮਲੇ ਵਿੱਚ ਆਪਣੀ ਜਾਂਚ ਹੋਰ ਤੇਜ਼ ਕਰਨੀ ਚਾਹੀਦੀ ਹੈ ਤੇ ਜਿਨ੍ਹਾਂ ਸੈਨਿਕਾਂ ਨੂੰ ਟਰੇਨਿੰਗ ਦਿੱਤੀ ਗਈ ਹੈ ਉਨ੍ਹਾਂ ਦਾ ਪੁਨਰਨਰੀਖਣ ਵੀ ਕਰਨਾ ਚਾਹੀਦਾ ਹੈ।
ਜ਼ਿਕਰਯੋਗ ਹੈ ਕਿ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਇਹ ਪਾਇਆ ਗਿਆ ਕਿ ਯੂਕਰੇਨੀ ਫੌਜ ਦੇ ਇੰਤਿਹਾਪਸੰਦਾਂ ਵੱਲੋਂ ਬੜਾ ਹੁੱਭ ਕੇ ਇਹ ਦੱਸਿਆ ਗਿਆ ਕਿ ਆਪਰੇਸ਼ਨ ਯੂਨੀਫਾਇਰ ਦੇ ਹਿੱਸੇ ਵਜੋਂ ਉਨ੍ਹਾਂ ਨੂੰ ਕੈਨੇਡੀਅਨਜ਼ ਵੱਲੋਂ ਟਰੇਨਿੰਗ ਦਿੱਤੀ ਗਈ ਹੈ। ਇਸ ਬਾਰੇ ਜਦੋਂ ਅਕਤੂਬਰ 2021 ਵਿੱਚ ਸੀਟੀਵੀ ਨਿਊਜ਼ ਵੱਲੋਂ ਫੌਜ ਨੂੰ ਇਸ ਬਾਰੇ ਟਿੱਪਣੀ ਕਰਨ ਲਈ ਆਖਿਆ ਗਿਆ ਤਾਂ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਨੇ ਵਾਅਦਾ ਕੀਤਾ ਕਿ ਉਹ ਯੂਕਰੇਨ ਵਿੱਚ ਕੈਨੇਡਾ ਦੇ ਇਸ ਮਿਸ਼ਨ ਦਾ ਮੁਕੰਮਲ ਮੁਲਾਂਕਣ ਕਰਾਵੇਗਾ।
ਜਿਸ ਗਰੁੱਪ ਦੀ ਇੱਥੇ ਗੱਲ ਕੀਤੀ ਜਾ ਰਹੀ ਹੈ ਉਹ ਖੁਦ ਨੂੰ ਮਿਲਟਰੀ ਆਰਡਰ ਸੈਂਚੁਰੀਆ ਜਾਂ ਇੱਕਲਾ ਸੈਂਚੁਰੀਆ ਦੱਸਦਾ ਹੈ ਤੇ ਇਸ ਦੇ ਲਿੰਕ ਸੱਜੇ ਪੱਖੀ ਐਜ਼ੋਵ ਮੂਵਮੈਂਟ ਦੇ ਨਾਲ ਵੀ ਹਨ। ਕੈਨੇਡੀਅਨ ਫੌਜ ਨੇ ਆਖਿਆ ਕਿ ਇਸ ਰਿਪੋਰਟ ਨਾਲ ਉਨ੍ਹਾਂ ਦੇ ਪੈਰਾਂ ਹੇਠਲੀ ਜ਼ਮੀਨ ਖਿਸਕ ਗਈ ਤੇ ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਇਲਮ ਸੀ ਕਿ ਇੰਤਿਹਾਪਸੰਦ ਵੀ ਉਨ੍ਹਾਂ ਤੋਂ ਟਰੇਨਿੰਗ ਹਾਸਲ ਕਰ ਰਹੇ ਹਨ। ਫੌਜ ਨੇ ਇਹ ਵੀ ਆਖਿਆ ਕਿ ਦੂਜੇ ਮੁਲਕਾਂ ਤੋਂ ਜਿਹੜੇ ਸੈਨਿਕ ਉਨ੍ਹਾਂ ਤੋਂ ਟਰੇਨਿੰਗ ਹਾਸਲ ਕਰਦੇ ਹਨ ਉਨ੍ਹਾਂ ਦੀ ਜਾਂਚ ਕਰਨ ਦਾ ਉਨ੍ਹਾਂ ਕੋਲ ਕੋਈ ਢੰਗ ਨਹੀਂ ਹੈ।

# ਵਿਧਾਨ ਸਭਾ ਸਪੀਕਰ ਦਾ ਵੱਡਾ ਐਕਸ਼ਨ: ਕਾਂਗਰਸ ਸਰਕਾਰ ਦੌਰਾਨ ਵਿਧਾਨ ਸਭਾ ਵਿੱਚ ਹੋਈ ਭਰਤੀ ਦੀ ਜਾਂਚ ਦੇ ਹੁਕਮ ਜਾਰੀ

ਚੰਡੀਗੜ੍ਹ, 28 ਅਪਰੈਲ, (ਪੋਸਟ ਬਿਊਰੋ)- ਪਿਛਲੇ ਪੰਜ ਸਾਲਾਂ ਵਿੱਚ ਕਾਂਗਰਸੀਰਾਜਵੇਲੇ ਪੰਜਾਬ ਵਿਧਾਨ ਸਭਾ ਵਿੱਚ ਕੀਤੀਗਈ ਮੁਲਾਜ਼ਮਾਂ ਦੀ ਭਰਤੀ ਦੀ ਜਾਂਚ ਦੇ ਹੁਕਮ ਜਾਰੀ ਕਰਦਿੱਤੇ ਗਏ ਹਨ।
ਪਤਾ ਲੱਗਾ ਹੈ ਕਿਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਹ ਹੁਕਮ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਉਸ ਪੱਤਰ ਮਗਰੋਂਜਾਰੀ ਕੀਤੇ ਹਨ, ਜਿਸ ਵਿੱਚ ਬੈਂਸ ਨੇ ਦੋਸ਼ ਲਾਇਆ ਸੀ ਕਿ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਤੇ ਕਈ ਮੰਤਰੀਆਂ ਤੇ ਆਗੂਆਂ ਦੇ ਚਹੇਤੇ ਭਰਤੀ ਕੀਤੇ ਗਏ ਹਨ। ਵਿਧਾਨ ਸਭਾ ਚੋਣਾਂ ਵਿੱਚ ਹਰਜੋਤ ਸਿੰਘ ਬੈਂਸ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਨੂੰ ਹਰਾ ਕੇ ਹੀ ਜਿੱਤੇ ਸਨ। ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਤਾਂਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਸਾਲ 2017 ਤੋਂ 2022 ਤੱਕ ਵਿਧਾਨ ਸਭਾ ਵਿੱਚ ਹੋਈ ਮੁਲਾਜ਼ਮਾਂ ਦੀ ਭਰਤੀ ਦੀ ਉੱਚ ਪੱਧਰੀ ਜਾਂਚ ਕਰਾਈ ਜਾਵੇ।ਪਤਾ ਲੱਗਾ ਹੈ ਕਿ ਹਲਕਾ ਸ੍ਰੀ ਆਨੰਦਪੁਰ ਸਾਹਿਬ ਦੇ ਕਈ ਕਾਂਗਰਸੀ ਆਗੂਆਂ ਨੇ ਆਪਣੇ ਕਰੀਬੀਆਂ ਨੂੰ ਨੌਕਰੀਆਂ ਦੁਆਈਆਂ ਸਨ, ਜਿਸ



ਕਰਕੇ ਉਨ੍ਹਾਂ ਉੱਤੇ ਤਲਵਾਰ ਲਟਕ ਗਈ ਹੈ।ਪੱਤਰ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਮੈਂ ਇਸ ਸਾਲ ਜਨਵਰੀ ਵਿੱਚ ਆਪਣੇ ਪੱਧਰ ਉੱਤੇ ਇਸ ਦੀ ਜਾਂਚ ਕਰਕੇ ਪੰਜਾਬ ਵਿਧਾਨ ਸਭਾ ਵਿੱਚ ਹੋਏ ਭਰਤੀ ਘੁਟਾਲੇ ਦਾ ਭੇਦ ਲੱਭਿਆ ਸੀ, ਜਿਸ ਦੇ ਬੜੇ ਹੈਰਾਨੀਜਨਕ ਤੱਥ ਸਾਹਮਣੇ ਆਏ ਸਨ।
ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਲਿਖਿਆ ਕਿ ਪਿਛਲੇ ਰਾਜ (2017-2022) ਵੇਲੇਜਦੋਂ ਰਾਣਾ ਕੇਪੀ ਸਪੀਕਰ ਸਨ ਤਾਂਵਿਧਾਨ ਸਭਾ ਵਿੱਚ 170 ਦੇ ਕਰੀਬਮੁਲਾਜ਼ਮ ਭਰਤੀ ਕੀਤੇ ਗਏ ਸਨ। ਇਨ੍ਹਾਂ ਭਰਤੀਆਂ ਵਿੱਚ ਭਾਈ-ਭਤੀਜਾਵਾਦ ਚੱਲਦਾ ਰਿਹਾ ਅਤੇ ਵਿਧਾਨ ਸਭਾ ਸਪੀਕਰਰਾਣਾ ਕੇਪੀ ਸਿੰਘ ਸਾਬਕਾ ਦੇ ਨਾਲ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਾਬਕਾ ਡਿਪਟੀ ਸਪੀਕਰਅਜਾਇਬ ਸਿੰਘ ਭੱਟੀ ਤੇ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਆਪਣੇ ਚਹੇਤਿਆਂ ਨੂੰ ਵਿਧਾਨ ਸਭਾ ਦੀਨੌਕਰੀ ਦਿਵਾਈਤੇ ਹੋਣਹਾਰ ਅਤੇ ਕਾਬਲ ਨੌਜਵਾਨਾਂ ਤੋਂ ਰੋਜ਼ਗਾਰ ਦਾ ਮੌਕਾ ਖੁੱਸ ਗਿਆ ਸੀ। ਆਪਣੇ ਪੱਤਰ ਵਿੱਚ ਉਨ੍ਹਾਂ ਕਿਹਾ ਇਸ ਭਰਤੀ ਵਿੱਚ ਕੋਈ ਰਾਖਵਾਂਕਰਨ ਵੀ ਨਹੀਂਦਿੱਤਾ ਗਿਆ, ਸਿਰਫ ਆਪਣੇ ਚਹੇਤਿਆਂ ਨੂੰ ਭਰਤੀ ਕਰਨ ਲਈ ਕੁਝ ਅਸਾਮੀਆਂ ਦਾ ਰਾਖਵਾਂਕਰਨ ਦੇ ਕੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਸੀ। ਉਨ੍ਹਾਂ ਕਿਹਾ ਹੈ ਕਿ ਆਪਣੀ ਮਿਆਦ ਦੌਰਾਨ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਵੱਲੋਂ ਬਣਾਈ ਭਰਤੀ ਕਮੇਟੀ ਦੇ ਮੈਂਬਰਾਂ ਨੇ ਵੀ ਆਪਣੇ ਰਿਸ਼ਤੇਦਾਰ ਗਲਤ ਢੰਗ ਨਾਲ ਵਿਧਾਨ ਸਭਾ ਵਿੱਚ ਭਰਤੀ ਕਰਵਾਏ ਸਨ ਤੇ ਉਹ ਭਰਤੀ ਘੁਟਾਲੇ ਵਿੱਚ ਬਰਾਬਰ ਦੋਸ਼ੀ ਹਨ।ਉਨ੍ਹਾਂ ਕਿਹਾ ਕਿ ਇਸ ਵੱਡੇ ਘਪਲੇ ਬਾਰੇ ਮੈਂ ਮੀਡੀਆ ਵਿੱਚ ਗਿਆ ਸੀ। ਸਪੀਕਰ ਨੂੰ ਲਿਖੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਇਸ ਭਰਤੀ ਘੁਟਾਲੇ ਦੀ ਉੱਚ ਪੱਧਰੀ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ, ਜਿਸ ਨਾਲ ਰੁਜ਼ਗਾਰ ਤੋਂ ਖੁੰਝੇ ਨੌਜਵਾਨਾਂ ਨੂੰ ਇਨਸਾਫ ਮਿਲ ਸਕੇ।ਦੂਸਰੇ ਪਾਸੇ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਨੇ ਨਾਜਾਇਜ਼ ਭਰਤੀ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

# ਮਨਜੀਤ ਸਿੰਘ ਜੀ ਕੇ ਵੱਲੋਂ ਦੋਸ਼: ਸੱਜਣ ਕੁਮਾਰ ਨੂੰ ਜੇਲ੍ਹ ਤੋਂ ਛੁੱਟਣ ਦਾ ਰਾਹ ਦਿੱਲੀ ਗੁਰਦੁਆਰਾ ਕਮੇਟੀ ਨੇ ਦਿੱਤੇ

ਨਵੀਂ ਦਿੱਲੀ, 28 ਅਪਰੈਲ, (ਪੋਸਟ ਬਿਊਰੋ)- ਸਾਲ 1984 ਵਿੱਚ ਓਦੋਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖ ਕਤਲੇਆਮ ਮੌਕੇ 2 ਸਿੱਖਾਂ ਨੂੰ ਜਿਊਂਦੇ ਸਾੜ ਕੇ ਮਾਰ ਦੇਣਬਾਰੇ ਥਾਣਾ ਸਰਸਵਤੀ ਵਿਹਾਰ ਵਿਖੇ ਦਰਜ ਸ਼ਿਕਾਇਤ ਨੰਬਰ 458/91 ਵਿੱਚਦੋਸ਼ੀ ਅਤੇ ਕਾਂਗਰਸ ਦੇ ਸਾਬਕਾਪਾਰਲੀਮੈਂਟ ਮੈਂਬਰ ਸੱਜਣ ਕੁਮਾਰ ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਕੋਰਟ ਤੋਂ ਚੁੱਪ-ਚੁਪੀਤੇ ਪੱਕੀ ਜ਼ਮਾਨਤ ਮਿਲਣ ਨਾਲ ਸਿਆਸਤ ਭਖ ਗਈ ਹੈ। ਇਸ ਸੰਬੰਧ ਵਿੱਚ ਜਾਗੋ ਪਾਰਟੀ ਦੇ ਮੋਢੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦਿੱਲੀਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਨੂੰ ਪੁੱਛਿਆ ਹੈ ਕਿ ਤੁਸੀਂ ਜੇਲ੍ਹ ਕਰਨ ਲਈ ਹੋ ਜਾਂ ਕੌਮ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ? ਉਨ੍ਹਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਮੇਰੇ ਹਟਣ ਤੋਂ ਬਾਅਦ ਤ੍ਰਿਲੋਕਪੁਰੀ ਕਤਲੇਆਮ ਦੇ 88 ਕਾਤਲਾਂ ਨੂੰ ਤੁਸੀਂ ਜ਼ਮਾਨਤਾਂ ਕਿਉਂ ਲੈਣ ਦਿੱਤੀਆਂ? ਇਸ ਕੇਸ ਦੇ ਵੱਡੇ ਮਗਰਮੱਛ ਸੱਜਣ ਕੁਮਾਰ ਦੀ ਜ਼ਮਾਨਤ ਦਾ ਤੁਹਾਡੇ ਵਕੀਲ ਨੇ ਪੇਸ਼ ਹੋ ਕੇ ਵਿਰੋਧ ਕਿਉਂ ਨਾ ਕੀਤਾ? ਕੀ ਸੱਜਣ ਕੁਮਾਰ ਨੂੰ ਫਰਲੋ ਦਿਵਾਉਣ ਲਈ ਤੁਹਾਡੀ ਡੀਲ ਹੋਈ ਹੈ, ਕਿਉਂਕਿ ਉਸ ਨੂੰ ਇਹ ਜ਼ਮਾਨਤ ਮਿਲਣ ਦੇ ਨਾਲ ਫਰਲੋ ਮਿਲਣ ਦੀ ਰੁਕਾਵਟ ਵੀ ਹਟ ਗਈ ਹੈ।
ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਇਸ ਬਾਰੇ 22 ਫਰਵਰੀ, 9 ਮਾਰਚ, 29 ਮਾਰਚ, 19 ਅਪਰੈਲ ਅਤੇ 27



ਅਪਰੈਲ ਨੂੰ ਸ਼ਿਕਾਇਤ ਕਰਤਾ ਦੇ ਵਕੀਲ ਗੁਰਬਖਸ਼ ਸਿੰਘ ਪੇਸ਼ ਨਹੀਂ ਹੋਏ ਤੇ ਨਾ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਦੀ ਹਾਜ਼ਰੀ ਲੱਗੀ। ਜੁਰਮ ਦੀਆਂ ਧਾਰਾਵਾਂ ਤੈਅ ਕਰਨ ਦੇ ਬਾਵਜੂਦ ਪੱਕੀ ਜ਼ਮਾਨਤ ਦੇਣ ਵਾਲੇ ਜੱਜ ਐੱਮ ਕੇ ਨਾਗਪਾਲ ਦੀ ਅਦਾਲਤ ਦੇ 27 ਅਪਰੈਲ ਦੇ 29 ਸਫਿਆਂ ਦੇ ਫੈਸਲੇ ਵਿੱਚਸ਼ਿਕਾਇਤ ਕਰਤਾ ਦੇ ਵਕੀਲ ਦੀ ਪੇਸ਼ੀ ਅਤੇ ਦਲੀਲਾਂ ਦਾ ਜ਼ਿਕਰ ਨਹੀਂ, ਜਦਕਿ ਮੇਰੀ ਪ੍ਰਧਾਨਗੀ ਸਮੇਂ ਤੱਕ ਲਗਾਤਾਰ ਦਿੱਲੀ ਕਮੇਟੀ ਦੇ ਵਕੀਲ ਪੀੜਤਾਂਵੱਲੋਂ ਕੋਰਟ ਵਿੱਚਜਾਂਦੇ ਸਨ। ਕੀ ਇਹ ਜ਼ਮਾਨਤ ਫਿਕਸਿੰਗ ਦਾ ਕੇਸ ਹੈ, ਕਿਉਂਕਿ ਅਦਾਲਤ ਦੇ ਹੁਕਮ ਤੋਂ ਪਤਾ ਲੱਗਾ ਹੈ ਕਿ ਸੱਜਣ ਕੁਮਾਰ ਨੂੰ ਇਹ ਜ਼ਮਾਨਤ ਫਰਲੋ ਲੈਣ ਲਈ ਜ਼ਰੂਰੀ ਸੀ।ਸਾਲ 2018 ਤੋਂ ਜੇਲ੍ਹ ਵਿੱਚ ਬੰਦ ਸੱਜਣ ਕੁਮਾਰ ਇਸ ਜ਼ਮਾਨਤ ਪਿੱਛੋਂ ਕਿਸੇ ਵੇਲੇ ਵੀ ਦਿੱਲੀ ਸਰਕਾਰ ਕੋਲ ਫਰਲੋ ਦੀ ਅਰਜ਼ੀ ਲਾ ਸਕਦਾ ਹੈ ਤੇ ਹੋ ਸਕਦਾ ਹੈ ਕਿ ਕੁਝ ਦਿਨਾਂ ਦੀ ਫਰਲੋ ਲੈ ਕੇ ਜੇਲ੍ਹ ਤੋਂ ਬਾਹਰ ਨਿਕਲ ਆਵੇ। ਇਹ ਸਿੱਧੇ ਤੌਰ ਉੱਤੇ ਉਸ ਨੂੰ ਜੇਲ੍ਹ ਤੋਂ ਨਿਕਲਣ ਦਾ ਰਾਹ ਦੇਣ ਵਾਂਗ ਹੈ।
ਵਰਣਨ ਯੋਗ ਹੈ ਕਿ ਨਵੰਬਰ 1984 ਵਿੱਚ ਨੇਤਾਜੀ ਸੁਭਾਸ਼ ਪਲੇਸ ਇਲਾਕੇ ਵਿਚਲੇ ਪਿਉ-ਪੁੱਤਰ ਜਸਵੰਤ ਸਿੰਘ ਤੇ ਤਰੁਣਦੀਪ ਸਿੰਘ ਦੇ ਕਤਲ ਕੇਸਵਿੱਚ ਭੀੜ ਭੜਕਾਉਣ ਦਾ ਦੋਸ਼ ਓਦੋਂ ਕਾਂਗਰਸੀ ਪਾਰਲੀਮੈਂਟ ਮੈਂਬਰ ਸੱਜਣ ਕੁਮਾਰ ਉੱਤੇ ਲੱਗਾ ਸੀ ਅਤੇ ਸਾਲ1991 ਵਿੱਚ ਇਸ ਕੇਸਵਿੱਚ ਜਾਂਚ ਕਮਿਸ਼ਨ ਦੇ ਆਦੇਸ਼ ਉੱਤੇਕੇਸ ਦਰਜ ਹੋਇਆ ਸੀ, ਪਰ ਕਾਂਗਰਸ ਸਰਕਾਰ ਦੌਰਾਨ ਸੱਜਣ ਕੁਮਾਰ ਦੇ ਖਿਲਾਫ ਕਾਰਵਾਈ ਢਿੱਲੀ ਚੱਲੀ ਸੀ। ਨਰਿੰਦਰ ਮੋਦੀ ਸਰਕਾਰ ਬਣਨ ਉੱਤੇ 2014 ਵਿੱਚ ਕੇਂਦਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ)ਮੂਹਰੇਦਿੱਲੀਗੁਰਦੁਆਰਾ ਕਮੇਟੀ ਦੇ ਓਦੋਂ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇਵੱਲੋਂਰੱਖੇਕੇਸਵਿੱਚ ਇਹ ਕੇਸ ਵੀ ਸੀ ਅਤੇ 2016 ਵਿੱਚ ਐੱਸ ਆਈ ਟੀ ਨੇ ਪੀੜਤਾਂ ਦੇ ਬਿਆਨ ਲਿਖ ਕੇ ਮੁੜ ਜਾਂਚ ਆਰੰਭੀ ਸੀ। ਮਨਜੀਤ ਸਿੰਘਜੀ ਕੇਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਦਿੱਲੀ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਛੱਡਣ ਪਿੱਛੋਂ 19 ਦਸੰਬਰ 2021 ਨੂੰ ਦਿੱਲੀ ਕਮੇਟੀ ਦੇ ਜਨਰਲ ਸੈਕਟਰੀ ਹਰਮੀਤ ਸਿੰਘ ਕਾਲਕਾ ਤੇ ਲੀਗਲ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਨੇ ਬਿਆਨ ਜਾਰੀ ਕਰ ਕੇਕਿਹਾ ਸੀ ਕਿ ਸੱਜਣ ਕੁਮਾਰ ਨੂੰ ਇਸ ਕੇਸ ਵਿੱਚ ਸਜ਼ਾ ਹੋਣੀ ਤੈਅ ਹੈ, ਪਰ ਸਜ਼ਾ ਮਿਲਣ ਦੀ ਥਾਂਸੱਜਣ ਕੁਮਾਰ ਇਸ ਕੇਸਵਿੱਚ ਜ਼ਮਾਨਤ ਲੈ ਗਿਆ ਹੈ।

# ਨੈਨੋਜ਼ ਸਰਵੇਖਣ ਵਿੱਚ ਕੰਜ਼ਰਵੇਟਿਵਾਂ ਨੇ ਹਾਸਲ ਕੀਤੀ ਲੀਡ

...ਪੰਨਾ 1 ਦਾ ਬਾਕੀ

ਗ੍ਰੀਨ ਪਾਰਟੀ ਦੇ ਸਮਰਥਨ ਵਿੱਚ 0.7 ਫੀ ਸਦੀ ਦਾ ਮਾਮੂਲੀ ਵਾਧਾ ਰਿਕਾਰਡ ਕੀਤਾ ਗਿਆ ਹੈ ਤੇ ਇਸ ਸਮੇਂ ਪਾਰਟੀ 5.5 ਫੀ ਸਦੀ ਸਮਰਥਨ ਹਾਸਲ ਕਰ ਰਹੀ ਹੈ। ਬਲਾਕ ਕਿਊਬਿਕੁਆ ਨੂੰ 5.4 ਫੀ ਸਦੀ ਤੇ ਪੀਪਲਜ਼ ਪਾਰਟੀ ਨੂੰ 3.4 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ।
ਪੋਲਸਟਰ ਨਿੱਕ ਨੈਨੋਜ਼ ਨੇ ਆਖਿਆ ਕਿ ਇੱਥੇ ਸੱਭ ਤੋਂ ਜ਼ਿਆਦਾ ਫਾਇਦਾ ਕੰਜ਼ਰਵੇਟਿਵਾਂ ਨੂੰ ਹੋਇਆ ਹੈ। ਨੈਨੋਜ਼ ਨੇ ਆਖਿਆ ਕਿ ਆਖਰੀ ਵਾਰੀ ਕੰਜ਼ਰਵੇਟਿਵਾਂ ਨੂੰ ਇਸ ਤਰ੍ਹਾਂ ਦਾ ਸਕਾਰਾਤਮਕ ਸਮਰਥਨ ਉਸ ਸਮੇਂ ਹਾਸਲ ਹੋਇਆ ਸੀ ਜਦੋਂ ਐਰਿਨ ਓਟੂਲ ਪਾਰਟੀ ਦੇ ਲੀਡਰ ਸਨ।ਇਸ ਸਮੇਂ ਕੰਜ਼ਰਵੇਟਿਵ ਪਾਰਟੀ ਨਵਾਂ ਆਗੂ ਚੁਣਨ ਦੀ ਪ੍ਰਕਿਰਿਆ ਵਿੱਚੋਂ ਲੰਘ ਰਹੀ ਹੈ। ਨੈਨੋ ਦਾ ਕਹਿਣਾ ਹੈ ਕਿ ਆਗੂ ਵਾਲੀਆਂ ਪਾਰਟੀਆਂ ਨਾਲੋਂ ਬਿਨਾਂ ਆਗੂ ਵਾਲੀਆਂ ਪਾਰਟੀਆਂ ਜ਼ਿਆਦਾ ਹਰਮਨਪਿਆਰੀਆਂ ਹੋ ਜਾਂਦੀਆਂ ਹਨ।

# ਸ਼ਰੀਫ਼ ਤੇ ਉਨ੍ਹਾਂ ਦੇ ਬੇਟੇ ਹਮਜ਼ਾ ਵਿਰੁੱਧ 1400 ਕਰੋੜ ਦਾ ਮਨੀ ਲਾਂਡਰਿੰਗ ਦਾ ਕੇਸ ਉੱਭਰਿਆ

*ਅਦਾਲਤ ਵੱਲੋਂ ਚਾਰਜਸ਼ੀਟ ਲਾਗੂ ਕਰਨ ਦਾ ਹੁਕਮ

ਇਸਲਾਮਾਬਾਦ, 28 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੀ ਕੇਂਦਰੀ ਜਾਂਚ ਏਜੰਸੀ (ਐੱਫਆਈਏ) ਦੀ ਵਿਸ਼ੇਸ਼ ਅਦਾਲਤ ਨੇ ਹੁਕਮ ਕੀਤਾ ਹੈ ਕਿਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਪੁੱਤਰ ਅਤੇ ਪੰਜਾਬ ਦੇ ਮੁੱਖ ਮੰਤਰੀ ਹਮਜ਼ਾ ਸ਼ਾਹਬਾਜ਼ ਖਿਲਾਫ ਮਨੀ ਲਾਂਡਰਿੰਗ ਕੇਸਵਿੱਚ ਚਾਰਜਸ਼ੀਟਛੇਤੀ ਦਾਇਰ ਹੋਵੇਗੀ।ਲੋਕਲ ਮੀਡੀਆ ਦੇ ਅਨੁਸਾਰ ਅਦਾਲਤ ਨੇ ਇਸ ਮਹੀਨੇ ਦੇ ਸ਼ੁਰੂਵਿੱਚ ਇਸਕੇਸਵਿੱਚ ਦੋਵਾਂ ਨੇਤਾਵਾਂ ਨੂੰ ਚਾਰਜ ਕਰਨਾ ਸੀ, ਪਰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਗੈਰਹਾਜ਼ਰੀ ਕਾਰਨ ਪ੍ਰਕਿਰਿਆ ਵਿੱਚ ਦੇਰੀ ਹੋ ਗਈ ਸੀ।
ਵਰਣਨ ਯੋਗ ਹੈ ਕਿ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੇ ਬੁੱਧਵਾਰ ਅਦਾਲਤ ਵਿੱਚ ਪੇਸ਼ ਹੋਣਾ ਸੀ, ਪਰ ਨਹੀਂ ਹੋਏ, ਜਿਸ ਪਿੱਛੋਂ ਅਦਾਲਤ ਨੇ ਆਪਣੇ ਹੁਕਮ ਵਿੱਚ ਉਨ੍ਹਾਂ ਤੇ ਹਮਜ਼ਾ ਸ਼ਾਹਬਾਜ਼ ਸਮੇਤ ਸਾਰੇ ਸ਼ੱਕੀ ਦੋਸ਼ੀਆਂ ਨੂੰ 14 ਮਈ ਨੂੰ ਸੰਮਨ ਕੀਤਾ ਹੈ। ਅਦਾਲਤ ਅਗਲੀ ਸੁਣਵਾਈ ਉੱਤੇ ਦੋਵਾਂ ਦੇ ਦੋਸ਼ ਤੈਅ ਕਰੇਗੀ।ਇਹ ਉਦੋਂ ਹੋਇਆ, ਜਦੋਂ ਸ਼ਹਿਬਾਜ਼ ਸ਼ਰੀਫ ਦੇ ਵਕੀਲ ਨੇ ਅਦਾਲਤ ਨੂੰ ਪ੍ਰਧਾਨ ਮੰਤਰੀ ਦੀ ਕੈਬਨਿਟ ਮੀਟਿੰਗਬਾਰੇ ਦੱਸ ਕੇ ਸੁਣਵਾਈ ਵਿੱਚ ਸ਼ਾਮਲ ਨਾ ਆਉਣਬਾਰੇ ਕਿਹਾ ਅਤੇ ਇਸ ਪਿੱਛੋਂ ਅਦਾਲਤ ਨੇ ਸੁਣਵਾਈ 14 ਮਈ ਤੱਕ ਮੁਲਤਵੀ ਕਰ ਦਿੱਤੀ ਸੀ।
ਸ਼ਾਹਬਾਜ਼ ਸ਼ਰੀਫ ਅਤੇ ਉਨ੍ਹਾਂ ਦੇ ਪੁੱਤਰਾਂ ਹਮਜ਼ਾ ਤੇ ਸੁਲੇਮਾਨ ਖਿਲਾਫ1400 ਕਰੋੜ ਦੀ ਬੇਨਾਮੀ ਜਾਇਦਾਦ ਦਾ ਇਹ ਕੇਸ ਨਵੰਬਰ 2020 ਤੋਂ ਚੱਲਦਾ ਹੈ ਅਤੇ ਇਸ ਵਿੱਚ ਐੱਫਆਈਏ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤੇ ਐਂਟੀ ਮਨੀ ਲਾਂਡਰਿੰਗ ਐਕਟ ਦੀ ਸ਼ਿਕਾਇਤ ਦਰਜ ਕੀਤੀ ਹੈ। ਸ਼ਾਹਬਾਜ਼ ਦਾ ਇੱਕ ਪੁੱਤਰ ਸੁਲੇਮਾਨ ਫਰਾਰ ਹੈ ਅਤੇ ਬ੍ਰਿਟੇਨ ਚਲਾਸੁਣੀਂਦਾ ਹੈ। ਸ਼ਾਹਬਾਜ਼ ਪਰਿਵਾਰ ਉੱਤੇ 28 ਬੇਨਾਮੀ ਖਾਤੇ ਰੱਖਣ ਦੇਦੋਸ਼ ਨਾਲ 1400 ਕਰੋੜ ਪਾਕਿਸਤਾਨੀ ਰੁਪਏ ਦੀ ਰਕਮ ਦੀ ਮਨੀ ਲਾਂਡਰਿੰਗ ਲਈ ਐੱਫਆਈਏ ਨੇ ਕਈ ਸਾਲਾਂ ਤੋਂ ਅੰਦਰੂਨੀ ਜਾਂਚ ਜਾਰੀ ਰੱਖੀ ਹੋਈ ਸੀ।

# ਡੇਰਾ ਮੁਖੀ ਦੀ ਗ੍ਰਿਫਤਾਰੀ ਵੇਲੇ ਹੋਏ ਦੰਗੇ ਦੇ ਦੋਸ਼ੀਆਂ ਦੀ ਸੂਚਨਾ ਦੇਣ ਵਾਲੇ ਨੂੰ ਜਾਨੋਂ ਮਾਰਨ ਦੀ ਧਮਕੀ

ਕੈਥਲ (ਹਰਿਆਣਾ), 28 ਅਪਰੈਲ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਗ੍ਰਿਫਤਾਰੀ ਹੋਣ ਵੇਲੇ 25 ਅਗਸਤ 2017 ਨੂੰ ਦੰਗਾ ਕਰਨ ਵਾਲਿਆਂ ਦੀਆਂ ਫੋਟੋ ਅਤੇ ਐਡਿਆਂ ਬਾਰੇਪੁਲਿਸ ਤੱਕ ਸੂਚਨਾ ਪੁਚਾਉਣ ਵਾਲੇ ਇੱਕ ਨੌਜਵਾਨ ਨੂੰ ਜਾਨੋਂ ਮਾਰਨ ਦੀ ਧਮਕੀ ਮਿਲ ਰਹੀ ਹੈ।
ਪਿੰਡ ਭੂਸਲਾ ਦੇ ਅਵਤਾਰ ਸਿੰਘ ਨੇ ਜਾਜਨਪੁਰ ਪਿੰਡ ਦੇ ਗੁਰਮੁਖ ਸਿੰਘ ਉੱਤੇ ਏਕੇ-47 ਰਾਈਫਲ ਨਾਲ ਜਾਨੋਂ ਮਾਰ ਦੇਣ ਦੀ ਧਮਕੀ ਦੇਣ ਦੇ ਦੋਸ਼ ਲਾਏ ਹਨ।ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਅਵਤਾਰ ਸਿੰਘ ਨੇ 23 ਅਪਰੈਲ ਨੂੰ ਹਰਿਆਣਾ ਦੇ ਮੁੱਖ ਮੰਤਰੀ ਤੱਕ ਸ਼ਿਕਾਇਤ ਪੁਚਾਉਣ ਵਾਲੀ 'ਸੀ ਐੱਮ ਵਿੰਡੋ' ਵਿੱਚਦੋਸ਼ੀ ਦੇ ਖਿਲਾਫ ਸ਼ਿਕਾਇਤ ਦਿੱਤੀ ਸੀ ਅਤੇ ਚੀਕਾ ਥਾਣੇ ਵਿੱਚਕੇਸ ਦਰਜ ਕਰਵਾਇਆ ਸੀ। ਇਸ ਸ਼ਿਕਾਇਤ ਵਿੱਚ ਉਸ ਨੇਕਿਹਾ ਸੀ ਕਿ 23 ਅਪਰੈਲ ਨੂੰ ਦੁਪਹਿਰ ਵਾਈ ਵਜੇ ਉਸ ਨੂੰ ਇੱਕ ਫੋਨ ਆਇਆ ਤਾਂ ਫੋਨ ਕਰਨ ਵਾਲੇ ਨੇ ਖੁਦ ਨੂੰ ਜਾਜਨਪੁਰ ਦਾ ਵਾਸੀ ਗੁਰਮੁਖ ਸਿੰਘ ਦੱਸ ਕੇ ਕਿਹਾ ਕਿ ਉਸ ਦੇ ਘਰ ਏਕੇ-47 ਰੱਖੀ ਹੈ। ਉਸ ਨੇ ਖੁਦ ਨੂੰ ਵੱਡਾ ਬਦਮਾਸ਼ ਦੱਸ ਕੇ ਕਿਹਾ ਕਿ ਮੈਂ



ਅਜਿਹਾ ਕੰਮ ਕਰਾਂਗਾ ਕਿ ਜ਼ਿੰਦਗੀ ਭਰ ਯਾਦ ਰੱਖੇਂਗਾ।ਇਹ ਵੀ ਕਿਹਾ ਕਿ ਮੈਂ ਕਿਸੇ ਥਾਣੇ ਵਿੱਚ ਜਾ ਕੇ ਉਸਦਾ ਪਤਾ ਕਰ ਲਵਾਂ।ਅਵਤਾਰ ਸਿੰਘ ਨੇ ਦੱਸਿਆ ਕਿ ਕੈਥਲ ਵਿੱਚ ਯੂਥ ਵੈੱਲਫੇਅਰ ਫੈੱਡਰੇਸ਼ਨ ਨਾਂ ਦੀ ਸੰਸਥਾ ਹੈ। ਇਸੇ ਸੰਸਥਾ ਦੇ ਮਹਿਲਾ ਵਿੰਗ ਦਾ ਨਾਂ ਯੂਥ ਵੀਰਾਂਗਨਾ ਹੈ। ਦੋਵੇਂ ਸੰਸਥਾਵਾਂ ਡੇਰਾ ਸੱਚਾ ਸੌਦਾ ਸਿਰਸਾ ਦੀਆਂ ਸਹਿਯੋਗੀ ਹਨ। 25 ਅਗਸਤ 2017 ਨੂੰ ਪੰਚਕੂਲਾ ਅਤੇ ਸਿਰਸਾ ਵਿੱਚ ਕਈ ਲੋਕ ਮਾਰੇ ਗਏ ਤੇ ਇਸ ਤੋਂ ਪਹਿਲਾਂ 2015 ਵਿੱਚ ਪੰਜਾਬ ਵਿੱਚਸਿੱਖ ਧਰਮ ਦੇ ਮੁੱਦੇ ਉੱਤੇ ਕਤਲ ਹੋਏ ਸਨ। ਇਨ੍ਹਾਂ ਕੇਸਾਂ ਵਿੱਚ ਯੂਥ ਵੈੱਲਫੇਅਰ ਫੈੱਡਰੇਸ਼ਨ ਤੇ ਯੂਥ ਵੀਰਾਂਗਨਾ ਦੇ ਅਹੁਦੇਦਾਰਾਂ ਦਾ ਨਾਂ ਆਉਂਦਾ ਹੈ।ਇਸ ਕੇਸ ਦੇ ਜਾਂਚ ਅਧਿਕਾਰੀ ਐੱਸਆਈ ਰਾਮਬੀਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਦੋਸ਼ੀ ਗੁਰਮੁਖ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ ਤੇ ਇਸ ਦੀ ਜਾਂਚ ਕੀਤੀ ਜਾ ਰਹੀ ਹੈ।


NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਕੀ ਚੋਣਾਵੀ ਜਿੱਤ ਦਾ ਸੂਤਰਧਾਰ ਹੈ 2022 ਉਂਟੇਰੀਓ ਬੱਜਟ?

ਕੱਲ ਰੀਲੀਜ਼ ਕੀਤੇ ਗਏ ਬੱਜਟ ਵਿੱਚ ਡੱਗ ਫੋਰਡ ਸਰਕਾਰ ਨੇ ਇਹ ਯਕੀਨੀ ਬਣਾਉਣ ਵਿੱਚ ਕਸਰ ਬਾਕੀ ਨਹੀਂ ਛੱਡੀ ਕਿ 2 ਜੂਨ ਨੂੰ ਚੋਣਾਂ ਦੇ ਦਿਨ ਸਫ਼ਲਤਾ ਨੂੰ ਹੋਰ ਪੱਕੇ ਪੈਰੀਂ ਕਰ ਲਵੇ। 19.9 ਬਿਲੀਅਨ ਡਾਲਰ ਘਾਟੇ ਵਾਲੇ ਇਸ ਪ੍ਰਸਤਾਵਿਤ ਬੱਜਟ ਵਿੱਚ ਅਜਿਹੇ ਕਈ ਮਹਿਰਲਿਆਂ ਨੂੰ ਛੋਹਿਆ ਗਿਆ ਹੈ ਜਿਹਨਾਂ ਨਾਲ ਆਮ ਉਂਟੇਰੀਓ ਵਾਸੀ ਆਪਣੀਆਂ ਲੋੜਾਂ ਨੂੰ ਪੂਰਾ ਹੁੰਦਾ ਵੇਖ ਸਕਦਾ ਹੈ ਜਾਂ ਆਪਣੀਆਂ ਲੋੜਾਂ ਦੇ ਪੂਰਾ ਹੋਣ ਦੀ ਉਮੀਦ ਦਿਲ ਵਿੱਚ ਰੱਖ ਸਕਦਾ ਹੈ। ਜਦੋਂ ਚੋਣਾਂ ਮਹਿਜ਼ ਇੱਕ ਮਹੀਨਾ ਦੂਰ ਹੋਣ ਤਾਂ ਕੋਈ ਵੀ ਸਿਆਸੀ ਸਰਕਾਰ ਅਜਿਹਾ ਹੀ ਕਰਨ ਦੀ ਕੋਸ਼ਿਸ਼ ਕਰੇਗੀ ਜੋ ਫੋਰਡ ਸਰਕਾਰ ਨੇ ਕੀਤਾ ਹੈ। ਕਿਉਂਕਿ ਡੱਗ ਫੋਰਡ ਸਰਕਾਰ ਹੁਣ ਤੱਕ ਆਏ ਚੋਣਾਵੀ ਕਿਆਸਿਆਂ ਵਿੱਚ ਅੱਗੇ ਚੱਲ ਰਹੀ ਹੈ ਤਾਂ ਇਸਦੇ ਨਵੇਂ ਬੱਜਟ ਵਿੱਚ ਆਸਵੰਦ ਝਲਕਾਂ ਮਾਰਨਾ ਹੋਰ ਵੀ ਸੁਭਾਵਿਕ ਹੈ।

ਹਾਈਵੇਅ ਸੜਕਾਂ ਉੱਤੇ ਧਿਆਨ ਕੇਂਦਰਿਤ ਕਰਨਾ ਫੋਰਡ ਸਰਕਾਰ ਦਾ ਮੁੱਖ ਕੰਮ ਰਿਹਾ ਹੈ ਬੇਸ਼ੱਕ ਕਈ ਪਾਸਿਆਂ ਤੋਂ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ ਹੈ। ਨਵੇਂ ਬੱਜਟ ਵਿੱਚ ਅਗਲੇ ਦਸ ਸਾਲਾਂ ਵਿੱਚ ਸੜਕਾਂ ਖਾਸ ਕਰਕੇ ਹਾਈਵੇਅ ਸਮੇਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ 158.8 ਬਿਲੀਅਨ ਡਾਲਰ ਨਿਰਧਾਰਤ ਕਰਨ ਦੀ ਗੱਲ ਆਖੀ ਗਈ ਹੈ। ਜੇ ਇਹ ਵਾਅਦਾ ਪੂਰਾ ਹੁੰਦਾ ਹੈ ਤਾਂ ਉਂਟੇਰੀਓ ਦੇ ਇਤਿਹਾਸ ਵਿੱਚ ਵੱਡਾ ਮਾਅਰਕਾ ਹੋਵੇਗਾ। ਪੀਲ ਰੀਜਨ ਖਾਸ ਕਰਕੇ ਬਰੈਂਪਟਨ ਵਾਸੀਆਂ ਨੂੰ ਟਰੈਫਿਕ ਦੇ ਜੰਗਲ ਤੋਂ ਰਾਹਤ ਦੁਆਉਣ ਵਾਲੀ 413 ਹਾਈਵੇਅ ਨੂੰ ਬਣਾਉਣ ਦੀ ਗੱਲ ਵੀ ਬੱਜਟ ਵਿੱਚ ਕੀਤੀ ਗਈ ਹੈ।

ਇਵੇਂ ਹੀ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਅਗਲੇ ਦਸ ਸਾਲਾਂ ਵਿੱਚ ਹਸਪਤਾਲਾਂ ਦੇ ਢਾਂਚੇ ਨੂੰ ਸੁਧਾਰਨ ਵਾਸਤੇ 40 ਬਿਲੀਅਨ ਡਾਲਰ ਰੱਖੇ ਜਾਣਗੇ। ਬੱਜਟ ਵਿੱਚ ਸਰਜੀਕਲ ਕੈਪੇਸਿਟੀ ਵਾਲੇ ਬੈੱਡਾਂ ਤੋਂ ਇਲਾਵਾ 3000 ਨਵੇਂ ਹਸਪਤਾਲ ਬੈੱਡਾਂ ਨੂੰ ਹੋਂਦ ਵਿੱਚ ਲਿਆਉਣਾ ਸ਼ਾਮਲ ਹੈ। ਸੀਨੀਅਰਾਂ ਦੀ ਸਿਹਤ ਉੱਤੇ ਹੋਣ ਵਾਲੇ ਖਰਚਿਆਂ ਵਿੱਚ ਰਾਹਤ ਦੇਣ ਲਈ 15% ਸਾਲਾਨਾ ਟੈਕਸ ਕਰੈਡਿਟ ਦੇਣ ਦਾ ਐਲਾਨ ਕੀਤਾ ਗਿਆ ਹੈ। ਭਾਵ ਆਪਣੇ ਘਰ ਰਹਿ ਰਹੇ ਕਿਸੇ ਸੀਨੀਅਰ ਦਾ ਜੇ ਸਿਹਤ ਖਰਚਾ ਸਾਲ ਵਿੱਚ 6000 ਡਾਲਰ ਹੋਵੇਗਾ ਤਾਂ ਉਸਨੂੰ 1500 ਡਾਲਰ ਟੈਕਸ ਕਰੈਡਿਟ ਮਿਲੇਗਾ। 70 ਸਾਲ ਤੋਂ ਵਡੇਰੀ ਉਮਰ ਦੇ ਸਾਰੇ ਸੀਨੀਅਰਾਂ ਨੂੰ ਇਹ ਲਾਭ ਇਸ ਸਾਲ ਤੋਂ ਮਿਲਣਾ ਆਰੰਭ ਹੋਵੇਗਾ। ਇਵੇਂ ਹੀ 55 ਹਜ਼ਾਰ ਡਾਲਰ ਤੋਂ ਘੱਟ ਆਮਦਨ ਵਾਲੇ ਉਂਟੇਰੀਓ ਵਾਸੀਆਂ ਨੂੰ ਰਾਹਤ ਦੇਣ ਲਈ 320 ਮਿਲੀਅਨ ਡਾਲਰ ਰੱਖੇ ਜਾਣਗੇ। ਉਮੀਦ ਹੈ ਕਿ ਔਸਤਨ ਇੱਕ ਵਿਅਕਤੀ ਨੂੰ 300 ਡਾਲਰ ਸਾਲਾਨਾ ਲਾਭ ਹੋਵੇਗਾ।

ਉਂਟੇਰੀਓ ਦੇ ਫਾਨਾਂਸ਼ੀਅਲ ਅਕਾਊਂਟੀਬਿਲਿਟੀ ਆਫਿਸ ਵੱਲੋਂ ਪਿਛਲੇ ਮਹੀਨੇ ਸਰਕਾਰ ਵੱਲੋਂ ਬੱਜਟ ਸਾਵਾਂ ਕਰਨ ਵੱਲ ਕਦਮ ਚੁੱਕਣ ਦੀ ਗੱਲ ਕਰਨ ਵਾਲੀ ਰਿਪੋਰਟ ਜਾਰੀ ਕੀਤੀ ਗਈ ਸੀ। ਪਰ ਬੱਜਟ ਦੇ ਅਗਲੇ 3-4 ਸਾਲ ਸਾਵਾਂ ਹੋਣ ਨਹੀਂ ਜਾਪਦੀ। 198.6 ਬਿਲੀਅਨ ਡਾਲਰ ਦਾ ਇਹ ਬੱਜਟ ਉਂਟੇਰੀਓ ਦੇ ਇਤਿਹਾਸ ਵਿੱਚ ਸੱਭ ਤੋਂ ਵੱਧ ਵੱਡਾ ਹੋਵੇਗਾ। ਕੈਥਲਿਨ ਦੇ ਆਖਰੀ ਬੱਜਟ ਤੋਂ ਤਕਰੀਬਨ 40 ਬਿਲੀਅਨ ਡਾਲਰ ਵੱਧ ਖਰਚੇ ਵਾਲੇ ਇਸ ਬੱਜਟ ਦਾ 38% ਸਿਹਤ ਸੰਭਾਲ (75 ਬਿਲੀਅਨ ਡਾਲਰ), 16% ਸਿੱਖਿਆ ਉੱਤੇ (32.4 ਬਿਲੀਅਨ ਡਾਲਰ) ਖਰਚ ਹੋਵਗਾ। 6.9 ਬਿਲੀਅਨ ਡਾਲਰ ਕੋਵਿਡ 19 ਤੋਂ ਰਾਹਤ ਦੇਣ ਵਾਲੇ ਪ੍ਰੋਗਰਾਮਾਂ ਉੱਤੇ ਖਰਚ ਕੀਤੇ ਜਾਣਗੇ।

ਪਿਛਲੇ ਦਿਨੀਂ ਓਟਾਵਾ ਵਿੱਚ ਟਰੱਕ ਪ੍ਰਦਸ਼ਨਾਂ ਕਾਰਣ ਪਰੈੱਸ ਵਿੱਚ ਪ੍ਰੋਵਿੰਸ਼ੀਅਲ ਸਰਕਾਰ ਨੂੰ ਕਾਫੀ ਨੁਕਤਾਚੀਨੀ ਦਾ ਸਾਹਮਣਾ ਕਰਨਾ ਪਿਆ ਸੀ। ਇਸਦੇ ਬਾਵਜੂਦ ਫੋਰਡ ਸਰਕਾਰ ਦੀ ਹਰਮਨਪਿਆਰਤਾ ਵਿੱਚ ਕੋਈ ਕਮੀ ਨਹੀਂ ਆਈ ਹੈ ਜਿਸਦਾ ਇੱਕ ਕਾਰਣ ਸ਼ਾਇਦ 'ਅੱਖੋਂ ਉਹਲੇ ਜੱਗੋਂ ਉਹਲੇ' ਵਾਲੀ ਗੱਲ ਹੈ। ਸੁਆਲ ਹੈ ਕਿ ਕੀ ਬੱਜਟ ਵਿੱਚ ਦਿੱਤੇ ਗੱਫੇ ਲੋਕਾਂ ਨੂੰ 2 ਜੂਨ ਤੱਕ ਯਾਦ ਰਹਿਣ-ਗੇ? ਫੋਰਡ ਸਰਕਾਰ ਨੂੰ ਤਾਂ ਇਹੀ ਉਮੀਦ ਹੈ।

## ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ ਤੱਕ ਮਹਾਨ ਨਗਰ ਕੀਰਤਨ ਇਸ ਐਤਵਾਰ ਨੂੰ

...ਪੰਨਾ 1 ਦਾ ਬਾਕੀ

ਕੋਵਿਡ 19 ਦੀ ਮਹਾਮਾਰੀ ਤੋਂ ਬਾਅਦ ਇਸ ਨਗਰ ਕੀਰਤਨ ਲਈ ਗ੍ਰੇਟਰ ਟੋਰਾਂਟੋ ਏਰੀਆ ਦੀ ਸੰਗਤ ਵਿਚ ਭਾਰੀ ਉਤਸ਼ਾਹ ਹੈ ਸ੍ਰੀ ਗੁਰੂ ਸਿੰਘ ਸਭਾ ਮਾਲਟਨ ਅਤੇ ਰੈਕਸਡੇਲ ਦੇ ਵਿਚ 427 ਟੱਪਦਿਆਂ ਹੀ ਜੋ ਪੜਾਅ ਲਗਾਇਆ ਜਾਂਦਾ ਹੈ ਤੇ ਉਸ ਤੋਂ ਬਾਅਦ ਸਿੱਖ ਸਪਿਰਚੂਅਲ ਸੈਂਟਰ ਵਿਖੇ ਵੱਡੀ ਤਦਾਦ ਵਿਚ ਟੈਂਟ ਲੱਗੇ ਹੋਣਗੇ। ਪੂਰੇ ਰਾਹ ਵਿਚ ਸੰਗਤਾਂ ਦੇ ਲੰਗਰ ਦੀ ਵਿਸ਼ੇਸ਼ ਸੁਵਿਧਾ ਪ੍ਰਦਾਨ ਕੀਤੀ ਜਾਵੇਗੀ। ਇਸ ਵਾਰ ਇਹ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਦਿਹਾੜੇ ਨੂੰ ਵੀ ਸਮਰਪਿਤ ਕੀਤਾ ਜਾ ਰਿਹਾ ਹੈ।

ਜਿੱਥੇ ਖਾਲਸਾ ਸਾਜਨਾ ਦਿਵਸ ਨੂੰ ਦਰਸਾਉਂਦੀਆਂ ਵੱਖ-ਵੱਖ ਫਲੋਟਸ ਤਿਆਰ ਕੀਤੀਆਂ ਗਈਆਂ ਹਨ ਉਥੇ ਇਕ ਫਲੋਟ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ 400 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹੋਵੇਗੀ। ਸ: ਅਮਰਜੀਤ ਸਿੰਘ ਮਾਨ ਅਤੇ ਸਮੂਹ ਓਂਟਾਰੀਓ ਗੁਰਦੁਆਰਾਜ਼ ਕਮੇਟੀ ਵੱਲੋਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਵੱਧ ਤੋਂ ਵੱਧ ਕੇਸਰੀ ਦਸਤਾਰਾਂ ਅਤੇ ਕੇਸਰੀ ਦੁਪੱਟੇ ਲੈ ਕੇ ਇਸ ਨਗਰ ਕੀਰਤਨ ਵਿੱਚ ਸ਼ਾਮਲ ਹੋਵੋ ਅਤੇ ਖਾਲਸਾ ਸਾਜਨਾ ਦਿਵਸ ਦੇ ਇਸ ਮਹਾਨ ਸਮਾਗਮ ਦੀ ਸ਼ਾਨ ਨੂੰ ਵਧਾਓ। ਉਨ੍ਹਾਂ ਇਹ ਵੀ ਦੱਸਿਆ ਕਿ ਹੰਬਰ ਕਾਲਜ ਦੀ ਪੂਰੀ ਪਾਰਕਿੰਗ ਅਤੇ ਨਾਲ ਦੀ ਨਾਲ ਫਿੰਚ ਉੱਤੇ ਸਥਿਤ Purolator Courier ਦੀ ਬਣੀ ਨਵੀਂ ਬਿਲਡਿੰਗ ਦੀ ਪਾਰਕਿੰਗ ਸੰਗਤਾਂ ਦੇ ਲਈ ਖੋਲ੍ਹੀ ਜਾਵੇਗੀ ਅਤੇ ਕੋਈ ਵੀ ਪ੍ਰਾਣੀ ਆਪਣੀ ਗੱਡੀ ਨੂੰ ਘਾਹ ਉੱਤੇ ਪਾਰਕ ਨਾ ਕਰੇ ਅਤੇ ਅਨੁਸ਼ਾਸਨ ਰੱਖਦਿਆਂ ਇਸ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਜਾਵੇ।

## ਟੂਰਿਸਟ ਵੀਜ਼ੇ 'ਤੇ ਆਏ ਰਾਗੀ ਸਿੰਘ ਨੇ ਵਾਪਸ ਜਾਣ ਤੋਂ ਕੀਤਾ ਇਨਕਾਰ

...ਪੰਨਾ 1 ਦਾ ਬਾਕੀ

ਜਾਣਕਾਰੀ ਮੁਤਾਬਿਕ ਇਹ ਜੱਥਾ ਅਕਤੂਬਰ, 2021 ਵਿਚ 6 ਮਹੀਨੇ ਦੇ ਟੂਰਿਸਟ ਵੀਜਾ ਉਤੇ ਕੈਨੇਡਾ ਵਿਚ ਸਿੱਖ ਸਪਿਰਚੁਅਲ ਸੈਂਟਰ ਟੋਰਾਂਟੋ ਵਿਖੇ ਕੀਰਤਨ ਕਰਨ ਲਈ ਆਇਆ ਸੀ। ਵੀਜਾ ਖਤਮ ਹੋਣ ਤੋਂ ਬਾਅਦ ਗੁਰਦੁਆਰਾ ਪ੍ਰਬੰਧਕੀ ਕਮੇਟੀ ਨੇ ਤਿੰਨਾਂ ਨੂੰ ਬਕਾਇਦਾ ਟੈਕਸੀ ਕਰਕੇ ਵਾਪਸ ਏਅਰਪੋਰਟ ਲਈ ਭੇਜਿਆ। ਭੁਪਿੰਦਰ ਸਿੰਘ ਨੇ ਆਪਣੇ ਦੋ ਸਾਥੀਆਂ ਨੂੰ ਤਾਂ ਜਹਾਜ਼ ਚੜ੍ਹਾ ਦਿੱਤਾ, ਪਰ ਖੁਦ ਵਾਪਸ ਆ ਗਏ। ਜਿਸ ਤੋਂ ਬਾਅਦ ਉਨ੍ਹਾਂ ਨੇ ਆ ਕੇ ਗੁਰਦੁਆਰੇ ਦੀ ਪ੍ਰਬੰਧਕੀ ਕਮੇਟੀ ਨੂੰ ਵੀ ਇਸ ਦੀ ਜਾਣਕਾਰੀ ਨਹੀਂ ਦਿੱਤੀ। ਭੁਪਿੰਦਰ ਸਿੰਘ ਮੁਤਾਬਿਕ ਉਨ੍ਹਾਂ ਨੇ ਪਹਿਲਾਂ ਹੀ ਵਰਕ ਪਰਮਿਟ ਲਈ ਅਪਲਾਈ ਕਰ ਦਿੱਤਾ ਸੀ, ਜੋ ਕਿ ਅਜੇ ਆਇਆ ਨਹੀਂ ਸੀ, ਜਿਸ ਕਰਕੇ ਉਨ੍ਹਾਂ ਨੇ ਇੱਥੇ ਹੀ ਰਹਿਣ ਦਾ ਫੈਸਲਾ ਕੀਤਾ। ਉਥੇ ਹੀ ਰੈਕਸਡੇਲ ਗੁਰੂਘਰ ਦੇ ਕਮੇਟੀ ਮੈਂਬਰਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਪਹਿਲਾਂ ਵਰਕ ਪਰਮਿਟ ਅਪਲਾਈ ਕਰਨ ਸੰਬੰਧੀ ਕੋਈ ਵੀ ਗੱਲ ਉਨ੍ਹਾਂ ਵਿਚਕਾਰ ਨਹੀਂ ਹੋਈ ਸੀ। ਕਮੇਟੀ ਮੈਂਬਰ ਦਾ ਕਹਿਣਾ ਹੈ ਕਿ ਅੱਗੇ ਤੋਂ ਕਿਸੇ ਹੋਰ ਰਾਗੀਆਂ ਉਤੇ ਵਿਸ਼ਵਾਸ ਕਰਨਾ ਮੁਸ਼ਕਿਲ ਹੋ ਗਿਆ ਹੈ।

## ਸਾਂਪਲਾ ਫਿਰਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਬਣੇ

ਚੰਡੀਗੜ੍ਹ, 28 ਅਪ੍ਰੈਲ (ਪੋਸਟ ਬਿਊਰੋ)- ਵਿਜੇ ਸਾਂਪਲਾ ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਫਿਰਅਨੁਸੂਚਿਤ ਜਾਤਾਂ ਲਈ ਰਾਸ਼ਟਰੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕਰ ਦਿੱਤਾ ਹੈ।



1998 ਵਿੱਚ ਜਲੰਧਰ ਛਾਉਣੀ ਵਿੱਚ ਪੈਂਦੇ ਸੋਫੀਪਿੰਡ ਦੇ ਸਰਪੰਚ ਤੋਂ ਸਿਆਸੀ ਸਫ਼ਰ ਸ਼ੁਰੂ ਕਰਨ ਵਾਲੇ ਸਾਂਪਲਾ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਹੋਣ ਦੇ ਨਾਲ ਨਾਲ ਕੇਂਦਰੀ ਮੰਤਰੀ ਰਹਿ ਚੁੱਕੇ ਹਨ। 2001 ਵਿੱਚ ਪੰਜਾਬ ਭਾਜਪਾ ਨੇ ਵਿਜੇ ਸਾਂਪਲਾ ਨੂੰ ਅਨੁਸੂਚਿਤ ਜਾਤੀ ਮੋਰਚੇ ਦਾ ਪ੍ਰਧਾਨ ਬਣਾਇਆ ਅਤੇ 2016 ਵਿੱਚ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਰਹੇ। ਪੰਜਾਬ ਸਰਕਾਰ ਵਿੱਚ ਸਾਂਪਲਾ 2008 ਤੋਂ 2012 ਤਕ ਪੰਜਾਬ ਖਾਦੀ ਬੋਰਡ ਦੇ ਚੇਅਰਮੈਨ ਅਤੇ 2014 ਵਿੱਚ ਪੰਜਾਬ ਰਾਜ ਜੰਗਲਾਤ ਵਿਕਾਸ ਨਿਗਮ ਦੇ ਚੇਅਰਮੈਨ ਰਹੇ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕੈਨੇਡਾ ਵਿੱਚ ਪੀਅਰ ਪੌਲੀਵੇ ਕੈਂਪੇਨ ਵੱਲੋਂ ਸ਼ਮਸ਼ੇਰ ਗਿੱਲ ਨੈਸ਼ਨਲ ਆਊਟਰੀਚ ਕੋਆਰਡੀਨੇਟਰ ਨਿਯੁਕਤ



ਟੋਰਾਂਟੋ ( ਬਲਜਿੰਦਰ ਸੇਖਾ )ਕਨੇਡਾ ਦੀ ਫੈਡਰਲ ਕੰਜ਼ਰਵਟਿਵ ਲੀਡਰਸ਼ਿਪ ਦੇ ਧੜੱਲੇਦਾਰ ਆਗੂ ਸ੍ਰੀ ਪੀਅਰ ਪੌਲੀਵੇ ਕੈਪੇਨ ਟੀਮ ਵੱਲੋਂ ਬਰੈਪਟਨ ਦੇ ਨੌਜਵਾਨ ਤਜਰ-ਬੇਕਾਰ , ਕੂਟਨੀਤਕ ਤੇ ਪੱਤਰਕਾਰ ਸ਼ਮਸ਼ੇਰ ਗਿੱਲ ਨੂੰ ਨੂੰ ਆਪਣਾ ਨੂੰ ਨੈਸਨਲ ਆਊਟਰੀਚ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ ।ਸ੍ਰੀ ਪੀਅਰ ਆਪਣੇ ਵਿਰੋਧੀਆਂ ਤੋਂ ਕਾਫ਼ੀ ਅੱਗੇ ਚੱਲ ਰਹੇ ਹਨ। ਉਹਨਾਂ ਦੀਆਂ ਰੈਲੀਆਂ ਵਿੱਚ ਹਜ਼ਾਰਾਂ ਲੋਕ ਆਪ ਮੁਹਾਰੇ ਉਹਨਾਂ ਨੂੰ ਸੁਣਨ ਪਹੁੰਚ ਰਹੇ ਹਨ।ਵਰਨਣਯੋਗ ਹੈ ਕਿ ਜੇ ਸ੍ਰੀ ਪੀਅਰ ਪੌਲੀਵੇ ਇਹ ਚੋਣ ਜਿੱਤ ਜਾਦੇਂ ਹਨ ਤਾਂ ਉਹਨਾ ਮੁਕਾਬਲਾ ਜਸ੍ਹਟਿਨ ਟਰੂਡੋ ਤੇ ਜਗਮੀਤ ਸਿੰਘ ਨਾਲ ਮੁਕਾਬਲਾ ਹੋਵੇਗਾ ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ 'ਚ ਹੋਈਆਂ ਸਿੱਖ ਵਿਰਾਸਤੀ ਮਹੀਨੇ ਬਾਰੇ ਵਿਚਾਰਾਂ

***ਪੰਜਾਬ ਤੋਂ ਪਰਤੇ ਪ੍ਰੋ. ਤਲਵਿੰਦਰ ਮੰਡ ਤੇ ਡਾ. ਜਗਮੋਹਨ ਸੰਘਾ ਨੇ ਪੰਜਾਬ ਦੇ ਅਜੋਕੇ ਸਿਆਸੀ ਤੇ ਸਮਾਜਿਕ ਹਾਲਾਤ ਬਿਆਨ ਕੀਤੇ * ਰੂਬੀ ਕਰਤਾਰਪੁਰੀ ਦੀ ਪੁਸਤਕ 'ਯਾਦਾਂ' ਹੋਈ ਲੋਕ-ਅਰਪਿਤ, ਕਵੀ-ਦਰਬਾਰ ਵੀ ਹੋਇਆ**

ਬਰੈਂਪਟਨ, (ਡਾ. ਝੰਡ) - ਸੰਸਾਰ-ਭਰ ਵਿਚ ਫ਼ੈਲੀ ਕਰੋਨਾ ਮਹਾਂਮਾਰੀ ਦੇ ਲੰਮੇਂ ਸਮੇਂ ਤੱਕ ਚੱਲੇ ਮਾਰੂ ਅਸਰ ਤੋਂ ਬਾਅਦ ਮਿਲੀ ਰਾਹਤ ਪਿੱਛੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਇਸ ਮਹੀਨੇ ਦਾ ਸਮਾਗ਼ਮ ਮਰੋਕ ਲਾਅ ਆਫ਼ਿਸ ਸਥਿਤ 'ਪੰਜਾਬੀ ਭਵਨ ਟੋਰਾਂਟੋ' ਦੇ ਹਾਲ ਵਿਚ ਲੰਘੇ ਐਤਵਾਰ 17 ਅਪ੍ਰੈਲ ਨੂੰ ਵਿਅੱਕਤੀਗ਼ਤ ਰੂਪ ਵਿਚ ਆਯੋਜਿਤ ਕੀਤਾ ਗਿਆ। ਪਿਛਲੇ ਦੋ ਸਾਲ ਦੌਰਾਨ ਸਭਾ ਦੇ ਇਹ ਸਮਾਗ਼ਮ ਜ਼ੂਮ-ਮਾਧਿਅਮ ਰਾਹੀਂ ਹੀ ਸੰਭਵ ਹੋ ਸਕੇ ਸਨ। ਪ੍ਰਸਿੱਧ ਵਿਦਵਾਨ ਪੂਰਨ ਸਿੰਘ ਪਾਂਧੀ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਕੈਨੇਡਾ ਸਰਕਾਰ ਵੱਲੋਂ ਕਰਾਰ ਦਿੱਤੇ ਗਏ ਅਪ੍ਰੈਲ ਮਹੀਨੇ ਨੂੰ 'ਸਿੱਖ ਹੈਰੀਟੇਜ ਮੰਥ' ਅਤੇ ਅਮੀਰ ਸਿੱਖ ਵਿਰਾ-ਸਤ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਦੌਰਾਨ ਸਭਾ ਦੇ ਸਰਗ਼ਰਮ ਮੈਂਬਰ ਪ੍ਰੋ. ਤਲਵਿੰਦਰ ਮੰਡ ਅਤੇ ਡਾ. ਜਗਮੋਹਨ ਸੰਘਾ ਜੋ ਪਿਛਲੇ ਦਿਨੀਂ ਹੀ ਪੰਜਾਬ ਤੋਂ ਪਰਤੇ ਹਨ, ਵੱਲੋਂ ਪੰਜਾਬ ਵਿਚ ਮਾਰਚ ਮਹੀਨੇ ਨਵੀਂ ਸਰਕਾਰ ਦੇ ਬਣਨ ਤੋਂ ਬਾਅਦ ਬਦਲੇ ਹੋਏ ਸਿਆਸੀ ਅਤੇ ਸਮਾਜਿਕ ਹਾਲਾਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਨੇ ਬੀਤੇ ਦਿਨੀਂ ਸਭਾ ਦੇ ਮੈਂਬਰਾਂ ਸੁਰਿੰਦਰ ਸਿੰਘ ਸੰਧੂ ਤੇ ਜਸਵਿੰਦਰ ਸਿੰਘ ਅਤੇ ਹਰਜਸਪ੍ਰੀਤ ਗਿੱਲ ਦੇ ਪਿਤਾ ਜੀ ਹਰਦਿਆਲ ਸਿੰਘ ਦੇ ਅਚਾਨਕ ਅਕਾਲ-ਚਲਾਣੇ 'ਤੇ ਸ਼ੋਕ-ਮਤਾ ਪੇਸ਼ ਕੀਤਾ ਗਿਆ ਜਿਸ ਨੂੰ ਹਾਜ਼ਰੀਨ ਵੱਲੋਂ ਇਕ ਮਿੰਟ ਦਾ ਮੋਨ ਰੱਖ ਕੇ ਪ੍ਰਵਾਨਗੀ ਦਿੱਤੀ ਗਈ। ਸਮਾਗ਼ਮ ਦੀ ਰੂਪ-ਰੇਖਾ ਬਾਰੇ ਦੱਸਣ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਆਏ ਮਹਿਮਾਨਾਂ ਤੇ ਮੈਂਬਰਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਬਰੈਂਪਟਨ ਦੇ ਪ੍ਰਸਿੱਧ ਵਿਦਵਾਨ ਪੂਰਨ ਸਿੰਘ ਪਾਂਧੀ ਨੂੰ ਸਿੱਖ ਹੈਰੀਟੇਜ ਮੰਥ ਅਤੇ ਸਿੱਖ ਵਿਰਾਸਤ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ 1469 ਈ. ਤੋਂ ਲੈ ਕੇ 1708 ਈ. ਤੱਕ ਦੇ ਗੁਰੂ-ਕਾਲ ਦੇ ਸਮੁੱਚੇ ਇਤਿਹਾਸ ਨੂੰ ਸੀਮਤ ਸਮੇਂ ਵਿਚ 'ਕੁੱਜੇ ਵਿਚ ਸਮੁੰਦਰ' ਵਾਂਗ ਬਿਆਨ ਕੀਤਾ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਦੇ ਮਹਾਨ ਫ਼ਲਸਫ਼ੇ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਅਤੇ ਸਮਾਜਿਕ ਬਰਾਬਰੀ ਦੇ ਸੰਦੇਸ਼ ਨੂੰ ਗੁਰੂ ਸਾਹਿਬ ਨੇ ਆਪਣੀਆਂ ਚਾਰ ਮਹਾਨ ਉਦਾਸੀਆਂ ਦੌਰਾਨ ਚਾਲੀ ਹਜ਼ਾਰ ਮੀਲ ਦਾ ਲੰਮਾ ਸਫ਼ਰ ਪੈਦਲ ਤੈਅ ਕਰਕੇ ਕੇਵਲ ਭਾਰਤ ਹੀ ਨਹੀਂ, ਸਗੋਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਪ੍ਰਚਾਰਿਆ। ਅਗਲੇ ਗੁਰੂ ਸਾਹਿਬਾਨ ਨੇ ਉਨ੍ਹਾਂ ਦੀ ਇਸ ਵਿਰਾਸਤ ਨੂੰ ਅੱਗੇ ਤੋਰਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ-ਪਿਆਰਿਆਂ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਜ਼ਾਤ-ਪਾਤ ਅਤੇ ਊਚ-ਨੀਚ ਨੂੰ ਜੜ੍ਹੋਂ ਖ਼ਤਮ ਕੀਤਾ ਤੇ ਸਮਾਜਿਕ ਬਰਾਬਰੀ ਵਾਲੇ ਸਮਾਜ ਦੀ ਨੀਂਹ ਰੱਖੀ। ਉਨ੍ਹਾਂ ਦੇ ਇਸ ਵਿਚਾਰ ਨੂੰ ਅੱਗੇ ਵਧਾਉਂਦਿਆਂ ਕਰਨ ਅਜਾਇਬ ਸਿੰਘ ਸੰਘਾ ਨੇ ਕਿਹਾ ਕਿ ਪਹਿਲੇ ਨੌਂ ਗੁਰੂ ਸਾ-ਹਬਾਨ ਨੇ ਸਿੱਖ ਧਰਮ ਦੀ ਥਿਊਰੀ ਦਿੱਤੀ ਅਤੇ ਇਸ ਦਾ ਪ੍ਰੈਕਟੀਕਲ ਦਸਵੇਂ ਗੁਰੂ ਗੋਬਿੰਦ ਸਿੰਘ ਨੇ 30 ਮਾਰਚ 1699 ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਚ ਹੋਏ ਕਈ ਹਜ਼ਾਰ ਲੋਕਾਂ ਦੇ ਇਕੱਠ ਵਿਚ 'ਖਾਲਸੇ' ਦੀ ਸਾਜਨਾ ਕਰਕੇ ਵਿਖਾਇਆ। ਉਨ੍ਹਾਂ ਨੇ ਸਿਰਲੱਥ ਧਰਮੀ ਯੋਧਿਆਂ ਦੀ ਖ਼ਾਲਸਾ ਫ਼ੌਜ ਤਿਆਰ ਕੀਤੀ ਜਿਸ ਨੇ ਸਮਾਂ ਪੈਣ 'ਤੇ ਲੱਖਾਂ ਦੀ ਗਿਣਤੀ ਵਿਚ ਦੁਸ਼ਮਣ ਫੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ।

ਪੰਜਾਬ ਤੋਂ ਬੀਤੇ ਦਿਨੀਂ ਪਰਤੇ ਪ੍ਰੋ. ਤਲਵਿੰਦਰ ਮੰਡ ਨੇ ਦੱਸਿਆ ਕਿ ਅਸੈਂਬਲੀ ਚੋਣਾਂ ਤੋਂ ਬਾਅਦ ਬਣੀ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਤੋਂ ਲੋਕ ਬਹੁਤ ਜਲਦੀ ਵੱਡੇ ਬਦਲਾਅ ਦੀ ਆਸ ਰੱਖ ਰਹੇ ਹਨ ਜੋ ਏਨੇ ਥੋੜ੍ਹੇ ਸਮੇਂ ਵਿਚ ਸੰਭਵ ਨਹੀਂ ਹੈ, ਕਿਉਂਕਿ ਆਈ.ਏ.ਐੱਸ. ਤੇ ਆਈ.ਪੀ.ਐੱਸ. ਅਫ਼ਸਰ ਤਾਂ ਓਹੀ ਹੀ ਹਨ ਜਿਨ੍ਹਾਂ ਦੀ ਜ਼ਿੰਮੇਵਾਰੀ ਰਾਜ-ਪ੍ਰਬੰਧ ਨੂੰ ਚਲਾਉਣ ਅਤੇ ਕਾਨੂੰਨੀ ਅਵਸਥਾ ਨੂੰ ਸਹੀ ਰੱਖਣ ਦੀ ਹੈ ਅਤੇ ਜਿੰਨਾਂ ਚਿਰ ਇਨ੍ਹਾਂ ਅਧਿਕਾਰੀਆਂ ਦੀ ਸੋਚ ਵਿਚ ਤਬਦੀਲੀ ਨਹੀਂ ਆਉਂਦੀ, ਓਨਾ ਚਿਰ ਇਹ ਤਬਦੀਲੀ ਸੰਭਵ ਨਹੀ ਹੋ ਸਕਦਾ। ਉਂਜ ਵੀ ਇਸ ਸਰਕਾਰ ਨੂੰ ਆਇਆਂ ਅਜੇ ਤਾਂ ਇਕ ਮਹੀਨਾ ਹੀ ਹੋਇਆ ਹੈ ਅਤੇ ਸਾਨੂੰ ਨੇੜ ਭਵਿੱਖ ਵਿਚ ਇਸ ਤੋਂ ਰਾਜ ਪ੍ਰਬੰਧ ਵਿਚ ਤਬਦੀਲੀ ਦੀ ਆਸ ਰੱਖਣੀ ਚਾਹੀਦੀ ਹੈ। ਅਸੀਂ ਪ੍ਰਦੇਸਾਂ ਵਿਚ ਬੈਠੇ ਪ੍ਰਵਾਸੀ ਪੰਜਾਬ ਦੀ ਖੁਸ਼ਹਾਲੀ ਲਈ ਹਮੇਸ਼ਾ ਦੁਆ ਮੰਗਦੇ ਹਾਂ ਅਤੇ ਇਸ ਦੇ ਲਈ ਯਤਨਸ਼ੀਲ ਵੀ ਹਾਂ, ਪਰ ਉੱਥੇ ਪੂਰੇ ਸਿਸਟਮ ਨੂੰ ਬਦਲਣ ਦੀ ਲੋੜ ਹੈ। ਉਨ੍ਹਾਂ ਦੀ ਇਸ ਗੱਲ ਨੂੰ ਅੱਗੇ ਤੋਰਦਿਆਂ ਡਾ. ਜਗਮੋਹਨ ਸੰਘਾ ਨੇ ਕਿਹਾ ਕਿ ਪਹਿਲਾਂ ਪੰਜਾਬ ਵਿਚ ਪੈਸੇ ਦੇ ਕੇ ਕੰਮ ਹੋ ਜਾਂਦੇ ਸਨ ਪਰ ਹੁਣ ਨਵੀਂ ਸਰਕਾਰ ਤੋਂ ਡਰਦਾ ਕੋਈ ਪੈਸੇ ਨਹੀ ਲੈਂਦਾ ਪਰ ਲੋਕਾਂ ਦੇ ਕੰਮ ਵੀ ਨਹੀਂ ਹੋ ਰਹੇ। ਇਸ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਆਪਣੇ ਨਾਲ ਵਾਪਰੀਆਂ ਦੋ ਘਟਨਾਵਾਂ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਚਾਹੁੰਦੇ ਹਾਂ ਕਿ ਉੱਥੇ ਸਿਸਟਮ ਵਿਚ ਤਬਦੀਲੀ ਆਏ ਅਤੇ ਪੰਜਾਬ ਦੀ ਨਵੀਂ ਸਰਕਾਰ ਤੋਂ ਇਸ ਦੀ ਉਮੀਦ ਰੱਖਦੇ ਹਾਂ।




ਇਸ ਦੌਰਾਨ 'ਮਰੋਕ ਲਾਅ ਆਫ਼ਿਸ' ਦੇ ਵਕੀਲ ਵਿਪਨਦੀਪ ਸਿੰਘ ਮਰੋਕ ਅਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ 'ਪੰਜਾਬੀ ਭਵਨ ਟੋਰਾਂਟੋ' ਵਿਚ ਸਥਾਪਿਤ ਕੀਤੀ ਗਈ ਲਾਇਬ੍ਰੇਰੀ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਮੇਂ ਲਾਇਬ੍ਰੇਰੀ ਵਿਚ ਚਾਰ ਹਜ਼ਾਰ ਦੇ ਕਰੀਬ ਪੁਸਤਕਾਂ ਹੋ ਗਈਆਂ ਹਨ ਜੋ ਕਵਿਤਾ, ਨਾਟਕ, ਕਹਾਣੀ, ਨਾਵਲ, ਵਾਰਤਕ, ਜੀਵਨੀ, ਗੁਰਬਾਣੀ, ਸਿੱਖ ਧਰਮ, ਸਿੱਖ ਇਤਿਹਾਸ, ਸੱਭਿਆਚਾਰ, ਰਸੋਈ-ਕਲਾ, ਤੰਦਰੁਸਤੀ, ਖੇਡ-ਸਾਹਿਤ ਅਤੇ ਬਾਲ-ਸਾਹਿਤ, ਆਦਿ ਨਾਲ ਸਬੰਧਿਤ ਹਨ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਪਿਛਲੇ ਸਾਲ ਹੀ ਪੰਜਾਬ ਤੋਂ ਖ਼੍ਰੀਦ ਕੇ ਲਿਆਂਦੀਆਂ ਗਈਆਂ ਹਨ। ਛੋਟੇ ਬੱਚਿਆਂ ਲਈ ਪੰਜਾਬੀ ਦੀ ਪੈਂਤੀ ਸਿੱਖਣ ਲਈ ਮੁੱਢਲਾ-ਕਾਇਦਾ ਉਚੇਚੇ ਤੌਰ 'ਤੇ ਪੰਜਾਬ ਤੋਂ ਤਿਆਰ ਕਰਵਾਇਆ ਗਿਆ ਹੈ ਜਿਸ ਨਾਲ ਉਨ੍ਹਾਂ ਨੂੰ ਪੰਜਾਬੀ ਸਿੱਖਣ ਵਿਚ ਆਸਾਨੀ ਹੋਵੇਗੀ। ਵਿਪਨਦੀਪ ਮਰੋਕ ਦਾ ਕਹਿਣਾ ਸੀ ਕਿ 'ਪੰਜਾਬੀ ਭਵਨ ਟੋਰਾਂਟੋ' ਦਾ ਉਦੇਸ਼ "ਘਰ ਘਰ ਪੰਜਾਬੀ" ਲਿਜਾਣ ਦਾ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਪੰਜਾਬੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿਚ ਇਸ ਲਾਇਬ੍ਰੇਰੀ ਦੇ ਮੈਂਬਰ ਬਣਨ ਲਈ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਇਸ ਦੇ ਲਈ ਮਾਮੂਲੀ ਜਿਹੀ ਮੈਂਬਰਸ਼ਿਪ ਫ਼ੀਸ 25 ਡਾਲਰ ਸਲਾਨਾ ਰੱਖੀ ਗਈ ਹੈ ਤਾਂ ਜੋ ਇਸ ਦੇ ਨਾਲ ਪਾਠਕਾਂ ਦੀ ਸੰਜੀਦਗੀ ਬਣੀ ਰਹੇ ਅਤੇ ਲਾਇਬ੍ਰੇਰੀ ਦੀ ਮੇਂਟੀਨੈਂਸ ਲਈ ਲੋੜੀਂਦਾ ਖ਼ਰਚਾ ਵੀ ਚੱਲਦਾ ਰਹੇ। ਪੁਸਤਕਾਂ ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹੀਆਂ ਜਾ ਸਕਦੀਆਂ ਅਤੇ ਇਹ ਮੈਂਬਰਾਂ ਨੂੰ ਘਰ ਲਿਜਾ ਕੇ ਪੜ੍ਹਨ ਲਈ ਦੋ ਹਫ਼ਤੇ ਲਈ ਜਾਰੀ ਵੀ ਕੀਤੀਆਂ ਜਾਣਗੀਆਂ।

ਸਮਾਗ਼ਮ ਦੇ ਦੂਸਰੇ ਭਾਗ ਵਿਚ ਰੂਬੀ ਕਰਤਾਰਪੁਰੀ ਦੀ ਪੁਸਤਕ 'ਯਾਦਾਂ' ਸਭਾ ਦੀ ਕਾਰਕਾਰਨੀ ਦੇ ਮੈਂਬਰਾਂ ਅਤੇ ਪ੍ਰਧਾਨਗੀ-ਮੰਡਲ ਵੱਲੋਂ ਮਿਲ ਕੇ ਲੋਕ-ਅਰਪਿਤ ਕੀਤੀ ਗਈ। ਮਲੂਕ ਸਿੰਘ ਕਾਹਲੋਂ ਨੇ ਇਸ ਪੁਸਤਕ ਬਾਰੇ ਲੇਖਿਕਾ ਦੇ ਬਾਰੇ ਜਾਣਕਾਰੀ ਸਾਂਝੀ ਕੀਤੀ। ਉਪਰੰਤ, ਪਰਮਜੀਤ ਸਿੰਘ ਢਿੱਲੋਂ ਵੱਲੋਂ ਕਵੀ-ਦਰਬਾਰ ਦੀ ਕਮਾਨ ਸੰਭਾਲਦਿਆਂ ਹੋਇਆਂ ਕਵੀ-ਜਨਾਂ ਤੇ ਗਾਇਕਾਂ ਨੂੰ ਵਾਰੋ-ਵਾਰੀ ਤਰਤੀਬ ਨਾਲ ਪੇਸ਼ ਕੀਤਾ ਗਿਆ ਜਿਨ੍ਹਾਂ ਵਿਚ ਪ੍ਰਦੀਪ ਜੋਧਾਂ, ਗੁਰਜੀਤ ਭੀਖੀ, ਮਕਸੂਦ ਚੌਧਰੀ, ਹਰਜੀਤ ਬਾਜਵਾ, ਪਰਮਜੀਤ ਸਿੰਘ ਗਿੱਲ, ਹਰਦਿਆਲ ਝੀਤਾ, ਡਾ. ਕੁਲਦੀਪ ਢਿੱਲੋਂ, ਰਮਿੰਦਰ ਰਮੀ, ਰਿੰਟੂ ਭਾਟੀਆ, ਸੁਖਚਰਨਜੀਤ ਗਿੱਲ, ਹਰਪਾਲ ਸਿੰਘ ਭਾਟੀਆ, ਤਜਿੰਦਰ ਕੌਰ, ਕਰਨ ਅਜਾਇਬ ਸਿੰਘ ਸੰਘਾ, ਆਦਿ ਸ਼ਾਮਲ ਸਨ। ਅਜਾਇਬ ਸਿੰਘ ਚੱਠਾ ਵੱਲੋਂ ਬਰੈਂਪਟਨ ਵਿਚ ਕਰਵਾਈਆਂ ਗਈਆਂ ਵਿਸ਼ਵ ਪੰਜਾਬੀ ਕਾਨਫ਼ਰੰਸਾਂ ਬਾਰੇ ਛਪੀ ਪੁਸਤਕ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅਤੇ ਪੰਜਾਬੀ ਭਵਨ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀ ਗਈ। ਰੂਬੀ ਕਰਤਾਰਪੁਰੀ ਦੇ ਪਤੀ ਪ੍ਰਸ਼ੋਤਮ ਸਿੰਘ ਵੱਲੋਂ ਪੁਸਤਕ ਦੇ ਲੋਕ ਅਰਪਣ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਸਮਾਗਮ ਦੀ ਕਾਰਵਾਈ ਸਮੇਟਦਿਆਂ ਹੋਇਆਂ ਕਿਹਾ ਕਿ ਦੋ ਸੌ ਵਧੇਰੇ ਲੰਮੇਂ ਅਰਸੇ ਤੋਂ ਬਾਅਦ ਸਭਾ ਦੇ ਇਸ ਸਮਾਗ਼ਮ ਵਿਚ ਇਕ ਦੂਸਰੇ ਦੇ ਨਾਲ ਬੈਠ ਕੇ ਇਸ ਦਾ ਅਨੰਦ ਮਾਣਦਿਆਂ ਹੋਇਆਂ ਸੱਭਨਾਂ ਨੂੰ ਬਹੁਤ ਖ਼ੁਸ਼ੀ ਦਾ ਅਹਿਸਾਸ ਹੋਇਆ ਹੈ ਅਤੇ ਆਸ ਕਰਦੇ ਹਾਂ ਕਿ ਸਭਾ ਦੇ ਅਗਲੇ ਸਮਾਗ਼ਮ ਵੀ ਇੰਜ ਹੀ ਹੁੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਮਾਗਮ਼ ਦੌਰਾਨ ਸਿੱਖ ਵਿਰਾਸਤ ਬਾਰੇ ਬਹੁਤ ਵਧੀਆ ਵਿਚਾਰਾਂ ਹੋਈਆਂ ਹਨ ਅਤੇ ਤਲਵਿੰਦਰ ਮੰਡ ਤੇ ਜਗਮੋਹਮਨ ਸੰਘਾ ਨੇ ਆਪਣੀ ਪੰਜਾਬ ਫੇਰੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ ਪਰ ਸਾਨੂੰ ਸਾਰਿਆਂ ਨੂੰ ਭਵਿੱਖ ਵਿਚ ਪੰਜਾਬ ਦੀ ਮੁੜ-ਖ਼ੁਸ਼ਹਾਲੀ ਲਈ ਆਸਵੰਦ ਹੋਣਾ ਚਾਹੀਦਾ ਹੈ। ਉੱਥੇ ਨਵੀਂ ਸਰਕਾਰ ਨੂੰ ਕਾਰਜ ਸੰਭਾਲਦਿਆਂ ਹੋਇਆਂ ਅਜੇ ਮਹੀਨਾ ਹੀ ਹੋਇਆ ਹੈ ਅਤੇ ਸਾਨੂੰ ਅਜੇ ਹੋਰ ਉਡੀਕਣਾ ਚਾਹੀਦਾ ਹੈ। ਸਮਾਗ਼ਮ ਵਿਚ ਦਰਸ਼ਨ ਸਿੰਘ ਦਰਸ਼ਨ, ਨਛੱਤਰ ਸਿੰਘ ਬਦੇਸ਼ਾ, ਤਰਲੋਚਨ ਸਿੰਘ, ਸੰਤੋਖ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ।

## ਮਨੁੱਖ ਗਲਤੀ ਦਾ ਪੁਤਲਾ ਹੈ

ਮਨੁੱਖ ਨੂੰ ਗਲਤੀ ਦਾ ਪੁਤਲਾ ਕਿਹਾ ਜਾਂਦਾ ਹੈ ਤੇ ਸਮਝਿਆ ਜਾਂਦਾ ਹੈ। ਗਲਤੀਆਂ ਹੁੰਦੀਆ ਰਹਿੰਦੀਆਂ ਹਨ ਇਸ ਕੋਲੋਂ।ਵੈਸੇ ਤਾਂ ਰੱਬ ਜੀ ਨੇ ਸਾਰੇ ਜੀਵਾਂ ਵਿੱਚੋਂ ਜਿਸ ਨੂੰ ਉੱਤਮ ਬਣਾਇਆ ਸੀ ਉਸ ਨੂੰ ਹੀ ਮਨੁੱਖ ਕਿਹਾ ਜਾਂਦਾ ਹੈ।ਗਲਤੀ ਹੁੰਦੀ ਕੀ ਹੈ? ਇਹ ਇੱਕ ਅਜਿਹਾ ਵਿਵਹਾਰ ਜਾਂ ਘਟਨਾ ਹੈ ਜੋ ਨਹੀਂ ਸੀ ਹੋਣੇ ਚਾਹੀਦੇ,ਜੋ ਨਿਯਮਾਂ ਅਨੁਸਾਰ ਨਹੀਂ ਹੁੰਦੇ।ਕਈ ਵਾਰ ਇਹ ਘਟਨਾ ਅਚਾਨਕ ਵਾਪਰ ਜਾਂਦੀ ਹੈ ਤੇ ਕਈ ਵਾਰ ਮਨੁੱਖ ਜਾਣ ਬੁਝ ਕੇ ਵੀ ਕਰ ਸਕਦਾ ਹੈ।

ਗਲਤੀ ਬਾਰੇ ਕੁਝ ਰੋਚਕ ਤੱਥ ਦੇਖਣ ਨੂੰ ਮਿਲਦੇ ਹਨ।ਸਭ ਤੋਂ ਪਹਿਲਾ ਇਹ ਹੈ ਕਿ ਸਾਡੇ ਤੋਂ ਤਾਂ ਗਲਤੀ ਹੋ ਜਾਂਦੀ ਹੈ ਕਿਉਂਕਿ ਮਨੁੱਖ ਗਲਤੀ ਦਾ ਪੁਤਲਾ ਜੋ ਠਹਿਰਿਆ।ਪਰ ਦੂਜਾ ਜਣਾ ਗਲਤੀ ਕਰਦਾ ਹੈ।ਜਿਵੇਂ ਜਦੋਂ ਕੋਈ ਸ਼ੀਸ਼ੇ ਦਾ ਗਿਲਾਸ ਟੁੱਟਦਾ ਹੈ ;ਜੇ ਇਹ ਸਾਡੇ ਹੱਥੋਂ ਹੋ ਜਾਵੇ ਤਾਂ ਗਿਲਾਸ ਟੁੱਟ ਗਿਆ (ਗਿਲਾਸ ਦਾ ਕਸੂਰ ਹੈ ਕਿ ਉਹ ਟੁੱਟ ਗਿਆ) ਪਰ ਜੇ ਕਿਸੇ ਦੂਜੇ ਹਥੋਂ ਹੋਵੇ ਤਾਂ ਅਸੀਂ ਕਹਿੰਦੇ ਹਾਂ ਕਿ ਉਸ ਨੇ ਗਿਲਾਸ ਤੋੜ ਦਿੱਤਾ ਜਿਵੇਂ ਕਿ ਉਸ ਨੇ ਜਾਣ ਬੁੱਝ ਕੇ ਕੀਤਾ ਹੋਵੇ।ਅਗਲਾ ਰੋਚਕ ਤੱਥ ਹੈ ਕਿ ਦੂਸਰੇ ਦੀ ਗਲਤੀ ਵਾਸਤੇ ਸਾਡੀ ਦੂਰ ਦੀ ਨਜ਼ਰ ਵੀ ਬਹੁਤ ਤੇਜ਼ ਹੁੰਦੀ ਹੈ ।ਉਸ ਵਿਚੋਂ ਸਾਨੂੰ ਛੋਟੇ ਤੋਂ ਛੋਟਾ ਅੰਤਰ ਵੀ ਸਾਫ:ਦਿਖਾਈ ਦੇ ਜਾਂਦਾ ਹੈ ਪਰ ਆਪਣੀ ਕੁਤਾਹੀ ਵਾਸਤੇ ਸਾਡੀ ਨੇੜੇ ਦੀ ਨਜ਼ਰ ਵੀ ਕੰਮ ਨਹੀਂ ਕਰਦੀ।ਆਪਣੀ ਗਲਤੀ ਤਾਂ ਦਿਸਦੀ ਹੀ ਨਹੀਂ। ਲਗਦਾ ਹੀ ਨਹੀਂ ਇਹ ਸਭ ਕੁਝ ਅਸੀਂ ਕੀਤਾ ਹੈ। ਅਗਲਾ ਤੱਥ ਹੈ ਕਿ ਆਪਣੀ ਗਲਤੀ ਦੇ ਤਾਂ ਵਕੀਲ ਹੁੰਦੇ ਹਾਂ ।ਜਿਵੇਂ ਅਕਸਰ ਹੀ ਕਹਿ ਦਿੰਦੇ ਹਾਂ ਛੱਡੋ ਜੀ ਬਸ ਅਚਾਨਕ ਹੋ ਗਿਆ ਜਾਣ ਬੁੱਝ ਕੇ ਨਹੀਂ ਕੀਤਾ।ਪਤਾ ਨਹੀਂ ਕਿਉਂ ਇਸਤਰਾਂ ਹੋ ਗਿਆ ?!ਕੋਈ ਨਾ ਸਭ ਠੀਕ ਹੋ ਜਾਵੇਗਾ ਆਦਿ ਆਦਿ।ਪਰ ਦੂਜੇ ਤੋਂ ਹੋਈ ਗਲਤੀ ਦੇ ਤਾਂ ਅਸੀਂ ਵੱਡੇ ਜੱਜ ਬਣ ਜਾਂਦੇ ਹਾਂ।ਬਈ ਉਸ ਨੂੰ ਧਿਆਨ ਰੱਖਣਾ ਚਾਹੀਦਾ ਸੀ,ਥੋੜਾ ਬਹੁਤਾ ਤਾਂ ਸੋਚਣਾ ਚਾਹੀਦਾ ਹੀ ਸੀ ਉਸ ਨੂੰ ਇਸਤਰਾਂ ਨਹੀਂ ਕਰਨਾ ਚਾਹੀਦਾ ਸੀ ਆਦਿ ਆਦਿ।ਝੱਟ ਹੀ ਫੈਸਲਾ ਸੁਣਾ ਦਿੰਦੇ ਹਾਂ ਕਿ ਜੇ ਗਲਤੀ ਕੀਤੀ ਹੈ ਤਾਂ ਭੁਗਤਣਾ ਤਾਂ ਪੈਣਾ ਹੀ ਹੈ।

ਦੇਖਿਆ ਜਾਵੇ ਤਾਂ ਹਰ ਕਿਸੇ ਕੋਲੋਂ ਕਦੇ ਨਾ ਕਦੇ ਕੋਈ ਨਾ ਕੋਈ ਭੁੱਲ ਹੋ ਹੀ ਜਾਦੀਂ ਹੈ ਜਾਂ ਹੋ ਸਕਦੀ ਹੈ ਕਿਉਂਕਿ ਇਹ ਤਾਂ ਪਹਿਲਾਂ ਹੀ ਮੰਨ ਲਿਆ ਗਿਆ ਹੈ ਕਿ ਮਨੁੱਖ ਗਲਤੀ ਦਾ ਪੁਤਲਾ ਜੋ ਹੋਇਆ।ਵੈਸੇ ਤਾਂ ਮਨੁੱਖ ਨੂੰ ਚਾਹੀਦਾ ਹੈ ਕਿ ਕੰਮ ਨਿਯਮਾਂ ਅਨੁਸਾਰ ਹੀ ਕਰੇ,ਪੁਰੇ ਧਿਆਨ ਨਾਲ ਕਰੇ ਤੇ ਸਮੇਂ ਸਿਰ ਕਰੇ ।ਪਰ ਫਿਰ ਵੀ ਜੇ ਕਦੇ
ਕੁਝ ਗਲਤ ਹੋ ਵੀ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ।ਪੂਰੀ ਤਨਦੇਹੀ ਨਾਲ ਕੋਸ਼ਿਸ਼ ਕਰ ਲੈਣੀ ਚਾਹੀਦੀ ਹੈ ਕਿ ਆਰੰਭ
ਵਿੱਚ ਹੀ ਉਸ ਘਾਟ ਨੂੰ ਦੂਰ ਕਰ ਦਿੱਤਾ ਜਾਵੇ ਜਿਸ ਕਰਕੇ ਕੰਮ ਸਹੀ ਨਹੀਂ ਹੋਇਆ ਜਾਂ ਸਹੀ ਹੋ ਨਹੀਂ ਰਿਹਾ ।

ਇਹ ਵੀ ਮੰਨਿਆ ਗਿਆ ਹੈ ਕਿ ਸਾਡੀਆਂ ਗਲਤੀਆਂ ਹੀ ਸਾਡੇ ਅਧਿਆਪਕ ਹੋ ਨਿਬੜਦੇ ਹਨ ਸਾਨੂੰ ਬਹੁਤ
ਕੁਝ ਸਿਖਾਉਂਦੀਆਂ ਹਨ ਤੇ ਸਾਡਾ ਤਜ਼ਰਬਾ ਵੀ ਵਧਾਉਂਦੀਆਂ ਹਨ।ਇਸਤਰਾਂ ਵੀ ਹੋਇਆ ਹੈ ਕਿ ਕਈ ਵਾਰ ਬਹੁਤ ਹੰਢਿਆ ਹੋਇਆ ਤੀਰ ਅੰਦਾਜ਼ ਵੀ ਉੱਕ ਸਕਦਾ ਹੈ ਤੇ ਕਈ ਵਾਰ ਕੋਈ ਤੁੱਕੇਬਾਜ਼ ਵੀ ਸਹੀ ਨਿਸ਼ਾਨਾ ਲਾ ਜਾਂਦਾ ਹੈ। ਆਪਣੀਆਂ ਗਲਤੀਆਂ ਤੋਂ ਹੀ ਬਹੁਤ ਕੁਝ ਸਿਖਿਆ ਜਾ ਸਕਦਾ ਹੈ ਤੇ ਸਿੱਖਣਾ ਵੀ ਚਾਹੀਦਾ ਹੈ ।
ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਾਡੇ ਕੋਲੋਂ ਕੁਝ ਵੀ ਇਸਤਰਾਂ ਨਾ ਹੋਵੇ ਜਿਸ ਨਾਲ ਕਿਸੇ ਦੂਜੇ ਦੀ ਮਿਹਨਤ
ਵਿਅਰਥ ਚਲੀ ਜਾਵੇ ਜਾਂ ਕਿਸੇ ਦਾ ਦਿਲ ਟੁੱਟ ਜਾਵੇ। ਕਈ ਵਾਰ ਸਾਨੂੰ ਆਪਣੀ ਹੀ ਗਲਤੀ ਦਾ ਬਹੁਤ ਵੱਡਾ
ਖਮਿਆਜ਼ਾ ਭਰਨਾ ਪੈ ਜਾਂਦਾ ਹੈ।ਇੱਕ ਉਰਦੂ ਸ਼ਾਇਰ ਨੇ ਵੀ ਖੂਬ ਲਿਖਿਆ ਹੈ:
"ਏਕ ਨੁਕਤੇ ਕੇ ਹੇਰਫੇਰ ਨੇ ਹਮੇਂ ਮਹਿਰਮ ਸੇ ਮੁਜ਼ਰਿਮ ਬਨਾ ਦੀਆ
ਹਮ ਵਫ਼ਾ ਲਿਖਤੇ ਰਹੇ ਵੋ ਜ਼ਫ਼ਾ ਸਮਝਤੇ ਰਹੇ"
ਸੋ ਇਹ ਤਾਂ ਨਿਸ਼ਚਿਤ ਹੋ ਹੀ ਗਿਆ ਹੈ ਗਲਤੀ ਹੋ ਜਾਣ ਤੋਂ ਬਚਣਾ ਹੀ ਚਾਹੀਦਾ ਹੈ, ਚਲੋ ਜੇ ਕਿਸੇ ਕਾਰਣ ਜਾਂ
ਮਜ਼ਬੂਰੀ ਵਸ ਹੋ ਵੀ ਜਾਵੇ ਤਾਂ ਲਗਦੇ ਹੱਥ ਹੀ ਦਰੁਸੱਤ ਕਰਨ ਦੀ ਕੋਸ਼ਿਸ਼ ਕਰੀਏ ਜੇ ਫਿਰ ਵੀ ਲੋਟ ਨਾ ਆਵੇ ਤਾਂ
ਮੁਆਫੀ ਮੰਗ ਲਈਏ ਕਿਉਂਕਿ ਖਿਮਾਂ ਸੌ ਜਖ਼ਮਾਂ ਦੀ ਮਰ੍ਹਹਮ ਦਾ ਕੰਮ ਕਰ ਦਿੰਦੀ ਹੈ।

ਅਮਰਜੀਤ ਕੌਰ,
ਸਟੇਟ ਅਵਾਰਡੀ, ਸੇਵਾਮੁਕਤ
ਸੇਵਾਮੁਕਤ ਅਧਿਆਪਕਾ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ੜ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN GLASS AND WINDOW

# ਜਦੋਂ ਆਹ ਕੁਝ ਵਾਪਰਦਾ ਹੋਵੇ ਤਾਂ ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਉੱਠਣਗੀਆਂ ਹੀ

ਇਹ ਗੱਲ ਸਾਨੂੰ ਬੜੀ ਵਾਰੀ ਸੁਣਨ ਨੂੰ ਮਿਲਦੀ ਰਹੀ ਹੈ ਤੇ ਅਜੇ ਵੀ ਕਈ ਵਾਰੀ ਸੁਣੀਂਦੀ ਹੈ ਕਿ ਦੁਨੀਆ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਹੋਈਆਂ ਹਨ। ਸਾਨੂੰ ਉਹ ਸਮਾਂ ਚੇਤੇ ਨਹੀਂ ਆ ਰਿਹਾ, ਜਦੋਂ ਦੁਨੀਆ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਨਹੀਂ ਸੀ। ਜਦੋਂ ਭਾਰਤ ਗੁਲਾਮੀ ਵਿੱਚ ਸਹਿਕਦਾ ਪਿਆ ਅਤੇ ਵਿਦੇਸ਼ੀ ਹਾਕਮਾਂ ਵੱਲੋਂ ਲੜੀਆਂ ਜਾਂਦੀਆਂ ਜੰਗਾਂ ਵਿੱਚ ਆਪਣੇ ਪੁੱਤਰ ਭੇਜ ਕੇ ਮਰਵਾਉਣ ਪਿੱਛੋਂ ਵਿਦੇਸ਼ੀ ਧਰਤੀਆਂ ਉੱਤੇ ਹੁੰਦੀਆਂ ਜੰਗਾਂ ਦੇ ਕਿੱਸੇ ਸੁਣਾ ਕੇ ਦਿਲ ਨੂੰ ਧਰਵਾਸ ਦੇਂਦਾ ਹੁੰਦਾ ਸੀ, ਦੁਨੀਆ ਭਰ ਦੀਆਂ ਨਜ਼ਰਾਂ ਓਦੋਂ ਵੀ ਸਾਡੇ ਭਾਰਤ ਵੱਲ ਲੱਗੀਆਂ ਹੁੰਦੀਆਂ ਸਨ ਕਿ ਇਹ ਬੇਗਾਨੀਆਂ ਬੁੱਤੀਆਂ ਕਰਦਿਆਂ ਆਪਣੇ ਪੁੱਤ ਮਰਵਾਈ ਜਾਂਦਾ ਹੈ। ਫਿਰ ਭਾਰਤ ਦੇ ਲੋਕਾਂ ਦੀ ਹਿੰਮਤ ਨਾਲ ਦੇਸ਼ ਆਜ਼ਾਦ ਹੋ ਗਿਆ, ਆਜ਼ਾਦੀ ਲਈ ਹਜ਼ਾਰਾਂ ਲੋਕ ਕੁਰਬਾਨ ਹੋ ਗਏ, ਪਰ ਏਥੇ ਸਿਰਫ ਇਹੋ ਸੁਣਨ ਨੂੰ ਮਿਲਦਾ ਰਿਹਾ ਕਿ 'ਸਾਬਰਮਤੀ ਕੇ ਬਾਪੂ, ਤੂ ਨੇ ਕਰ ਦੀਆ ਕਮਾਲ, ਲੇਕਰ ਦੀ ਆਜ਼ਾਦੀ ਹਮ ਕੋ ਬਿਨਾਂ ਖੜਗ ਔਰ ਢਾਲ।' ਲੋਕਾਂ ਵਿੱਚ ਇਸ ਇੱਕੋ ਧਾਰਨਾ ਨੂੰ ਪ੍ਰਚਾਰਿਆ ਗਿਆ ਤੇ ਬਾਕੀ ਸਭ ਕੁਝ ਪਿੱਛੇ ਪਾਉਣ ਦੇ ਬਾਅਦ ਦੁਨੀਆ ਨੂੰ ਇਹੋ ਦੱਸਿਆ ਜਾਂਦਾ ਰਿਹਾ ਕਿ ਭਾਰਤ ਅਹਿੰਸਾ ਨਾਲ ਜੰਗਾਂ ਜਿੱਤਣ ਦਾ ਫਾਰਮੂਲਾ ਜਾਣਦਾ ਹੈ। ਨਾਲ ਦੀ ਨਾਲ ਭਾਰਤ ਦੇ ਰਾਜ ਕਰਤੇ ਆਪਣੇ ਸਾਇੰਸਦਾਨਾਂ ਨੂੰ ਐਟਮੀ ਸ਼ਕਤੀ ਦੀ ਖੋਜ ਕਰਨ ਲਈ ਹੱਲਾਸ਼ੇਰੀ ਦੇਂਦੇ ਰਹੇ ਅਤੇ ਜਦੋਂ ਐਟਮ ਬੰਬ ਦੀ ਪਰਖਸਫਲ ਹੋ ਗਈ ਤਾਂ ਇਹ ਨਹੀਂ ਸੀ ਦੱਸਿਆ ਕਿ ਮਾਰੂ ਮਸਾਲਾ ਸਹੀ ਹੈ, ਸਗੋਂ ਇਹ ਸੰਦੇਸ਼ ਭੇਜ ਕੇ ਦਿੱਲੀ ਬੈਠੀ ਕੇਂਦਰ ਸਰਕਾਰ ਨੂੰ ਖੁਸ਼ ਕੀਤਾ ਸੀ ਕਿ 'ਬੁੱਧ ਮੁਸਕੁਰਾ ਪਿਆ ਹੈ'। ਵਾਹ, ਇੱਕੋ ਝਟਕੇ ਵਿੱਚ ਲੱਖਾਂ ਲੋਕ ਮਾਰ ਦੇਣ ਵਾਲੇ ਬੰਬ ਦੇ ਧਮਾਕੇ ਨਾਲ ਸ਼ਾਂਤੀ ਦਾ ਪੁਜਾਰੀ ਬੁੱਧ 'ਮੁਸਕੁਰਾ ਪਿਆ', ਹੈ ਨਾ ਕਮਾਲ ਦੀ ਗੱਲ! ਦੁਨੀਆ ਦੇ ਲੋਕ ਉਸ ਵਕਤ ਵੀ ਭਾਰਤ ਵੱਲ ਵੇਖਦੇ ਪਏ ਸਨ ਕਿ ਇਸ ਦੇਸ਼ ਦੇ ਹਾਕਮ ਕਹਿੰਦੇ ਕੀ ਹਨ ਤੇ ਅਮਲ ਵਿੱਚ ਕਰਦੇ ਕੀ ਪਏ ਹਨ, ਪਰ ਸਾਨੂੰ ਇਸ ਨਾਲ ਮਤਲਬ ਨਹੀਂ ਸੀ, ਸਗੋਂ ਇਹ ਕਹਿਣਾ ਕਾਫੀ ਸੀ ਕਿ ਦੁਨੀਆ ਸਾਨੂੰ ਵੇਖਦੀ ਪਈ ਸੀ।

ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਇਸ ਗੱਲ ਦਾ ਇਹ ਅਰਥ ਨਹੀਂ ਕਿ ਭਾਰਤ ਲੋਕਤੰਤਰੀ ਰਿਵਾਇਤਾਂ ਦੀ ਪਾਲਣਾ ਕਰਨ ਵਿੱਚ ਬਾਕੀ ਸਭਨਾਂ ਤੋਂ ਵੱਡੇ ਕਿਰਦਾਰ ਵਾਲਾ ਹੋਣ ਦਾ ਮਾਣ ਹਾਸਲ ਕਰ ਗਿਆ ਹੈ, ਸਗੋਂ ਇਹ ਹੈ ਕਿ ਜਿਹੜੇ ਦੇਸ਼ਾਂ ਵਿੱਚ ਲੋਕਤੰਤਰੀ ਸਿਸਟਮ ਚੱਲਦਾ ਹੈ, ਉਨ੍ਹਾਂ ਸਭਨਾਂ ਨਾਲੋਂ ਵੱਧ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਹੋਈ ਸਰਕਾਰ ਵਾਲਾ ਲੋਕਤੰਤਰੀ ਦੇਸ਼ ਭਾਰਤ ਹੈ। ਜਿੰਨੀ ਤੇਜ਼ੀ ਨਾਲ ਇਹ ਦੇਸ਼ ਆਪਣੇ ਵੋਟਰਾਂ ਦੀ ਗਿਣਤੀ ਦਾ ਵਾਧਾ ਕਰੀ ਜਾ ਰਿਹਾ ਹੈ, ਅਗਲੀ ਸਦੀ ਵਿੱਚ ਕੋਈ ਹੋਰ ਦੇਸ਼ ਇਸ ਪੱਖੋਂ ਇਸ ਦੇ ਨੇੜੇ ਪਹੁੰਚਣ ਦਾ ਸੁਫਨਾ ਵੀ ਨਹੀਂ ਲੈ ਸਕਦਾ। ਜਿਹੜੇ ਧਾਰਮਿਕ ਪੁਰਸ਼ਾਂ ਨੇ ਖੁਦ ਗ੍ਰਹਿਸਤ ਦਾ ਮਾਰਗ ਨਹੀਂ ਧਾਰਨ ਕੀਤਾ, ਵਿਆਹ ਦੇ ਬੰਧਨ ਵਿੱਚ ਕਦੇ ਨਹੀਂ ਬੱਝੇ, ਉਹ ਦੂਸਰਿਆਂ ਨੂੰ ਇਹ ਸੱਦੇ ਦੇਂਦੇ ਹਨ ਕਿ ਧਰਮ ਦੀ ਚੜ੍ਹਦੀ ਕਲਾ ਕਰਨ ਲਈ ਵੱਧ ਤੋਂ ਵੱਧ ਬੱਚੇ ਪੈਦਾ ਕਰੋ। ਧਰਮ ਦੀ ਚੜ੍ਹਦੀ ਕਲਾ ਹੋਵੇ ਨਾ ਹੋਵੇ, ਧਰਮ ਦੇ ਆਧਾਰ ਉੱਤੇ ਆਪਸ ਵਿੱਚ ਲੜਨ ਲਈ ਫੌਜਾਂ ਖੜੀਆਂ ਕਰਨ ਵਾਲਾ ਸੰਸਾਰਵਿੱਚ ਸਭ ਤੋਂ ਵੱਡਾ ਲੋਕਤੰਤਰ ਤਾਂਭਾਰਤ ਫਿਰ ਹੀ ਰਹੇਗਾ। ਇਸ ਦਾ ਇਹ ਰੁਤਬਾ ਹੋਰ ਕੋਈ ਨਹੀਂ ਖੋਹ ਸਕਦਾ। ਇਸ ਪੱਖੋਂ ਵੀ ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਹਨ, ਪਰ ਕੋਈ ਮਾੜੀ ਗੱਲ ਨਹੀਂ! ਉਂਜ ਅਸੀਂ ਵੋਟਰ ਬਣਨ ਯੋਗ ਲੋਕਾਂ ਦੀ ਗਿਣਤੀ ਦੇ ਪੱਖੋਂ ਸਾਰਿਆਂ ਤੋਂ ਵੱਡਾਲੋਕਤੰਤਰ ਅਖਵਾ ਸਕਦੇ ਹਾਂ, ਪਰ ਲੋਕਤੰਤਰੀ ਰਿਵਾਇਤਾਂ ਨੂੰ ਜਦੋਂ ਮਰਜ਼ੀ ਝਕਾਨੀ ਦੇ ਲਈਏ, ਓਦੋਂ ਸਾਨੂੰ ਇਹ ਚਿੰਤਾ ਨਹੀਂ ਹੁੰਦੀ ਕਿ ਸੰਸਾਰਭਰ ਦੀਆਂ ਨਜ਼ਰਾਂ ਸਾਡੇ ਉੱਤੇ ਗੱਡੀਆਂ ਹੋਈਆਂ ਹਨ। ਇੰਦਰਾ ਗਾਂਧੀ ਸੰਸਾਰ ਦੀ ਗੁੱਟ ਨਿਰਪੱਖ ਲਹਿਰ ਦੀ ਲੋਕਤੰਤਰੀ ਆਗੂ ਬਣ ਕੇ ਮਾਣ ਮਹਿਸੂਸ ਕਰਦੀ ਸੀ, ਪਰ ਆਪਣੇ ਦੇਸ਼ ਵਿੱਚ ਐਮਰਜੈਂਸੀ ਲਾਈ ਅਤੇ ਆਪਣੇ ਛੋਟੇ ਪੁੱਤਰ ਦੀ ਅਗਵਾਈ ਹੇਠ ਚਾਰ ਜਣਿਆਂ ਦੀ ਬਦਨਾਮ ਜੁੰਡੀ ਨੂੰ ਲੋਕਾਂ ਦਾ ਘਾਣ ਕਰਨ ਦੀ ਖੁੱਲ੍ਹ ਦੇ ਦਿੱਤੀ। ਉਸ ਨੇ ਇਹ ਸੋਚਿਆ ਹੀ ਨਹੀਂ ਸੀਕਿ ਦੁਨੀਆ ਦੀਆਂ ਨਜ਼ਰਾਂ ਸਾਡੇ ਵੱਲ ਲੱਗੀਆਂ ਸਨ। ਭਾਰਤ ਦੇ ਹਾਕਮਇਹੋ ਜਿਹੀਆਂ ਗੱਲਾਂ ਦੀ ਚਿੰਤਾ ਨਹੀਂ ਕਰਦੇ। ਅੱਜਕੱਲ੍ਹ ਫਿਰ ਸਾਰਾ ਸੰਸਾਰ ਭਾਰਤ ਵੱਲ ਵੇਖਦਾ ਪਿਆ ਹੈ। ਸਾਨੂੰ ਇਹੋ ਦੱਸਿਆ ਜਾ ਰਿਹਾ ਹੈ ਕਿ ਸੰਸਾਰ ਦੀਆਂ ਅੱਖਾਂ ਭਾਰਤ ਵੱਲ ਇਸ ਦੀ ਤਰੱਕੀ ਦੇ ਕਾਰਨ ਲੱਗੀਆਂ ਹਨ, ਕਿਉਂਕਿ ਭਾਰਤ ਐਟਮੀ ਸ਼ਕਤੀ ਬਣਨ ਤੋਂ ਬਾਅਦ ਪੁਲਾੜ ਵਿੱਚ ਵੀ ਵਡੇਰੀਆਂ ਪੁਲਾਂਘਾਂ ਪੁੱਟ ਰਿਹਾ ਹੈ। ਜੇ ਇਹ ਪ੍ਰਾਪਤੀਆਂ ਕੀਤੀਆਂ ਹਨ ਤਾਂ ਇਸ ਵਿੱਚ ਸਾਲਾਂ-ਬੱਧੀ ਜੁਝਦੇ ਰਹੇ ਸਾਇੰਸਦਾਨਾਂ ਦੀ ਮਿਹਨਤ ਹੈ, ਜਿਹੜੇ ਆਗੂ ਇਹ ਕਹਿੰਦੇ ਹਨ ਕਿ ਭਾਰਤ ਦੀ ਤਰੱਕੀ ਵੱਲ ਦੁਨੀਆਂ ਦੀਆਂ ਨਜ਼ਰਾਂ ਹਨ, ਉਨ੍ਹਾਂ ਦਾ ਕੋਈ ਯੋਗਦਾਨ ਨਹੀਂ। ਏਦਾਂ ਦੀ ਕੋਈ ਪ੍ਰਾਪਤੀ ਸਾਨੂੰ ਨਾ ਪਹਿਲਿਆਂ ਸਿਆਸੀ ਆਗੂਆਂ ਦੀ ਲੱਭੀ ਹੈ ਤੇ ਨਾ ਹੀ ਅੱਜ ਵਾਲਿਆਂ ਦੀ ਲੱਭਦੀ ਹੈ, ਜਿਸ ਨੂੰ ਚੁੱਕ ਕੇ ਅਸੀਂ ਦੁਨੀਆ ਭਰ ਦੇ ਲੋਕਾਂ ਨੂੰ ਦਿਖਾ ਸਕੀਏ ਕਿ ਆਹ ਕੰਮ ਭਾਰਤ ਦੇ ਲੋਕਤੰਤਰੀ ਲੀਡਰਾਂ ਨੇ ਕੀਤਾ ਹੈ, ਜਿਸ



ਜਤਿੰਦਰ ਪੰਨੂ

ਨਾਲ ਦੁਨੀਆ ਦੀ ਨਜ਼ਰਾਂ ਸਾਡੇ ਵੱਲ ਲੱਗੀਆਂ ਹਨ। ਫਿਰ ਵੀ ਜਦੋਂ ਇਹ ਕਿਹਾ ਜਾਂਦਾ ਹੈ ਕਿ ਦੁਨੀਆ ਦੀਆਂ ਨਜ਼ਰਾਂ ਅੱਜ ਵੀ ਭਾਰਤ ਵੱਲ ਲੱਗੀਆਂ ਹੋਈਆਂ ਹਨ ਤਾਂ ਇਹ ਗੱਲ ਗਲਤ ਨਹੀਂ, ਸੱਚਮੁਚ ਦੁਨੀਆ ਭਾਰਤ ਵੱਲ ਵੇਖਦੀ ਪਈ ਹੈ, ਪਰ ਕਿਸੇ ਨੇਕ ਦਿੱਖ ਕਾਰਨ ਨਹੀਂ ਵੇਖਦੀ। ਉਰਦੂ ਕਹਾਵਤ ਹੈ ਕਿ 'ਹੋਂਗੇ ਗਰ ਬਦਨਾਮ ਤੋ ਕਿਆ ਨਾਮ ਨਾ ਹੋਗਾ'। ਓਸੇ ਕਹਾਵਤ ਵਾਂਗ ਅੱਜ ਭਾਰਤ ਵਿੱਚ ਉੱਠਦੇ ਫਿਰਕੂਪੁਣੇ ਕਾਰਨ ਜੋ ਕੁਝ ਸਾਰੇ ਦੇਸ਼ ਵਿੱਚ ਆਏ ਦਿਨ ਹੁੰਦਾ ਪਿਆ ਹੈ, ਉਸ ਦੇ ਚਰਚੇ ਦੁਨੀਆ ਵਿੱਚ ਹੋ ਰਹੇ ਹਨ ਤੇ ਸਾਰੇ ਸੰਸਾਰ ਦੇ ਲੋਕ ਭਾਰਤ ਵੱਲ ਵੇਖ ਰਹੇ ਹਨ। ਕਿਸੇ ਦੂਰ-ਦੁਰਾਡੇ ਰਾਜ ਵਿੱਚ ਕੁਝ ਹੁੰਦਾ ਹੋਵੇ ਤਾਂ ਬਾਕੀ ਦੁਨੀਆ ਦੀਆਂ ਨਜ਼ਰਾਂ ਤੋਂ ਓਹਲਾ ਰੱਖਿਆ ਜਾ ਸਕਦਾ ਹੈ, ਪਰ ਜਦੋਂ ਭਾਰਤ ਦੀ ਰਾਜਧਾਨੀ ਵਿੱਚ ਉਹ ਕੁਝ ਵਾਪਰ ਰਿਹਾ ਹੋਵੇ, ਜਿਸ ਨਾਲ ਇਸ ਦੇਸ਼ ਦੀ ਦਿੱਖ ਦਾਗੀ ਹੁੰਦੀ ਹੋਵੇ, ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਲੱਗਣੀਆਂ ਹੀ ਹਨ। ਅਲੋਕਾਰ ਗੱਲ ਇਹ ਕੋਈ ਨਹੀਂ।

ਪਿਛਲੇ ਦਿਨੀਂ ਰਾਜਧਾਨੀ ਦਿੱਲੀ ਵਿੱਚ ਫਿਰ ਦੰਗੇ ਹੋਣ ਦੀ ਖਬਰ ਬਣੀ। ਇਸ ਦੇ ਬਾਅਦ ਪੜਤਾਲ ਕਰਨ ਦੌਰਾਨ ਇਹ ਦੋਸ਼ ਲੱਗਦਾ ਰਿਹਾ ਕਿ ਜਾਂਚ ਇੱਕ-ਤਰਫਾ ਹੁੰਦੀ ਹੈ ਅਤੇ ਚੋਣਵੇਂ ਨਿਸ਼ਾਨੇ ਫੁੰਡੇ ਜਾ ਰਹੇ ਹਨ। ਏਥੋਂ ਤੱਕ ਵੀ ਗੱਲ ਸੀਮਤ ਨਾ ਰਹੀ ਤੇ ਫਿਰ ਬੁਲਡੋਜ਼ਰ ਚੱਲਣ ਦਾ ਮੁੱਦਾ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਵਿੱਚ ਗਿਆ ਤਾਂਸੁਣਿਆ ਗਿਆ ਕਿ ਬੁਲਡੋਜ਼ਰ ਵੀ ਫਿਰਕੂ ਹੋ ਗਿਆ ਹੈ, ਇੱਕ ਜਾਂ ਦੂਸਰੇ ਧਰਮ ਦੇ ਲੋਕਾਂ ਦੀਆਂ ਦੁਕਾਨਾਂ ਜਾਂ ਘਰਾਂ ਦਾ ਵਖਰੇਵਾਂ ਕਰ ਕੇ ਕਾਰਵਾਈ ਕਰਦਾ ਹੈ। ਏਦਾਂ ਦਾ ਕੰਮ ਇਸ ਤੋਂ ਪਹਿਲਾਂ ਕੁਝ ਹੋਰ ਰਾਜਾਂ ਵਿੱਚ ਵੀ ਹੋਇਆ, ਪਰ ਉਸ ਦਾ ਰੌਲਾ ਭਾਰਤ ਤੱਕ ਸੀਮਤ ਰਿਹਾ ਸੀ, ਇਸ ਵਾਰੀ ਰਾਜਧਾਨੀ ਦਿੱਲੀ ਵਿੱਚ ਜਦੋਂ ਇਹੋ ਕੁਝ ਹੋਇਆ ਹੈ, ਜਿੱਥੇ ਦੂਸਰੇ ਦੇਸ਼ਾਂ ਦੇ ਦੂਤ ਵੀ ਬੈਠੇ ਹਨ ਤਾਂ ਇਸ ਦੀ ਕਹਾਣੀ ਸੰਸਾਰ ਭਰ ਵਿੱਚ ਫੈਲ ਗਈ। ਸਰਕਾਰ ਲੱਖ ਸਫਾਈਆਂ ਦੇਂਦੀ ਰਹੇ, ਦੁਨੀਆ ਦੇ ਲੋਕਾਂ ਦੀ ਨਜ਼ਰ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਦੇਸ਼ ਦੇ ਹਾਕਮਾਂ ਉੱਤੇ ਆਪਣੇ-ਪਰਾਏ ਦੋ ਧਰਮਾਂ ਵਿੱਚ ਵਖਰੇਵੇਂ ਨਾਲ ਵਿਹਾਰ ਕਰਨ ਦੇ ਦੋਸ਼ ਲੱਗਣ ਲੱਗ ਪਏ। ਜਿਹੜੀ ਲੀਡਰਸ਼ਿਪ ਇਹ ਕਿਹਾ ਕਰਦੀ ਸੀ ਕਿ ਭਾਰਤ ਦੀ ਤਰੱਕੀ ਕਾਰਨ ਸਾਰੇ ਸੰਸਾਰ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਪਈਆਂ ਹਨ, ਉਹ ਆਪਣੀ ਬੋਲੀ ਬਦਲ ਕੇ ਇਹ ਕਹਿਣ ਲੱਗ ਪਈ ਕਿ ਜਿਨ੍ਹਾਂ ਨੂੰ ਅੱਜਕੱਲ੍ਹ ਹਰ ਗੱਲ ਵਾਸਤੇ ਸਿਰਫ ਭਾਰਤ ਨਜ਼ਰ ਆਉਂਦਾ ਹੈ, ਉਨ੍ਹਾਂ ਨੂੰ ਆਪਣੇ ਦੇਸ਼ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਭਾਰਤੀ ਹਾਕਮ ਤਾਂ ਦੂਸਰਿਆਂ ਦੇ ਨੁਕਸ ਗਿਣਾਉਣ ਲੱਗ ਪਏ।

ਮੈਂ ਭਾਰਤ ਦੀ ਲੀਡਰਸ਼ਿਪ ਦਾ ਕਿਹਾ ਗਲਤ ਨਹੀਂ ਮੰਨਦਾ ਕਿ ਭਾਰਤ ਦੀ ਭੰਡੀ ਕਰਨ ਵਾਲਿਆਂ ਨੂੰ ਆਪਣੇ ਦੇਸ਼ਾਂ ਵਿੱਚ ਜੋ ਕੁਝ ਹੁੰਦਾ ਹੈ, ਉਹ ਵੀ ਵੇਖਣਾ ਚਾਹੀਦਾ ਹੈ, ਪਰ ਜੇ ਉਹ ਆਪਣੇ ਘਰਾਂ ਵਿੱਚ ਹੁੰਦਾ ਸਭ ਕੁਝ ਵੇਖ ਲੈਣ ਤਾਂ ਕੀ ਇਸ ਨਾਲ ਭਾਰਤ ਦੇ ਅੰਦਰ ਗਲਤ ਹੁੰਦਾ ਫਿਰ ਗਲਤ ਨਹੀਂ ਰਹਿ ਜਾਵੇਗਾ? ਇਹ ਮੈਥ ਦਾ ਕੋਈ ਫਾਰਮੂਲਾ ਤਾਂ ਹੈ ਨਹੀਂ ਕਿ ਮਾਈਨਸ ਨਾਲ ਮਾਈਨਸ ਨੂੰ ਗੁਣਾ ਕਰੋ ਤਾਂ ਪਲੱਸ ਬਣ ਜਾਵੇਗਾ। ਜ਼ਿੰਦਗੀ ਦੀਆਂ ਹਕੀਕਤਾਂ ਹੋਰ ਹੁੰਦੀਆਂ ਹਨ ਅਤੇ ਕਠੋਰ ਹੁੰਦੀਆਂ ਹਨ। ਏਥੇ ਗਲਤ ਦੇ ਜਵਾਬ ਵਿੱਚ ਗਲਤ ਕੀਤਾ ਠੀਕ ਨਹੀਂ ਬਣ ਸਕਦਾ। ਦੋ ਗਲਤ ਹੋਣ ਨਾਲ ਵੀ ਹੋਰ ਗਲਤ ਗਿਣੇ ਜਾਣਗੇ, ਪਰ ਆਪਣੇ ਘਰ ਦਾ ਕੋਝਾਪਣ ਠੀਕ ਨਹੀਂ ਠਹਿਰਾਇਆ ਜਾ ਸਕਣਾ। ਜੇ ਭਾਰਤ ਦੀ ਹਕੂਮਤ ਨੂੰ ਆਪਣੀ ਤਰੱਕੀ ਉੱਤੇ ਦੁਨੀਆ ਦੀਆਂ ਅੱਖਾਂ ਟਿਕੀਆਂ ਦਾ ਮਾਣ ਸੀ ਤਾਂ ਆਪਣੇ ਕੋਝਾਪੁਣੇ ਉੱਤੇ ਦੁਨੀਆ ਦੀਆਂ ਅੱਖਾਂ ਟਿਕੀਆਂ ਦਾ ਵੀ ਗੁੱਸਾ ਨਹੀਂ ਕਰਨਾ ਚਾਹੀਦਾ, ਪੀੜ੍ਹੀ ਹੇਠ ਸੋਟਾ ਫੇਰ ਲੈਣਾ ਚਾਹੀਦਾ ਹੈ। ਭਾਰਤ ਉਸ ਤਰ੍ਹਾਂ ਦਾ ਭਾਰਤੀ ਲੋਕਤੰਤਰ ਬਣਨਾ ਚਾਹੀਦਾ ਹੈ, ਜਿਸ ਨੂੰ ਸਿਰਫ ਆਬਾਦੀ ਦੇ ਪੱਖੋਂ ਨਹੀਂ, ਅਮਲ ਵਾਲੀ ਪਰਖ ਨੂੰ ਵੇਖਣ ਦੇ ਬਾਅਦ ਸੱਚੇ ਅਰਥਾਂ ਵਿੱਚ ਦੁਨੀਆ ਦਾ 'ਸਭ ਤੋਂ ਲੋਕਤੰਤਰ' ਕਿਹਾ ਜਾ ਸਕੇ, ਪਰ ਉਹ ਘੜੀ ਅਜੇ ਤੱਕ ਨਹੀਂ ਆਈ।

## ਵਿਅੰਗ: ਸਾਡਾ ਘਰ, 'ਬਜ਼ੁਰਗਾਂ ਦਾ ਪਾਰਕ' ਅਤੇ ਆਵਾਰਾ ਕੁੱਤੇ

-ਨੂਰ ਸੰਤੋਖਪੁਰੀ

ਸ਼੍ਰੀਮਾਨ ਅੱਛੇ ਲਾਲ ਜੀ ਨੇ ਸਾਡੇ ਨਾਲ ਚੰਗੀ ਗੱਲ ਨਹੀਂ ਕੀਤੀ। ਉਨ੍ਹਾਂ ਸਾਡੇ ਨਾਲ ਬੜਾ ਵੱਡਾ ਧੋਖਾ ਕੀਤਾ। ਇਸ ਪੌਸ਼ ਕਾਲੋਨੀ ਵਿੱਚ ਆਪਣਾ ਮਕਾਨ ਸਾਨੂੰ ਵੇਚਦੇ ਸਮੇਂ ਇਹ ਨਹੀਂ ਦੱਸਿਆ ਕਿ ਇੱਥੇ ਸੇਵਾਮੁਕਤ ਬੁੱਢੀਆਂ-ਬੁੱਢੇ ਕਾਫੀ ਗਿਣਤੀ ਵਿੱਚ ਹਨ। ਇਸ ਕਾਲੋਨੀ ਨੂੰ ਜੇ 'ਰਿਟਾਇਰਡ ਪਰਸਨਜ਼' ਦੀ ਕਾਲੋਨੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅਸੀਂ ਕਾਲੋਨੀ ਵਿੱਚ ਬਣਾਏ ਗਏ ਖੂਬਸੂਰਤ ਪਾਰਕ ਉੱਤੇ ਪ੍ਰਸੰਨ ਹੋ ਕੇ ਪਾਰਕ ਦੇ ਸਾਹਮਣੇ ਮੌਜੂਦ ਅੱਛੇ ਲਾਲ ਜੀ ਤੋਂ ਉਨ੍ਹਾਂ ਦਾ ਮਕਾਨ ਖਰੀਦ ਲਿਆ।ਪਾਰਕ ਵਿੱਚ ਕਈ ਛੋਟੇ-ਵੱਡੇ ਰੁੱਖ ਲੱਗੇ ਹੋਏ ਹਨ। ਸੋਹਣੇ-ਸੋਹਣੇ ਫੁੱਲਾਂ ਦੀਆਂ ਕਿਆਰੀਆਂ ਹਨ। ਸੈਰ ਕਰਨ ਲਈ ਵੱਖ-ਵੱਖ ਦੋ ਰਾਹ ਵੀ ਬਣੇ ਹਨ। ਇੱਕ ਕੱਚਾ ਤੇ ਦੂਸਰਾ ਪੱਕਾ। ਜੇ ਕੋਈ ਨੰਗੇ ਪੈਰੀਂ ਕੱਚੇ ਰਸਤੇ ਉੱਤੇ ਸੈਰ ਕਰ ਕੇ ਮਿੱਟੀ ਨਾਲ ਮੋਹ ਵਧਾਉਣਾ ਚਾਹੇ ਤਾਂ ਵਧਾ ਲਵੇ। ਪਾਰਕ ਵਿੱਚ ਫੁਹਾਰੇ ਵੀ ਲੱਗੇ ਹਨ ਤੇ ਬੱਚਿਆਂ ਲਈ ਝੂਲੇ ਆਦਿ ਵੀ ਹੈ। ਆਰਾਮ ਕਰਨ ਜਾਂ ਆਰਾਮ ਨਾਲ ਬੈਠਣ ਵਾਸਤੇ ਸੀਮੈਂਟ ਦੇ ਬਣੇ ਬੈਂਚ ਵੀ ਹਨ। ਜਦੋਂ ਸਾਨੂੰ ਆਪਣੇ ਨਵੇਂ ਮਕਾਨ ਵਿੱਚ ਰਹਿੰਦਿਆਂ ਕੁਝ ਦਿਨ ਹੋ ਗਏ, ਉਦੋਂ ਸਾਨੂੰ ਪਤਾ ਲੱਗਾ ਕਿ ਇਸ ਕਾਲੋਨੀ ਵਿੱਚ ਸਿਰਫ ਸੇਵਾਮੁਕਤ ਬਜ਼ੁਰਗਾਂ ਦੀ ਗਿਣਤੀ ਹੀ ਬਹੁਤੀ ਨਹੀਂ, ਆਵਾਰਾ ਪਸ਼ੂਆਂ ਸਣੇ ਕੁੱਤਿਆਂ ਦੀ ਗਿਣਤੀ ਵੀ ਕਾਫੀ ਹੈ। ਅਸੀਂ ਫਿਲਟਰਡ ਪਾਣੀ ਪੀ ਪੀ ਕੇ ਅੱਛੇ ਲਾਲ ਨੂੰ ਕੋਸਣ ਲੱਗੇ। ਸਾਰਾ ਦਿਨ ਪਾਰਕ ਵਿੱਚ ਰਿਟਾਇਰਡ ਬੁੱਢੇ ਰੌਲਾ-ਰੱਪਾ ਕਰਦੇ ਰਹਿੰਦੇ। ਟੋਲੀਆਂ ਬਣਾ ਕੇ ਮਹਿਫਲਾਂ ਸਜਾਈ ਰੱਖਦੇ ਤੇ ਦਿਨ ਵੇਲੇ ਲੁਕ ਕੇ ਬੈਠੇ ਸੁੱਤੇ ਆਵਾਰਾ ਕੁੱਤੇ ਰਾਤ ਨੂੰ ਭੌਂਕ-ਭੌਂਕ ਕੇ ਕਾਲੋਨੀ ਦੀ ਸ਼ਾਂਤੀ ਦੀ ਅਹੀ ਤਹੀ ਕਰ ਦਿੰਦੇ। ਉਨ੍ਹਾਂ ਦੀ ਸੁਰ ਵਿੱਚ ਜਦੋਂ ਕਾਲੋਨੀ ਦੇ ਘਰਾਂ ਦੇ ਪਾਲਤੂ ਕੁੱਤੇ ਆਪ ਸੁਰ ਤਾਲ ਮਿਲਾ ਦਿੰਦੇ, ਉਦੋਂ ਸਾਡਾ ਸਾਰਾ ਸੁੱਖ, ਆਰਾਮ ਅਤੇ ਚੈਨ, ਸਕੂਨ ਉਡ-ਪੁੱਡ ਜਾਂਦਾ। ਅੱਖਾਂ ਵਿੱਚੋਂ ਨੀਂਦ ਗਾਇਬ ਹੋ ਜਾਂਦੀ। ਨਾਲ ਦੇ ਮੰਜੇ ਉੱਤੇ ਪਈ ਸਾਡੀ ਪਤਨੀ ਟੋਕਲਾ ਦੇਵੀ ਸਾਡੀ ਕੁੱਤੇ ਖਾਣੀ ਕਰਨ ਲੱਗ ਜਾਂਦੀ।

ਅਸੀਂ ਵਿਸ ਘੋਲਣ ਲੱਗਦੇ। ਫਿਰ ਮਨ ਹੀ ਮਨ ਜਨਾਬ ਅੱਛੇ ਲਾਲ ਨੂੰ ਲਾਹਨਤਾਂ ਪਾਉਣ ਲੱਗਦੇ, ''ਤੇਰਾ ਬੇੜਾ ਗਰਕ ਹੋ ਜਾਵੇ ਅੱਛੇ ਲਾਲ, ਤੂੰ ਸਾਡੇ ਨਾਲ ਚੰਗੀ ਨਹੀਂ ਕੀਤੀ। ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ ਸਾਡੀ ਜ਼ਿੰਦਗੀ ਵਿੱਚ ਕੁੜੱਤਣ ਭਰ ਦਿੱਤੀ। ਤੇਰਾ ਬਲੱਡ ਪ੍ਰੈਸ਼ਰ ਤੇ ਸ਼ੂਗਰ ਲੈਵਲ ਹਮੇਸ਼ਾ ਵਧਿਆ ਰਹੇ। ਤੈਨੂੰ ਵੀ ਸਾਰਾ ਦਿਨ ਚੈਨ ਅਤੇ ਰਾਤਾਂ ਨੂੰ ਨੀਂਦ ਨਾ ਆਵੇ। ਹਾਏ, ਓਏ।''

ਸਾਨੂੰ ਲੱਗਦਾ ਕਿ ਜਿਹੜੇ ਬਜ਼ੁਰਗ ਵਿਅਕਤੀ ਸਾਰਾ ਦਿਨ ਪਾਰਕ ਵਿੱਚ ਡੇਰਾ, ਮਜ਼ਮਾ ਲਾ ਕੇ ਬੈਠਦੇ ਨੇ, ਉਨ੍ਹਾਂ ਨੂੰ ਆਪੋ-ਆਪਣੇ ਘਰਾਂ ਅੰਦਰ ਘੁਟਨ ਮਹਿਸੂਸ ਹੁੰਦੀ ਹੋਵੇਗੀ। ਜਿਵੇਂ ਅਸੰਤੁਸ਼ਟ ਤੇ ਮੌਕਾਪ੍ਰਸਤ ਲੀਡਰਾਂ ਨੂੰ ਮਹਿਸੂਸ ਹੋਣ ਲੱਗਦੀ ਹੈ ਤੇ ਉਹ ਡੱਡੂ-ਛੜੱਪਾ ਮਾਰ ਕੇ ਦੂਸਰੇ ਸਿਆਸੀ ਦਲਾਂ ਦੇ ਛੱਪੜ ਵਿੱਚ ਜਾ ਵੜਦੇ ਹਨ। ਕਦੇ-ਕਦੇ ਸਾਡੇ ਮਨ ਵਿੱਚ ਖਿਆਲ ਆਉਂਦਾ ਹੈ ਕਿ ਇਨ੍ਹਾਂ ਸੇਵਾਮੁਕਤ, ਫਾਲਤੂ ਜਿਹੇ, ਕੰਡਮ ਹੋ ਚੁੱਕੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਬਣਾਏ, ਵਸਾਏ ਸੁਫਨਿਆਂ ਦੇ ਮਹਿਲਾਂ ਵਿੱਚ ਤੀਲ੍ਹਾ-ਤੀਲ੍ਹਾ ਇਕੱਠਾ ਕਰ ਕੇ ਬਣਾਏ ਆਲ੍ਹਣਿਆਂ ਵਿੱਚ ਆਰਾਮ ਤੇ ਚੈਨ ਨਾਲ ਰਹਿਣ ਨਹੀਂ ਦਿੱਤਾ ਜਾਂਦਾ ਹੋਵੇਗਾ। ਸ਼ਾਇਦ ਤਾਹੀਓਂ ਉਹ ਪਾਰਕਾਂ ਵਿੱਚ ਇਧਰ-ਉਧਰ ਬਹਿ ਕੇ ਜਾਂ ਫਿਰ ਘੁੰਮ ਫਿਰ ਕੇ ਆਪਮੇ ਸਾਹਾਂ ਦੀ ਬਾਕੀ ਬਚੀ ਪੂੰਜੀ ਖਰਚ ਕਰਦੇ ਰਹਿੰਦੇ ਨੇ।

ਉਦੋਂ ਇਨ੍ਹਾਂ ਉੱਤੇ ਆਉਂਦਾ ਤਰਸ, ਸਾਡਾ ਰੋਹ ਅਤੇ ਖਿੱਝ ਵਿੱਚ ਬਦਲ ਜਾਂਦਾ ਹੈ, ਜਦ ਇਹ ਹਾਸ਼ੀਏ ਦੇ ਲੋਕ ਪਾਰਕਾਂ ਵਿੱਚ ਟੋਲੀਆਂ ਬੰਨ੍ਹ-ਬੰਨ੍ਹ ਕੇ ਤਾਸ਼, ਸ਼ਤਰੰਜ ਵਗੈਰਾ ਖੇਡਦਾ ਹੋਏ ਰੌਲਾ-ਰੱਪਾ ਪਾਉਣ ਲੱਗਦੇ। ਜ਼ੋਰ-ਸ਼ੋਰ ਨਾਲ ਟੀ ਵੀ ਦੇ ਚੈਨਲਾਂ ਟਾਈਪ ਬਹਿਸ ਕਰਨ ਲੱਗਦੇ। ਇਨ੍ਹਾਂ ਦੇ ਰੌਲੇ ਕਾਰਨ ਰੁੱਖਾਂ ਉੱਤੇ ਬੈਠੇ ਪੰਛੀ ਉਡ ਜਾਂਦੇ ਹਨ। ਪਾਰਕ ਅੰਦਰ ਸਥਾਪਤ ਸਮਾਧੀ ਰੂਪ ਵਾਲੇ ਬੁੱਤ ਤੋਂ ਇਹ ਪ੍ਰੇਰਨਾ ਨਹੀਂ ਲੈਂਦੇ। ਇਨ੍ਹਾਂ ਦਾ ਮੰਤਵ ਜਿਵੇਂ ਆਪਣੇ ਅੰਦਰਲੇ ਰੌਲੇ ਰੱਪੇ ਨੂੰ ਠੱਲ੍ਹਣ ਲਈ, ਆਪਣੀ ਬੇਚੈਨੀ ਮਿਟਾਉਣ ਖਾਤਰ ਰੌਲਾ ਪਾਉਣ ਅਤੇ ਬਾਹਰ ਬੇਚੈਨੀ ਪੈਦਾ ਕਰਨ ਵਾਲਾ ਹੋਵੇ।

ਇਹ ਆਪਣਾ ਮੰਤਵ ਸਾਡੇ ਘਰ ਦੇ ਸਾਹਮਣੇ ਵਾਲੇ ਪਾਰਕ ਵਿੱਚ ਹੀ ਕਿਉਂ ਪੂਰਾ ਕਰਦੇ ਹਨ? ਕਾਲੋਨੀ ਦੇ ਬੱਚੇ ਵੀ ਪਾਰਕ ਵਿੱਚ ਖੇਡਦੇ ਹਨ। ਪੀਂਘਾਂ ਝੂਟਦੇ ਹਨ। ਉਨ੍ਹਾਂ ਦੇ ਧਮੱਚੜ ਕਾਰਨ ਸਾਨੂੰ ਕੋਈ ਪ੍ਰੇਸ਼ਾਨੀ ਤੇ ਬੇਚੈਨੀ ਨਹੀਂ ਹੁੰਦੀ। ਬੱਚੇ ਆਖਰ ਬੱਚੇ ਹੁੰਦੇ ਹਨ, ਪਰ ਇਨ੍ਹਾਂ ਸਿਆਣੇ-ਬਿਆਣੇ ਬਜ਼ੁਰਗਾਂ ਵੱਲੋਂ ਫੈਲਾਈ ਜਾਂਦੀ ਅਸ਼ਾਂਤੀ ਨਾਲ ਡਾਢੀ ਪ੍ਰੇਸ਼ਾਨੀ ਤੇ ਬੇਚੈਨੀ ਮਹਿਸੂਸ ਹੁੰਦੀ। ਇਨ੍ਹਾਂ ਬੁੱਢਿਆਂ ਨੂੰ ਆਸਪਾਸ ਦੇ ਲੋਕਾਂ ਦੇ ਆਰਾਮ ਅਤੇ ਚੈਨ ਵਿੱਚ ਖਲਲ ਨਹੀਂ ਪਾਉਣਾ ਚਾਹੀਦਾ। ਪਾਰਕ ਦੇ ਕੋਨਿਆਂ ਵਿੱਚ ਲੁੱਕ ਕੇ ਬੈਠਣ ਵਾਲੇ ਦੋ ਨੰਬਰ ਦੇ ਜਵਾਨ ਜੋੜਿਆਂ ਤੋਂ ਸਾਨੂੰ ਤੰਗੀ ਜਾਂ ਉਲਝਣ ਨਹੀਂ ਹੁੰਦੀ, ਕਿਉਂਕਿ ਉਹ ਹੌਲੀ-ਹੌਲੀ ਆਪਸ ਵਿੱਚ ਗੱਲਬਾਤ ਕਰਦੇ ਨੇ। ਰੌਲਾ-ਰੱਪਾ ਨਹੀਂ ਪਾਉਂਦੇ। ਉਨ੍ਹਾਂ ਵੱਲ ਵੇਖ ਕੇ ਸਾਡੇ ਬੁੱਲ੍ਹਾਂ ਉੱਤੇ ਫੈਲੀ ਮੁਸਕੁਰਾਹਟ ਕਹਿੰਦੀ ਹੈ, ''ਕਦੇ ਅਸੀਂ ਵੀ ਟੋਕਲਾ ਦੇਵੀ ਨਾਲ ਇਸੇ ਤਰ੍ਹਾਂ ਲੁੱਕ-ਲੁੱਕ ਕੇ ਮੁਹੱਬਤ ਦੀਆਂ ਗੱਲਾਂ ਕਰਿਆ ਕਰਦੇ ਸਾਂ। ਬਾਅਦ ਵਿੱਚ ਸਾਡਾ ਦੋਵਾਂ ਦਾ ਇੱਕ ਨੰਬਰ ਜੋੜਾ ਬਣ ਗਿਆ ਸੀ।''

ਪਾਰਕ-ਪ੍ਰਸਥੀ ਬੁੱਢਿਆਂ ਦੇ ਪ੍ਰਚੰਡ ਰੌਲੇ-ਰੱਪੇ ਬਾਰੇ ਮੋਬਾਈਲ ਫੋਨ ਉੱਤੇ ਅੱਛੇ ਲਾਲ ਜੀ ਨੂੰ ਦੱਸਦਿਆਂ ਅਸੀਂ ਉਲਾਂਭਾ ਦਿੱਤਾ, ''ਤੁਸੀਂ ਆਪਣਾ ਮਕਾਨ ਵੇਚਣ ਵੇਲੇ ਸਾਨੂੰ ਕਿਉਂ ਨਾ ਦੱਸਿਆ ਕਿ ਇਸ ਕਾਲੋਨੀ ਵਿੱਚ ਸੇਵਾਮੁਕਤ ਬੁੱਢੇ ਭਾਵ ਹਾਸ਼ੀਏ ਵਾਲੇ ਲੋਕ ਵੱਡੀ ਤਦਾਦ ਵਿੱਚ ਨੇ? ਇਨ੍ਹਾਂ ਪਾਰਕ-ਪ੍ਰਸਥ ਬੁੱਢਿਆਂ ਨੇ ਸਾਡਾ ਜੀਣਾ ਹਰਾਮ ਕੀਤਾ ਪਿਐ। ਰਹਿੰਦੀ-ਖੂੰਹਦੀ ਕਸਰ ਆਵਾਰਾ ਪਸ਼ੂ ਤੇ ਕੁੱਤੇ ਪੂਰੀ ਕਰ ਦਿੰਦੇ ਨੇ।'' ਉਧਰੋਂ ਅੱਛੇ ਲਾਲ ਜੀ ਨੇ ਸਾਡੇ ਜ਼ਖਮਾਂ ਉੱਤੇ ਲੂਣ ਭੁੱਕਦਿਆਂ ਕਿਹਾ, ''ਟੋਕਲ ਚੰਦ ਜੀ, ਕੁਝ ਕੁ ਸਾਲਾਂ ਬਾਅਦ ਤੁਸੀਂ ਵੀ ਹਾਸ਼ੀਏ ਉੱਤੇ ਆ ਜਾਣਾ ਹੈ। ਸੇਵਾਮੁਕਤੀ ਤੋਂ ਬਾਅਦ ਤੁਹਾਨੂੰ ਵੀ ਪਾਰਕ-ਪ੍ਰਸਥ ਬਣਨਾ ਜਾਂ ਬਿਰਧ-ਆਸ਼ਰਮ ਜਾਣਾ ਪੈ ਸਕਦਾ ਹੈ।''

## ਜਦੋਂ ਪੰਜਾਬ ਵਿੱਚ ਪਹਿਲੀ ਵਾਰ ਕਰਫਿਊ ਲੱਗਾ

-ਗਿਆਨ ਸਿੰਘ-

ਪੰਜਾਬ ਵਿੱਚ ਤਣਾਅ ਦੀ ਸਥਿਤੀ ਬਣੀ ਹੋਈ ਸੀ। ਰੋਜ਼ ਹਿੰਸਕ ਕਾਰਵਾਈਆਂ ਵਾਪਰਦੀਆਂ ਸਨ। ਕੇਂਦਰ ਸਰਕਾਰ ਨੇ ਪੰਜਾਬ ਵਿੱਚ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਲੋਕਾਂ ਦੀ ਚੁਣੀ ਸਰਕਾਰ 11 ਅਕਤੂਬਰ 1983 ਨੂੰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਤੇ ਸਾਰੀਆਂ ਸ਼ਕਤੀਆਂ ਪੰਜਾਬ ਦੇ ਰਾਜਪਾਲ ਬੀ ਡੀ ਪਾਂਡੇ ਨੂੰ ਮਿਲ ਗਈਆਂ। ਉਨ੍ਹਾਂ ਦੀ ਨਿਯੁਕਤੀ ਇੱਕ ਦਿਨ ਪਹਿਲਾਂ ਅਰਥਾਤ 10 ਅਕਤੂਬਰ 1983 ਨੂੰ ਅਨੰਤ ਪ੍ਰਕਾਸ਼ ਸ਼ਰਮਾ ਦੀ ਥਾਂ ਕੀਤੀ ਗਈ ਸੀ। ਉਨ੍ਹਾਂ ਦੇ ਕੰਮ ਚਲਉਣ ਵਾਲੇ ਪ੍ਰਸ਼ਾਸਨ ਦੀ ਨਿਗਰਾਨੀ ਲਈ ਸਲਾਹਕਾਰ ਨਿਯੁਕਤ ਕੀਤੇ ਗਏ ਸਨ। ਮਾਲਵੇ ਵਿੱਚ ਮੋਗਾ ਤਹਿਸੀਲ ਅਤੇ ਮਾਝੇ ਦੇ ਇਲਾਕੇ ਵਿੱਚ ਗਰਮਦਲੀਆਂ ਦੀਆਂ ਕਰਵਾਈਆਂ ਵਧੇਰੇ ਸਨ।

ਆਜ਼ਾਦੀ ਸੰਗਰਾਮ ਵਿੱਚ ਜਿੱਥੇ ਮੋਗਾ ਦੇ ਲੋਕਾਂ ਨੇ ਕੁਰਬਾਨੀਆਂ ਦੇ ਕੇ ਵੱਡਮੁੱਲਾ ਯੋਗਦਾਨ ਪਾਇਆ ਸੀ, ਉਥੇ ਹੀ ਖਾੜਕੂਵਾਦ ਦੀ ਹਨੇਰੀ ਦੌਰਾਨ ਤੱਤੀ ਹਵਾ ਦੇ ਬੁੱਲਿਆਂ ਦੀ ਮਾਰ ਵੀ ਸਹਿਣੀ ਪਈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਬਾਘਾਪੁਰਾਣਾ ਨੇੜੇ ਪਿੰਡ ਰੋਡੇ ਹੋਣ ਕਰ ਕੇ ਮੋਗਾ ਕੇਂਦਰ ਬਿੰਦੂ ਬਣਿਆ ਹੋਇਆ ਸੀ। ਵੱਡੀ ਗਿਣਤੀ ਵਿੱਚ ਨੌਜਵਾਨ ਸਰਗਰਮੀ ਨਾਲ ਇਸ ਲਹਿਰ ਵਿੱਚ ਕੁੱਦ ਪਏ ਸਨ। ਪੰਜਾਬ ਦੇ ਕਿਸੇ ਹਿੱਸੇ ਵਿੱਚ ਕੋਈ ਘਟਨਾ ਵਾਪਰਦੀ ਤਾਂ ਉਸ ਦਾ ਅਸਰ ਇੱਥੇ ਸਭ ਤੋਂ ਵਧੇਰੇ ਹੁੰਦਾ ਸੀ।ਪੰਜਾਬ ਵਿੱਚ ਧਾਰਮਿਕ ਤੌਰ ਉੱਤੇ ਵਖਰੇਵਾਂ ਤੇ ਫਿਰਕੂ ਤਣਾਅ ਵਧ ਰਿਹਾ ਸੀ, ਆਪਸੀ ਸਦਭਾਵਨਾ ਦੀ ਥਾਂ ਤਨਾਣ ਦੀ ਸਥਿਤੀ ਬਣੀ ਹੋਈ ਸੀ। 'ਧਰਮ ਯੁੱਧ' ਮੋਰਚੇ ਵਿੱਚ ਲਗਾਤਾਰ ਗ੍ਰਿਫਤਾਰੀਆਂ ਹੋ ਰਹੀਆਂ ਸਨ। ਸੰਨ 1984 ਦਾ ਆਰੰਭ ਹੁੰਦਿਆਂ ਸਾਰ ਹਿੰਸਕ ਕਾਰਵਾਈਆਂ ਜ਼ੋਰ ਫੜਨ ਲੱਗੀਆਂ ਸਨ। ਪੰਜਾਬ ਬੰਦ ਦੇ ਸੱਦਿਆਂ ਅਤੇ ਸਾੜ-ਫੂਕ ਦੀਆਂ ਘਟਨਾਵਾਂ ਕਾਰਨ ਕਾਰੋਬਾਰ ਠੱਪ ਹੋਣ ਲੱਗੇ।

ਬੱਸਾਂ ਤੋਂ ਉਤਾਰ ਕੇ ਇੱਕ ਫਿਰਕੇ ਦੇ ਲੋਕਾਂ ਨੂੰ ਮਾਰਿਆ ਜਾਣ ਲੱਗਾ। ਸ਼ਹਿਰਾਂ ਅਤੇ ਪਿੰਡਾਂ ਵਿੱਚ ਵਸਦੇ ਹਿੰਦੂ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਪਿੰਡਾਂ ਤੋਂ ਸ਼ਹਿਰਾਂ ਵੱਲ ਅਤੇ ਸ਼ਹਿਰਾਂ ਤੋਂ ਦੂਜੇ ਸੂਬਿਆਂ ਵੱਲ ਪਲਾਇਨ ਕਰਨ ਲੱਗੇ। ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਦਿਨੋ ਦਿਨ ਵਿਗੜਦੀ ਜਾ ਰਹੀ ਸੀ। ਪ੍ਰਸ਼ਾਸਨ ਵੱਲੋਂ ਅਮਨ ਪਸੰਦ ਸ਼ਹਿਰੀਆਂ ਦੀਆਂ ਕਮੇਟੀਆਂ ਬਣਾ ਕੇ ਮੀਟਿੰਗਾਂ, ਕਾਨਫਰੰਸਾਂ ਕਰ ਕੇ ਲੋਕਾਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਫਰਵਰੀ 1984 ਵਿੱਚ ਹਿੰਸਾ ਤੇ ਬੰਦ ਆਦਿ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਣ ਲੱਗਾ ਸੀ। ਮੋਗਾ ਨੇੜੇ ਬਾਘਾਪੁਰਾਣਾ ਵਿੱਚ ਮਾਰਚ 1984 ਦੇ ਅੱਧ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਕਾਰਨ ਬਾਘਾਪੁਰਾਣਾ ਤੇ ਮੋਗਾ ਵਿੱਚ ਫੈਡਰੇਸ਼ਨ ਦੇ ਮੈਂਬਰਾਂ ਨੇ ਭਾਰੀ ਰੋਸ ਵਿਖਾਵੇ ਕਰ ਕੇ ਗ੍ਰਿਫਤਾਰ ਵਿਅਕਤੀਆਂ ਦੀ ਰਿਹਾਈ ਦੀ ਮੰਗ ਕੀਤੀ, ਪਰ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਾ ਕੀਤੀ, ਜਿਸ ਕਾਰਨ 26 ਮਾਰਚ 1984 ਨੂੰ ਸੂਬੇਦਾਰ ਜੋਗਿੰਦਰ ਸਿੰਘ ਚੌਕ (ਅੱਜਕੱਲ੍ਹ ਲਾਈਟਾਂ ਵਾਲਾ ਚੌਕ) ਵਿੱਚ ਧਰਨਾ ਮਾਰ ਕੇ ਆਵਾਜਾਈ ਠੱਪ ਕਰ ਦਿੱਤੀ ਗਈ। ਅਖੀਰ ਪ੍ਰਸ਼ਾਸਨ ਨੂੰ ਝੁਕਣਾ ਪਿਆ ਅਤੇ ਅਗਲੇ ਦਿਨ ਗ੍ਰਿਫਤਾਰ ਵਿਅਕਤੀਆਂ ਦੀ ਰਿਹਾਈ ਹੋਣ ਉੱਤੇ ਧਰਨਾ ਖਤਮ ਹੋਇਆ ਅਤੇ ਆਵਾਜਾਈ ਬਹਾਲ ਹੋਈ।

ਮੋਗਾ ਸਰਗਰਮੀਆਂ ਦਾ ਕੇਂਦਰ ਬਣ ਚੁੱਕਾ ਸੀ। ਪ੍ਰਸ਼ਾਸਨ ਵੱਲੋਂ ਦਫਾ 144 ਅਧੀਨ ਲੋਕਾਂ ਦੇ ਇਕੱਠੇ ਹੋਣ, ਦੋਪਹੀਆ ਮੋਟਰ ਗੱਡੀਆਂ ਅਤੇ ਹਥਿਆਰ ਲੈ ਕੇ ਚੱਲਣਾ ਦੀਆਂ ਮਨਾਹੀਆਂ ਵੀ ਅਸਰ ਨਾ ਵਿਖਾ ਸਕੀਆਂ। ਪ੍ਰਸਾਸਨ ਨੂੰ ਹਥਿਆਰਾਂ ਉਪਰ ਲੱਗੀ ਪਾਬੰਦੀ ਵਾਪਸ ਲੈਣੀ ਪਈ। ਮਾਸਟਰ ਚਿਮਨ ਲਾਲ ਨੂੰ ਕਸਬਾ ਬੱਧਣੀ ਵਿਖੇ ਜ਼ਖਮੀ ਕਰਨਾ, ਮੋਗਾ ਸ਼ਹਿਰ ਵਿੱਚ ਨਿਰੰਕਾਰੀ ਹੁਕਮ ਚੰਦ ਉੱਤੇ ਫਾਇਰਿੰਗ, ਹਰਬੰਸ ਲਾਲ ਖੰਨਾ ਐੱਮ ਐੱਲ ਏ ਦਾ ਅੰਮ੍ਰਿਤਸਰ ਵਿਖੇ ਅਤੇ ਡਾਕਟਰ ਵੀ ਐੱਨ ਤਿਵਾੜੀ ਐੱਮ ਪੀ ਦਾ ਚੰਡੀਗੜ੍ਹ ਵਿਖੇ ਦਿਨ ਦਿਹਾੜੇ ਕਤਲ ਆਦਿ ਘਟਨਾਵਾਂ ਨੇ ਲੋਕਾਂ ਦੇ ਦਿਲ ਦਹਿਲਾ ਦਿੱਤੇ ਸਨ।ਤਿੰਨ ਅਪ੍ਰੈਲ ਨੂੰ ਪੰਜਾਬ ਬੰਦ ਦੇ ਸੱਦੇ ਮੌਕੇ ਭਾਜਪਾ ਅਤੇ ਸ਼ਿਵ ਸੈਨਾ ਨੇ ਮੋਗਾ ਵਿੱਚ ਮਾਰਚ ਕੱਢਿਆ ਤੇ ਰੈਲੀ ਕੀਤੀ। ਮੋਗਾ ਸ਼ਹਿਰ ਵਿੱਚ ਚਾਰ ਅਪ੍ਰੈਲ ਨੂੰ ਮੈਜਿਸਟਿਕ ਚੌਕ ਤੇ ਨਾਨਕ ਨਗਰੀ ਵਿੱਚ ਵਾਪਰੀਆਂ ਦੋ ਬੰਬ ਫਟਣ ਦੀਆਂ ਘਟਨਾਵਾਂ ਵਿੱਚ ਚਾਰ ਜਣੇ ਫੱਟੜ ਹੋਏ। ਛੇ ਅਪ੍ਰੈਲ ਨੂੰ ਮੇਨ ਬਾਜ਼ਾਰ ਵਿੱਚ ਗੁਰਦੁਆਰਾ ਸਿੰਘ ਸਭਾ ਨੇੜੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁਨਾਂ ਤੇ ਕੇਂਦਰੀ ਸੁਰੱਖਿਆ ਬਲਾਂ ਦੇ ਜਵਾਨਾਂ ਵਿਚਾਲੇ ਟਕਰਾ ਹੁੰਦਾ ਹੁੰਦਾ ਟਲਿਆ। ਪੰਜਾਬ ਵਿੱਚ ਮੋਗਾ ਸਬ ਡਵੀਜ਼ਨ ਦੇ ਘੱਲ ਕਲਾਂ ਅਤੇ ਮਹੇਸਰੀ ਸਮੇਤ 37 ਰੇਲਵੇ ਸਟੇਸ਼ਨਾਂ ਨੂੰ ਅੱਤਵਾਦੀਆਂ ਨੇ ਅੱਗ ਲਾ ਦਿੱਤੀ। ਪੁਲਸ ਨੇ ਭਿੰਡਰਾਂਵਾਲਿਆਂ ਦੇ ਭਰਾ ਜਗਜੀਤ ਸਿੰਘ ਰੋਡੇ ਅਤੇ ਅਮਰ ਸਿੰਘ ਲੰਡੇਆਣਾ ਨੂੰ ਚੌਕਸੀ ਵਜੋਂ 188 ਅਧੀਨ ਗ੍ਰਿਫਤਾਰ ਕਰ ਕੇ ਫਰੀਦਕੋਟ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਨ੍ਹਾਂ ਦੀ ਰਿਹਾਈ ਲਈ 16 ਅਪ੍ਰੈਲ 1984 ਨੂੰ ਫੈਡਰੇਸ਼ਨ ਦੇ ਮੈਂਬਰ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਇਕੱਠੇ ਹੋਣੇ ਸ਼ੁਰੂ ਹੋਏ। ਸਥਿਤੀ ਤਣਾਅ ਵਾਲੀ ਹੋ ਰਹੀ ਸੀ। ਮੋਗਾ ਵਿੱਚ ਅਮਨ-ਕਾਨੂੰਨ ਦੀ ਵਿਗੜਦੀ ਹਾਲਤ ਨੂੰ ਦੇਖ ਕੇ ਧਾਰਾ 144 ਦੀ ਮੁਨਿਆਦੀ ਕਰ ਕੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀ ਇੱਕਠੇ ਹੋਣ ਅਤੇ ਹਥਿਆਰ ਲੈ ਕੇ ਚੱਲਣ ਉੱਤੇ ਪਾਬੰਦੀ ਲਾ ਦਿੱਤੀ ਗਈ, ਪਰਲੋਕ ਆਉਣੋ ਨਾ ਰੁਕੇ। ਉਸ ਵੇਲੇ ਮੋਗਾ ਵਿਖੇ ਤੈਨਾਤ ਐਸ ਡੀ ਐਮ ਅਮਰਜੀਤ ਸਿੰਘ ਨੇ ਮੈਨੂੰ ਆਪਣੇ ਦਫਤਰ ਬਿਠਾ ਲਿਆ ਕਿਉਂਕਿ ਮੇਰੀ ਨਿਯੁਕਤੀ ਬਤੌਰ ਏ ਪੀ ਆਰ ਓ ਮੋਗਾ ਸੀ।

ਸਾਰਾ ਦਿਨ ਚੰਡੀਗੜ੍ਹ ਅਤੇ ਫਰੀਦਕੋਟ ਵਿਖੇ ਵਿਚਾਰ-ਵਟਾਂਦਰਾ ਜਾਰੀ ਰਿਹਾ ਕਿ ਸਥਿਤੀ ਕਿਵੇਂ ਕੰਟਰੋਲ ਕੀਤੀ ਜਾਵੇ। ਹੁਕਮਾਂ ਦੀ ਉਡੀਕ ਹੁੰਦੀ ਰਹੀ, ਪਰ ਦੇਰ ਸ਼ਾਮ ਤੱਕ ਕੋਈ ਫੈਸਲਾ ਨਾ ਹੋ ਸਕਿਆ। ਅਸੀਂ ਘਰ ਚਲੇ ਗਏ, ਪਰ ਸਰਕਾਰੀ ਗੱਡੀ ਲਾਊਡ ਸਪੀਕਰ ਫਿੱਟ ਕਰ ਕੇ ਐੱਸ ਡੀ ਐੱਮ ਦਫਤਰ ਵਿੱਚ ਖੜ੍ਹੀ ਰੱਖੀ। ਅਖੀਰ ਦੇਰ ਰਾਤ ਪ੍ਰਸ਼ਾਸਨ ਇਸ ਨਤੀਜੇ ਉੱਤੇ ਪਹੁੰਚਿਆ ਕਿ ਗਰਮਦਲੀਆਂ ਦੀਆਂ ਸਰਗਰਮੀਆਂ ਰੋਕਣ ਲਈ ਕਰਫਿਊ ਲਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਅੱਧੀ ਰਾਤ ਨੂੰ ਐੱਸ ਡੀ ਐੱਮ ਦੀ ਜੀਪ ਆ ਕੇ ਮੈਨੂੰ ਘਰ ਤੋਂ ਲੈ ਕੇ ਗਈ। ਹੁਕਮ ਮਿਲਦਿਆਂ ਹੀ 17 ਅਪ੍ਰੈਲ ਨੂੰ ਸਵੇਰੇ ਸੁਵੱਖਤੇ ਕਰੀਬ ਢਾਈ ਵਜੇ ਜਦੋਂ ਲੋਕ ਗੂੜ੍ਹੀ ਨੀਂਦ ਦਾ ਆਨੰਦ ਲੈ ਰਹੇ ਸਨ, ਸਵੇਰੇ ਚਾਰ ਵਜੇ ਤੋਂ ਸ਼ਾਮ ਸੱਤ ਵਜੇ ਤੱਕ ਕਰਫਿਊ ਲਾਉਣ ਦੀ ਅਨਾਊਂਸਮੈਂਟ ਕਰ ਦਿੱਤੀ ਗਈ।ਕਰਫਿਊ ਦਾ ਐਲਾਨ ਸੁਣਦਿਆਂ ਲੋਕਾਂ ਦੀ ਜਾਗ ਖੁੱਲ੍ਹ ਗਈ। ਖਲਬਲੀ ਮਚ ਗਈ ਤੇ ਲੋਕ ਸੜਕਾਂ ਉੱਤੇ ਨਿਕਲ ਆਏ। ਮੋਗਾ ਵਿਖੇ ਕਰਫਿਊ ਲਾ ਕੇ ਬਾਘਾਪੁਰਾਣਾ ਵਿਖੇ ਵੀ ਅਨਾਊਂਸਮੰਟ ਕਰ ਦਿੱਤੀ ਗਈ। ਲੋਕਾਂ ਨੇ ਸਵੇਰੇ ਬਰਤਨ ਚੁੱਕੇ ਤੇ ਮੱਝਾਂ ਦੇ ਅਹਾਤਿਆਂ ਅਤੇ ਡੇਅਰੀਆਂ ਵੱਲ ਦੁੱਧ ਲੈਣ ਲਈ ਚੱਲ ਪਏ, ਕਿਉਂਕਿ ਕਰਫਿਊ ਕਾਰਨ ਚਾਰ ਵਜੇ ਤੋਂ ਬਾਅਦ ਘਰਾਂ ਤੋਂ ਨਿਕਲਣਾ ਮੁਸ਼ਕਲ ਹੋ ਜਾਣਾ ਸੀ। ਮੋਗਾ



ਸ਼ਹਿਰ ਦੇ ਗੁਰਦੁਆਰਿਆਂ ਬੀਬੀ ਕਾਹਨ ਕੌਰ, ਗੁਰਦੁਆਰਾ ਸਿੰਘ ਸਭਾ ਤੇ ਗੁਰ-ਦੁਆਰਾ ਅਕਾਲਸਰ ਉੱਤੇ ਇਕੱਠੇ ਹੋਏ ਨੌਜਵਾਨ ਘਿਰ ਗਏ। ਇਹ ਸੀ ਪੰਜਾਬ ਵਿੱਚ ਲੱਗੇ ਪਹਿਲੇ ਕਰਫਿਊ ਦੀ ਦਾਸਤਾਨ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224

# ਸਿੱਖ ਕੌਣ ਹੈ ? ਕਿਹੜੇ ਸ਼ਰਧਾਲੂਆਂ ਨੂੰ ਮਿਲਾ ਕੇ 'ਸਿੱਖ ਪੰਥ' ਬਣਦਾ ਹੈ ?

ਠਾਕੁਰ ਦਲੀਪ ਸਿੰਘ

ਸਤਿਗੁਰੂ ਨਾਨਕ ਦੇਵ ਜੀ ਉੱਤੇ ਸ਼ਰਧਾ ਰੱਖਣ ਵਾਲਾ ਹਰ ਪ੍ਰਾਣੀ "ਸਿੱਖ" ਹੈ, ਕਿਉਂਕਿ "ਸਿੱਖੀ" ਸ਼ਰਧਾ ਨਾਲ ਹੈ ; ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ (ਮ:1) । ਸਿਰਫ ਮਨੁੱਖ ਹੀ ਨਹੀਂ, ਹਰ ਪ੍ਰਾਣੀ "ਸਿੱਖ"(ਸ਼ਿਸ਼ /ਮੁਰੀਦ) ਹੈ। ਜਿਸ ਸੱਪ ਨੇ ਗੁਰੂ ਜੀ ਉੱਤੇ ਛਾਂ ਕੀਤੀ ਸੀ, ਉਹ ਵੀ "ਸਿੱਖ" ਸੀ। ਸਾਰੇ ਗੁਰੂ ਨਾਨਕ ਨਾਮ ਲੇਵਾ (ਨਾਨਕ ਪੰਥੀਆਂ) ਨੂੰ ਮਿਲਾ ਕੇ ਹੀ ਸਮੁੱਚਾ ਸਿੱਖ ਪੰਥ ਬਣਦਾ ਹੈ। ਸਿੱਖ ਪੰਥ ਸਿਰਫ "ਅੰਮ੍ਰਿਤਧਾਰੀ ਖਾਲਸੇ" ਹੀ ਨਹੀਂ, ਜਦਕਿ "ਅੰਮ੍ਰਿਤਧਾਰੀ ਖਾਲਸੇ" (ਖਾਲਸਾ ਪੰਥ) ਤਾਂ ਸਮੁੱਚੇ ਸਿੱਖ ਪੰਥ ਦਾ ਇੱਕ ਸ੍ਰੇਸ਼ਟ ਅੰਗ ਹਨ। ਭਾਈ ਘਨੱ੍ਹਈਆ, ਭਾਈ ਨੰਦ ਲਾਲ, ਦੀਵਾਨ ਟੋਡਰ ਮੱਲ ਆਦਿ ਸਿੱਖ; ਦਸਵੇਂ ਪਾਤਸ਼ਾਹ ਜੀ ਦੇ ਸਮੇਂ ਵੀ "ਅੰਮ੍ਰਿਤਧਾਰੀ" ਨਹੀਂ ਸਨ: ਪਰ ਉਹ ਵੀ ਮਹਾਨ ਸਿੱਖ ਸਨ। ਅੱਜ ਵੀ ਜੋ ਹਿੰਦੂ, ਮੁਸਲਮਾਨ, ਜੈਨ, ਬੁੱਧ ਆਦਿ ਗੁਰੂ ਜੀ ਉੱਤੇ ਸ਼ਰਧਾ ਰੱਖਦੇ ਹਨ, ਉਹ ਸਾਰੇ ਹੀ "ਨਾਨਕ ਪੰਥੀ" ਹਨ ਅਤੇ "ਸਿੱਖ" (ਸ਼ਿਸ਼ /ਮੁਰੀਦ) ਹਨ। ਕਿਉਂਕਿ, ਗੁਰੂ ਜੀ ਨੇ ਕੋਈ ਵੀ ਵੱਖਰਾ ਪੰਥ ਕਦੇ ਵੀ ਨਹੀਂ ਬਣਾਇਆ ਅਤੇ ਨਾ ਹੀ ਉਹਨਾਂ ਨੇ ਇਹ ਬਚਨ ਕੀਤਾ: "ਮੈਂ ਇਹ ਵੱਖਰਾ ਨਵਾਂ ਪੰਥ ਬਣਾ ਰਿਹਾ ਹਾਂ, ਇਸ ਦਾ ਨਾਮ "ਸਿੱਖ" ਹੋਵੇਗਾ।

ਜੇਕਰ ਗੁਰੂ ਜੀ ਨੇ ਆਪਣਾ ਨਵਾਂ ਵੱਖਰਾ ਪੰਥ ਬਣਾ ਕੇ ਉਸ ਨੂੰ "ਸਿੱਖ" ਨਾਮ ਦਿੱਤਾ ਹੁੰਦਾ ਤਾਂ ਮੁਸਲਮਾਨਾਂ ਦੇ ਵੱਡੇ-ਵੱਡੇ ਪੀਰ: ਜਿਵੇਂ, ਸਾਂਈ ਮੀਆਂ ਮੀਰ, ਪੀਰ ਬੁੱਧੂ ਸ਼ਾਹ ਆਦਿ; ਉਹ ਕਦੇ ਵੀ ਗੁਰੂ ਜੀ ਦੇ ਸ਼ਰਧਾਲੂ ਨਾ ਬਣਦੇ। ਜੇਕਰ ਗੁਰੂ ਜੀ ਨੇ ਵੱਖਰਾ ਪੰਥ ਬਣਾਇਆ ਹੁੰਦਾ, ਤਾਂ 'ਪੀਰ ਭੀਖਣ ਸ਼ਾਹ' ਦੋ ਕੁੱਜੀਆਂ ਦੀ ਥਾਂ, ਤਿੰਨ ਕੁੱਜੀਆਂ ਲੈ ਕੇ ਆਉਂਦਾ। ਪਰ, ਗੁਰੂ ਜੀ ਨੇ ਆਪਣਾ ਵੱਖਰਾਪਣ, ਵੱਖਰਾ ਧਰਮ, ਵੱਖਰਾ ਪੰਥ ਕਦੇ ਬਣਾਇਆ ਹੀ ਨਹੀਂ। ਗੁਰੂ ਜੀ ਨੇ ਕਰਾਮਾਤਾਂ ਵਿਖਾਈਆਂ ਅਤੇ ਸਾਂਝਾ ਸ਼ੁਭ ਉਪਦੇਸ਼ ਦਿੱਤਾ, ਤਾਂ ਹੀ:ਲਾਮੇ, ਹਿੰਦੂ, ਮੁਸਲਮਾਨ, ਬੋਧੀ ਆਦਿ ਸਾਰੇ ਹੀ ਸਤਿਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਸੇਵਕ ਬਣੇ। ਇਸ ਲਈ ਹਰ 'ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ' "ਸਿੱਖ" ਹੈ। ਜੋ ਵੀ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦਾ/ਸ਼ਰਧਾ ਰੱਖਦਾ ਹੈ ਅਤੇ ਉਹਨਾਂ ਦੇ ਗੱਦੀ-ਨਸ਼ੀਨ ਗੁਰੂ ਸਾਹਿਬਾਨਾਂ ਨੂੰ ਮੰਨਦਾ ਹੈ: ਭਾਵੇਂ ਉਹ ਇੱਕ ਨੂੰ ਮੰਨੇ ਜਾਂ ਬਹੁਤਿਆਂ ਨੂੰ ਮੰਨੇ; ਉਹ ਮਨੁੱਖ ਆਪਣੇ ਉਸੇ ਵਿਸ਼ਵਾਸ ਅਤੇ ਸ਼ਰਧਾ ਸਮੇਤ ਹੀ ਸਿੱਖ/ਸ਼ਿਸ਼ /ਮੁਰੀਦ ਹੈ। ਜਿਵੇਂ, ਮੁਸਲਮਾਨ, ਧੀਰਮੱਲੀਏ, ਰਾਮਰਾਈਏ, ਸਹਿਜਧਾਰੀ, ਨਾਮਧਾਰੀ ਆਦਿ।

"ਗੁਰੂ ਨਾਨਕ ਪੰਥੀਆਂ" ਨੂੰ, ਉਹ ਜਿਸ ਵਿਸਵਾਸ਼ ਵਿਚ ਵੀ ਸਤਿਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਜਿੰਨੇ ਵੀ ਗੱਦੀ-ਨਸ਼ੀਨਾਂ ਨੂੰ ਮੰਨਦੇ ਹਨ; ਉਹਨਾਂ ਸ਼ਰਧਾਲੂਆਂ ਨੂੰ, ਓਸੇ ਰੂਪ ਵਿਚ "ਨਾਨਕ ਪੰਥੀ" ਹੋਣ ਕਰਕੇ "ਸਿੱਖ" ਪ੍ਰਵਾਨ ਕਰਨਾ ਯੋਗ ਹੈ। ਜਿਵੇਂ ਕਿ ਉਦਾਸੀ: ਸਤਿਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਬਾਬਾ ਸ੍ਰੀ ਚੰਦ ਜੀ ਨੂੰ, ਧੀਰਮੱਲੀਏ: ਬਾਬਾ ਧੀਰਮੱਲ ਜੀ ਨੂੰ, ਰਾਮਰਾਈਏ: ਬਾਬਾ ਰਾਮਰਾਇ ਜੀ ਨੂੰ ਅਤੇ ਨਾਮਧਾਰੀਏ: ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਦੇ ਹਨ। ਇਸੇ ਤਰ੍ਹਾਂ ਬਾਕੀ ਸੰਪਰਦਾਵਾਂ ਦੇ ਵੀ ਆਪੋ ਆਪਣੇ ਵਿਸ਼ਵਾਸ ਹਨ. ਉਹਨਾਂ ਦੇ ਵਿਸ਼ਵਾਸਾਂ ਨੂੰ ਓਸੇ ਤਰ੍ਹਾਂ ਹੀ ਪ੍ਰਵਾਨ ਕਰ ਲੈਣਾ ਚਾਹੀਦਾ ਹੈ ਅਤੇ ਕਿਸੇ ਵੀ ਸੰਪਰਦਾ ਨੂੰ ਆਪਣੇ ਵਿਸ਼ਵਾਸ, ਦੂਸਰੀ ਸੰਪਰਦਾ ਉੱਤੇ ਠੋਸਣੇ ਨਹੀਂ ਚਾਹੀਦੇ। ਜੇਕਰ ਅਸੀਂ ਇਸ ਉੱਤਮ ਅਤੇ ਵਿਸ਼ਾਲ ਸੋਚ ਨੂੰ ਅਪਣਾ ਲਈਏ, ਤਾਂ ਸਾਰੇ ਗੁਰੂ ਨਾਨਕ ਪੰਥੀਆਂ ਨੂੰ ਮਿਲਾ ਕੇ ਸਿੱਖ ਪੰਥ ਦੀ ਗਿਣਤੀ 50 ਕਰੋੜ ਤੋਂ ਵੱਧ ਹੋ ਜਾਵੇਗੀ। (ਕਿਉਂਕਿ, ਬਹੁਤ ਸਾਰੇ ਹਿੰਦੂ ਆਖੇ ਜਾਂਦੇ ਵੀਰ ਸਤਿਗੁਰੂ ਨਾਨਕ ਦੇਵ ਜੀ ਨੂੰ ਮੰਨਦੇ ਹਨ।)

ਸਤਿਗੁਰੂ ਨਾਨਕ ਦੇਵ ਜੀ ਦੀ ਰੰਗ-ਬਿਰੰਗੀ ਫੁਲਵਾੜੀ ਦੇ ਰੰਗ ਬਿਰੰਗੇ ਫੁੱਲ; ਕਈ ਸੰਪਰਦਾਵਾਂ ਦੇ ਰੂਪ ਵਿਚ ਹਨ। ਕੁਝ "ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ" ਦੇ ਨਾਮ ਹੇਠ ਲਿਖੇ ਹਨ, ਪਰ ਸਾਰੇ ਨਹੀਂ ਮਿਲੇ:

1) ਉਦਾਸੀ. 2) ਸਿੰਧੀ. 3) ਧੀਰਮੱਲੀਏ. 4) ਰਾਮਰਾਈਏ. 5) ਸਤਿ ਕਰਤਾਰੀਏ. 6) ਹਿੰਦਲੀਏ. 7) ਹੀਰਾ ਦਾਸੀਏ. 8) ਨਾਮਧਾਰੀ. 9) ਨਿਰੰਕਾਰੀ. 10) ਨਿਹੰਗ ਸਿੰਘ. 11) ਬੰਦਈ ਖਾਲਸਾ. 12) ਨਿਰਮਲੇ. 13) ਸੇਵਾ ਪੰਥੀ. 14) ਗਹਿਰ ਗੰਭੀਰੀਏ. 15) ਨੀਲਧਾਰੀ. 16) ਅਕਾਲੀ. 17) ਭਗਤ ਪੰਥੀ. 18)ਸਿਕਲੀਗਰ. 19) ਸਤਿਨਾਮੀ. 20) ਜੌਹਰੀ. 21) ਅਫਗਾਨੀ. 22) ਮਰਦਾਨੇ ਕੇ. 23) ਅਸਾਮੀ. 24) ਲਾਮੇ. 25) ਵਣਜਾਰੇ. 26)ਅਗਰਹਾਰੀ. 27) ਸਹਿਜਧਾਰੀ, ਆਦਿ।

ਵਿਸ਼ੇਸ਼ : ਇਹਨਾਂ ਸੰਪਰਦਾਵਾਂ ਦੇ ਵਿਸ਼ਵਾਸ, ਬਾਹਰਲੇ ਸਰੂਪ ਅਤੇ ਪ੍ਰੰਪਰਾਵਾਂ ਆਪੋ-ਆਪਣੀਆਂ, ਵੱਖੋ-ਵੱਖ ਹਨ। ਉਸ ਵਖਰੇਵੇਂ ਕਾਰਣ ਹੀ, ਸਤਿਗੁਰੂ ਨਾਨਕ ਦੇਵ ਜੀ ਦੀ ਫੁਲਵਾੜੀ ਰੰਗ-ਬਿਰੰਗੀ ਹੈ। ਉਸ ਰੰਗ-ਬਿਰੰਗੀ ਫੁਲਵਾੜੀ ਨੂੰ, ਰੰਗ ਬਿਰੰਗੀ ਹੀ ਰੱਖਣ ਦੀ ਲੋੜ ਹੈ।

(ੳ) ਸੰਸਕ੍ਰਿਤ ਦੇ "ਸ਼ਿਸ਼ਯ" ਸ਼ਬਦ ਤੋਂ ਪੰਜਾਬੀ ਦਾ ਸ਼ਬਦ "ਸਿੱਖ" ਬਣਿਆ ਹੈ। ਗੁਰੂ ਜੀ ਦੇ ਸ਼ਿਸ਼/ਸਿੱਖ ਹੋਣ ਕਰਕੇ ਸਾਡਾ ਸਿੱਖ ਨਾਮ ਪ੍ਰਚੱਲਿਤ ਹੋ ਗਿਆ ਹੈ। ਜੋ ਕਿ ਸਹੀ ਹੈ, ਇਸ ਨਾਮ ਨੂੰ ਵਰਤਣਾ ਯੋਗ ਹੈ। ਅੱਜ ਸਾਰੇ ਸੰਸਾਰ ਵਿਚ ਸਿੱਖ ਨਾਮ ਵਾਲੇ ਧਰਮ/ਪੰਥ ਦਾ ਬੜਾ ਜਸ ਹੈ।

ਸੰਪਰਕ: ਰਾਜਪਾਲ ਕੌਰ 9023150008, ਰਤਨਦੀਪ ਸਿੰਘ 9650066108

## ਹਲਕਾ ਫੁਲਕਾ

ਇੱਕ ਵੋਟਰ ਈ ਵੀ ਐਮ ਮਸ਼ੀਨ ਦੇ ਸਾਹਮਣੇ ਬੜੀ ਦੇਰ ਤੱਕ ਬਿਨਾਂ ਵੋਟ ਕੀਤੇ ਖੜ੍ਹਾ ਸੀ..

ਪੋਲਿੰਗ ਅਧਿਕਾਰੀ ਨੇ ਪੁੱਛਿਆ, "ਓਹ ਭਾਈ ਸਾਬ੍ਹ! ਕੀ ਸੋਚ ਰਹੇ ਹੋ, ਵੋਟ ਕਿਉਂ ਨਹੀਂ ਪਾ ਰਹੇ?"

ਵੋਟਰ ਬੋਲਿਆ, "ਰਾਤ ਨੂੰ ਕਿਹੜੇ ਉਮੀਦਵਾਰ ਨੇ ਪਿਆਈ ਸੀ, ਯਾਦ ਨਹੀਂ ਆ ਰਿਹਾ।"

********



ਪੱਪੂ ਦੀ ਪਤਨੀ ਡਰਾਈਵਰ ਨਾਲ ਭੱਜ ਗਈ...

ਗੱਪੂ (ਪੱਪੂ ਨੂੰ), "ਓਹ ਯਾਰ! ਤੂੰ ਕੀ ਕਰੇਂਗਾ?"

ਪੱਪੂ, "ਕਰਨਾ ਕੀ ਹੈ ਯਾਰ, ਗੱਡੀ ਖੁਦ ਹੀ ਚਲਾਉਣੀ ਪਵੇਗੀ?"

********

ਪਤੀ-ਪਤਨੀ ਭਾਂਡਿਆਂ ਦੀ ਦੁਕਾਨ ਵਿੱਚ ਝਗੜ ਰਹੇ ਸਨ...

ਪਤਨੀ, "ਇਹ ਵਾਲਾ ਸਟੀਲ ਦਾ ਗਲਾਸ ਲਵੋ?"

ਪਤੀ, "ਨਹੀਂ, ਇਹ ਵੱਡਾ ਗਲਾਸ ਲਵਾਂਗੇ।"

ਦੁਕਾਨਦਾਰ, "ਸਾਬ੍ਹ ਜੀ! ਅੱਜ ਮਹਿਲਾ ਦਿਵਸ ਹੈ, ਮੈਡਮ ਜੋ ਕਹਿ ਰਹੀ ਹੈ, ਉਹੀ ਗਲਾਸ ਲੈ ਲਵੋ।"

ਪਤੀ, "ਓਏ! ਤੈਨੂੰ ਵੇਚਣ ਦੀ ਪਈ ਹੈ, ਮੇਰਾ ਇਸ ਛੋਟੇ ਗਲਾਸ ਵਿੱਚ ਹੱਥ ਨਹੀਂ ਵੜਦਾ, ਮੈਂ ਇਸ ਨੂੰ ਮਾਂਜਾਗਾ ਕਿਵੇਂ?"

# 'ਮੇਰੇ ਸਜਣ ਮੀਤ ਮੁਰਾਰੇ ਜੀਉ' - ਦੋਸਤੀ ਦਾ ਅਹਿਮ ਦਸਤਾਵੇਜ

ਕਰੋਨਾ ਕਾਲ ਤੋਂ ਮਿਲੀ ਰਾਹਤ ਤੋਂ ਬਾਅਦ ਨਿੱਜੀ ਮੇਲ਼-ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਜਾਣ 'ਤੇ ਬੀਤੇ ਦਿਨੀਂ ਇਕ ਸਾਹਿਤਕ ਸਮਾਗ਼ਮ ਵਿਚ ਬਰੈਂਪਟਨ ਦੇ ਨਾਮਵਰ ਲੇਖਕ ਪੂਰਨ ਸਿੰਘ ਪਾਂਧੀ ਨਾਲ ਬੜੀ ਦੇਰ ਬਾਅਦ ਮੁਲਾਕਾਤ ਹੋਈ ਅਤੇ ਇਸ ਦੌਰਾਨ ਉਨ੍ਹਾਂ ਨੇ ਆਪਣੀਆਂ ਦੋ ਪੁਸਤਕਾਂ 'ਮੇਰੇ ਸਜਣ ਮੀਤ ਮੁਰਾਰੇ ਜੀਉ' ਅਤੇ



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

'ਜਿਨ੍ਹ ਮਿਲਿਆਂ ਰੂਹ ਰੌਸ਼ਨ ਹੋਵੇ' ਪਠਨ-ਪਾਠਨ ਲਈ ਮੈਨੂੰ ਦਿੱਤੀਆਂ। ਘਰ ਆ ਕੇ ਪਹਿਲੀ ਪੁਸਤਕ ਦਾ ਪਾਠ ਆਰੰਭ ਕੀਤਾ ਅਤੇ 176 ਪੰਨਿਆਂ ਦੀ ਇਹ ਪੁਸਤਕ ਦੋ ਦਿਨਾਂ ਵਿਚ ਨਿੱਠ ਕੇ ਪੜ੍ਹੀ। ਨਾਲ਼ ਹੀ ਇਸ ਦੇ ਬਾਰੇ ਕੁਝ ਲਿਖਣ ਨੂੰ ਮਨ ਕਰ ਆਇਆ। ਸੋਚਿਆ, ਪਹਿਲਾਂ ਇਹ ਕੰਮ ਕਰ ਲਈਏ ਅਤੇ ਦੂਸਰੀ ਨੂੰ ਬਾਅਦ 'ਚ ਹੀ ਹੱਥ ਪਾਇਆ ਜਾਏ।

ਹੱਥਲੀ ਪੁਸਤਕ ਦੇ ਬਾਰੇ ਕੁਝ ਕਹਿਣ ਤੋਂ ਪਹਿਲਾਂ ਪਾਂਧੀ ਸਾਹਿਬ ਦੀ ਪਿਆਰੀ ਚੁੰਭਕੀ ਸ਼ਖ਼ਸੀਅਤ ਬਾਰੇ ਕੁਝ ਗੱਲਾਂ ਜ਼ਰੂਰ ਕਰਨੀਆਂ ਚਾਹਾਂਗਾ। ਪੂਰਨ ਸਿੰਘ ਪਾਂਧੀ ਪੰਜਾਬੀ ਸਾਹਿਤ ਜਗਤ ਅਤੇ ਬਰੈਂਪਟਨ ਦੀ ਜਾਣੀ-ਪਛਾਣੀ ਸ਼ਖ਼ਸੀਅਤ ਹਨ। ਸਕੂਲ ਅਧਿਆਪਨ ਉਨ੍ਹਾਂ ਦਾ ਪੰਜਾਬ ਵਿਚ ਮੁੱਖ ਕਾਰਜ-ਖ਼ੇਤਰ ਅਤੇ ਰੋਜ਼ੀ-ਰੋਟੀ ਦਾ ਸਾਧਨ ਰਿਹਾ ਹੈ ਜਿਸ ਤੋਂ 1991 ਵਿਚ ਸੇਵਾ-ਮੁਕਤ ਹੋਣ ਤੋਂ ਬਾਅਦ ਉਹ 1996 ਵਿਚ ਬਰੈਂਪਟਨ ਆਪਣੇ ਬੇਟੇ ਕੋਲ ਆਏ। ਉਹ ਕਵਿਤਾ, ਛੰਦ-ਸ਼ਾਸਤਰ ਤੇ ਪੰਜਾਬੀ ਵਿਆਕਰਣ ਦੇ ਵਿਸ਼ੇਸ਼ੱਗਯ, ਵਧੀਆ ਕਹਾਣੀਕਾਰ ਅਤੇ ਖ਼ੂਬਸੂਰਤ ਵਾਰਤਕ ਲੇਖਕ ਹਨ। ਇਸ ਦੇ ਨਾਲ ਹੀ ਉਹ ਗੁਰਬਾਣੀ ਦੇ ਗੂੜ੍ਹ-ਗਿਆਤਾ ਅਤੇ ਕਲਾਸੀਕਲ ਸੰਗੀਤ ਦੇ ਵੀ ਮਾਹਿਰ ਹਨ। ਹੁਣ ਤੀਕ ਉਹ ਇਕ ਦਰਜਨ ਤੋਂ ਵਧੀਕ ਪੁਸਤਕਾਂ ਪੰਜਾਬੀ ਮਾਂ-ਬੋਲੀ ਦੀ ਝੋਲੀ ਪਾ ਚੁੱਕੇ ਹਨ ਅਤੇ ਉਮਰ ਦੇ ਅੱਠਵੇਂ ਦਹਾਕੇ ਦੇ ਅਖ਼ੀਰਲੇ ਵਰ੍ਹੇ ਵਿਚ ਦਾਖ਼ਲ ਹੋ ਕੇ ਵੀ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਉਨ੍ਹਾਂ ਦੀ ਪੁਸਤਕ 'ਸੰਗੀਤ ਦੀ ਦੁਨੀਆਂ' ਉਨ੍ਹਾਂ ਦੀ ਸੰਗੀਤ ਬਾਰੇ ਡੂੰਘੀ ਸੂਝ, ਸਮਝ ਅਤੇ ਗਿਆਨ ਬਾਰੇ ਭਰਪੂਰ ਰੌਸ਼ਨੀ ਪਾਉਂਦੀ ਹੈ। ਮੇਰਾ ਖ਼ਿਆਲ ਹੈ ਕਿ ਸੰਗੀਤ ਸਿੱਖਣ ਵਾਲਿਆਂ ਅਤੇ ਸੰਗੀਤ ਦਾ ਅਨੰਦ ਮਾਨਣ ਵਾਲਿਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਉਨ੍ਹਾਂ ਦਾ ਮਿਸ਼ਰੀ ਦੀ ਮਿਠਾਸ ਵਰਗਾ ਬੋਲਚਾਲ ਅਤੇ ਸਲੀਕੇ ਤੇ ਸ਼੍ਰਿਸ਼ਟਾਚਾਰ ਨਾਲ ਓਤਪੋਤ ਵਰਤੋਂ-ਵਿਹਾਰ ਹਰੇਕ ਨੂੰ ਮਿਕਨਾਤੀਸੀ ਖਿੱਚ ਪਾਉਂਦਾ ਹੈ।

... ਤੇ ਹੁਣ ਹੱਥਲੀ ਪੁਸਤਕ 'ਮੇਰੇ ਸਜਣ ਮੀਤ ਮੁਰਾਰੇ ਜੀਉ' ਵੱਲ ਆਉਂਦਾ ਹਾਂ ਜਿਸ ਦਾ ਟਾਈਟਲ ਪਾਂਧੀ ਸਾਹਿਬ ਵੱਲੋਂ ਗੁਰੂ ਅਰਜਨ ਦੇਵ ਜੀ ਵੱਲੋਂ ਉਚਾਰੀ ਗਈ ਤੁਕ "ਧਨੁ ਸੋ ਦੇਸ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ।।" ਦੇ ਪਿਛਲੇ ਭਾਗ ਤੋਂ ਰੱਖਿਆ ਗਿਆ ਹੈ। ਇਹ ਪੁਸਤਕ ਉਨ੍ਹਾਂ ਦੇ ਬਾਰਾਂ ਨੇੜਲੇ ਸੰਗੀ-ਸਾਥੀਆਂ ਦੇ ਰੇਖ਼ਾ-ਚਿੱਤਰਾਂ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਪੁਸਤਕ ਦੇ ਮੁੱਖ-ਬੰਦ ਵਿਚ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ ਕਹਿੰਦੇ ਹਨ,"ਕਿਸੇ ਵਿਅੱਕਤੀ ਦਾ ਰੇਖ਼ਾ-ਚਿੱਤਰ ਲਿਖਣ ਦਾ ਕਾਰਜ ਕੋਈ ਸੌਖੀ ਖੇਡ ਨਹੀਂ, ਕਿਉਂਕਿ ਇਹ ਉਸ ਦੀਆਂ ਸੋਚਾਂ, ਵਿਚਾਰਾਂ, ਰੁਚੀਆਂ, ਆਦਤਾਂ, ਬਹਿਬਤਾਂ ਦੀ ਧੁਰ ਅੰਦਰਲੀ ਅਤੇ ਵਰਤਣ-ਵਿਹਾਰ ਦੀ ਹਕੀਕੀ ਤਸਵੀਰ ਹੁੰਦੀ ਹੈ।" ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ, ਪਰ ਪਾਂਧੀ ਜੀ ਦੀ ਇਹ ਪੁਸਤਕ ਪੜ੍ਹਨ 'ਤੇ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਇਹ ਕਠਨ ਕਾਰਜ ਬੜੀ ਸਰਲਤਾ ਅਤੇ ਸਹਿਜ ਨਾਲ ਨਿਭਾਇਆ ਹੋਵੇਗਾ। ਰੇਖ਼ਾ-ਚਿੱਤਰ ਲਿਖਦਿਆਂ ਉਹ ਸਬੰਧਿਤ ਵਿਅੱਕਤੀ ਦੀ ਸਮੁੱਚੀ ਤਸਵੀਰ ਪਾਠਕ ਦੇ ਸਾਹਮਣੇ ਲਿਆ ਧਰਦੇ ਹਨ ਅਤੇ ਪਾਠਕ ਉਸ ਤਸਵੀਰ ਦੇ ਵੱਖ-ਵੱਖ ਰੰਗਾਂ-ਢੰਗਾਂ ਨੂੰ ਨਿਹਾਰਦਾ ਹੈ ਤੇ ਬਾਖ਼ੂਬੀ ਮਾਣਦਾ ਹੈ। ਪੁਸਤਕ ਵਿਚ ਸ਼ਾਮਲ ਬਾਰਾਂ ਰੇਖ਼ਾ-ਚਿੱਤਰਾਂ ਵਾਲੀਆਂ ਸ਼ਖ਼ਸੀਅਤਾਂ ਦੇ ਖ਼ੂਬਸੂਰਤ ਚਿਹਰੇ ਹੀ ਨਹੀਂ, ਸਗੋਂ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਾਂ ਦੇ ਕਈ ਹੋਰ ਜੀਆਂ ਦੇ ਚਿਹਰੇ ਵੀ ਪਾਠਕ ਦੀਆਂ ਅੱਖਾਂ ਦੇ ਸਾਹਮਣੇ ਤੁਰਦੇ-ਫਿਰਦੇ ਨਜ਼ਰ ਆਉਂਦੇ ਹਨ। ਜਿਵੇਂ, ਟੂਕ ਮਾਤਰ, 'ਹੀਰਿਆਂ ਦਾ ਡਲਕਦਾ ਹਾਰ' ਵਿਚ ਗੁਰਦੇਵ ਸਿੰਘ ਮਾਨ ਬਾਰੇ ਦੱਸਦਿਆਂ ਪਾਂਧੀ ਸਾਹਿਬ ਕਹਿੰਦੇ ਹਨ,"ਗੁਰਦੇਵ ਮਾਨ ਦੀ ਜੀਵਨ ਸਾਥਣ ਸਰਦਾਰਨੀ ਸੁਰਿੰਦਰ ਕੌਰ ਮਾਨ ਵੀ ਏਸੇ ਵਰਗੀ ਦਰਿਆ-ਦਿਲ, ਸੇਵਾ-ਭਾਵੀ, ਕੋਮਲ ਤੇ ਸੰਵੇਦਨਸ਼ੀਲ ਸੁਆਣੀ ਹੈ।




ਸੁਹਣੀ, ਸੁਡੌਲ ਤੇ ਸਿਹਤਮੰਦ। ਲਿਆਕਤ ਵਾਲੀ, ਕੰਮ ਵਿਚ ਮਸਰੂਫ਼ ਰਹਿਣ ਵਾਲੀ ਤੇ ਧਾਰਮਿਕ ਬਿਰਤੀ ਵਾਲੀ।" ਹੈ ਨਾ ਬਿਲਕੁਲ 'ਟੂ ਇਨ ਵੱਨ' ਵਾਲੀ ਗੱਲ।

ਪਾਂਧੀ ਸਾਹਿਬ ਦੀ ਬਹੁ-ਪੱਖੀ ਸ਼ਖ਼ਸੀਅਤ ਸਦਕਾ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਅਤੇ ਜਾਣੂਆਂ-ਪਛਾਣੂਆਂ ਦਾ ਘੇਰਾ ਬੜਾ ਵਿਸ਼ਾਲ ਹੈ। ਜੇਕਰ ਲੰਮੀ ਨਜ਼ਰ ਨਾ ਵੀ ਦੌੜਾਈ ਜਾਏ ਅਤੇ ਪੁਸਤਕ ਵਿਚ ਦਰਜ ਰੇਖ਼ਾ-ਚਿੱਤਰਾਂ ਵਾਲੀਆਂ ਹਸਤੀਆਂ ਵੱਲ ਹੀ ਸਰਸਰੀ ਨਿਗਾਹ ਮਾਰੀਏ ਤਾਂ ਉਨ੍ਹਾਂ ਦੇ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਸੇਵਾ ਦੌਰਾਨ ਰਹੇ ਸੰਗੀ-ਸਾਥੀ ਬਲਬੀਰ ਸਿੰਘ ਮੋਮੀ ਜੋ 60 ਸਾਲ ਦੇ ਲੰਮੇਂ ਅਰਸੇ ਬਾਅਦ ਉਨ੍ਹਾਂ ਨੂੰ ਬਰੈਂਪਟਨ ਵਿਚ ਮੁੜ ਆ ਮਿਲੇ ਅਤੇ 'ਹੱਟੀ ਵਾਲੇ' ਮਾਸਟਰ ਸੁਖਦੇਵ ਸਿੰਘ ਬਹੋਨਾ ਤੋਂ ਲੈ ਕੇ ਕੰਪਿਊਟਰ-ਧਨੰਤਰ ਕਿਰਪਾਲ ਸਿੰਘ ਪੰਨੂ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਪਿਆਰ-ਮੁਹੱਬਤ ਤੇ ਮਿੱਤਰਤਾ ਦੀ ਜਗਮਗਾਉਂਦੀ ਤਸਵੀਰ ਗੁਰਦੇਵ ਸਿੰਘ ਮਾਨ, ਮਾਨਵਤਾ ਦੇ ਸੱਚੇ ਪੁਜਾਰੀ ਪੰਡਤ ਸ਼ੰਭੂ ਦੱਤ ਸ਼ਰਮਾ, ਗੁਰਮਤਿ ਤੇ ਮਾਰਕਸੀ ਵਿਚਾਰਾਂ ਦਾ ਸੁਮੇਲ ਜੋੜੀ ਡਾ. ਗੁਰਨਾਮ ਕੌਰ ਤੇ ਗੁਰਦਿਆਲ ਬੱਲ, 'ਗੁਆਚੇ ਲਾਲ' ਪ੍ਰੋ. (ਡਾ.) ਦਰਸ਼ਨ ਸਿੰਘ ਬੈਂਸ, ਕਲਾਸੀਕਲ ਸੰਗੀਤ ਦੇ ਮਾਹਿਰ ਪ੍ਰੋ. ਪਰਮਜੀਤ ਸਿੰਘ, ਧੁਰੋਂ ਵਰੋਸਾਏ ਸ਼ੌਕੀਆ ਗਾਇਕ ਅਵਤਾਰ ਉੱਪਲ, ਢਾਡੀ-ਕਲਾ ਦੇ ਉੱਚੇ-ਬੁਰਜ ਪਾਲ ਸਿੰਘ ਪੰਛੀ ਜਾਂ ਫਿਰ 'ਨਿਰਮਲ ਨਦੀ ਦੇ ਨੀਰ' ਗੁਰਬਚਨ ਸਿੰਘ ਨਿੱਜਰ ਤੱਕ ਸਾਰੇ ਹੀ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਤੇਜ਼ ਰੌਸ਼ਨੀ ਵਾਲੇ ਜਗਦੇ ਬਲਬ ਲੱਗਦੇ ਹਨ। ਹਰੇਕ ਸ਼ਖ਼ਸੀਅਤ ਦੂਸਰੀ ਨਾਲੋਂ ਵੱਧ ਕੇ ਹੈ ਅਤੇ ਹਰ ਇਕ ਨੇ ਆਪਣੇ ਖ਼ੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ।

ਪੂਰਨ ਸਿੰਘ ਪਾਂਧੀ ਦੀ ਲੇਖਣੀ ਅਤੇ ਇਸ ਲੇਖਣੀ ਦਾ 'ਅੰਦਾਜ਼ੇ-ਬਿਆਂ' ਆਪਣਾ ਹੀ ਵੱਖਰੀ ਕਿਸਮ ਦਾ ਹੈ। ਛੋਟੇ-ਛੋਟੇ ਵਾਕਾਂ ਵਿਚ ਚਮਕਦੇ ਮੋਤੀਆਂ ਵਾਂਗ ਜੜੇ ਹੋਏ ਖ਼ੂਬਸੂਰਤ ਸ਼ਬਦ ਆਪਣੀ ਹੀ ਕਹਾਣੀ ਬਿਆਨ ਕਰਦੇ ਹਨ। ਮਿਸਾਲ ਵਜੋਂ, ਕਿਰਪਾਲ ਸਿੰਘ ਪੰਨੂੰ ਦੇ ਰੇਖ਼ਾ-ਚਿੱਤਰ 'ਸੰਦਲੀ ਸੋਚਾਂ ਦਾ ਸਿਰਨਾਵਾਂ' ਦਾ ਚਿਤਰਣ ਕਰਦਿਆਂ ਲਿਖਦੇ ਹਨ,"ਹੁਣ ਕੰਪਿਊਟਰ ਦੇ ਤਾਬਿਆ ਬੈਠਣ ਸਾਰ ਜਿਵੇਂ ਤੀਸਰੀ ਅੱਖ ਪਟੱਕ ਦੇ ਕੇ ਖੁੱਲ੍ਹ ਜਾਂਦੀ ਹੈ ਤੇ ਲਿਖਣ ਲਈ ਹਲੂਣਾ ਤੇ ਰੂਹ ਨੂੰ ਸਰੂਰ ਦੇ ਜਾਂਦੀ ਹੈ। ... ਮੈਂ 'ਕੱਲਾ ਨਹੀਂ, ਮੇਰੇ ਵਾਂਗ ਹੋਰ ਬਹੁਤ ਸਾਰੇ ਪ੍ਰੌਢ ਤੇ ਪ੍ਰਸਿੱਧ ਲੇਖਕਾਂ ਤੇ ਵਿਦਵਾਨਾਂ ਨੂੰ ਵੀ ਕੰਪਿਊਟਰ ਦੇ ਇਨ੍ਹਾਂ ਰਾਹਾਂ 'ਤੇ ਇਸ ਨੇ ਏਸੇ ਵਿਧੀ ਨਾਲ ਤੋਰਿਆ ਹੈ।" ਪਾਂਧੀ ਸਾਹਿਬ ਦੀਆਂ ਇਨ੍ਹਾਂ ਸਤਰਾਂ ਵਿਚ 'ਤਾਬਿਆ ਬੈਠਣ', 'ਤੀਸਰੀ ਅੱਖ ਦੇ ਪਟੱਕ ਦੇ ਕੇ ਖੁੱਲ੍ਹਣ', 'ਲਿਖਣ ਲਈ ਹਲੂਣਾ' ਅਤੇ 'ਰੂਹ ਨੂੰ ਸਰੂਰ ਦੇਣਾ', ਆਦਿ ਸ਼ਬਦ ਪਾਠਕ ਨੂੰ ਵਿਸ਼ੇਸ਼ ਹਲੂਣਾ ਦਿੰਦੇ ਹਨ।

ਇਸ ਰਸ-ਭਰਪੂਰ ਲੇਖਣੀ ਦਾ ਇਕ ਹੋਰ ਨਮੂੰਨਾ ਵੇਖੋ:

ਪ੍ਰਿੰ. ਸਰਵਣ ਸਿੰਘ ਬਾਰੇ ਲਿਖੇ ਗਏ ਰੇਖ਼ਾ ਚਿੱਤਰ 'ਸੁਰੀਲੀਆਂ ਸੁਰਾਂ ਦਾ ਸੰਗੀਤ' ਵਿਚ ਕਹਿੰਦੇ ਹਨ, "ਜਿਨ੍ਹਾਂ ਬੋਲਾਂ ਨਾਲ ਕੰਵਲ ਨੇ ਸਰਵਣ ਸਿੰਘ ਨੂੰ ਦਿੱਲੀ ਤੋਂ ਪੱਟ ਕੇ ਪੇਂਡੂ ਕਾਲਜ (ਢੁੱਡੀਕੇ) ਵਿਚ ਵਾੜਿਆ ਸੀ, ਉਨ੍ਹਾਂ ਦੀ ਲਾਜ ਰੱਖਣੀ, ਉਮਰ-ਭਰ ਮਾਣ-ਮਰਿਆਦਾ ਕਾਇਮ ਰੱਖਣੀ, ਸੋਭਾ, ਜੱਸ ਤੇ ਵਡਿਆਈ ਖੱਟਣੀ ਇਹ ਸਰਵਣ ਸਿੰਘ ਦੇ ਜੀਵਨ ਦੀ ਸੱਭ ਤੋਂ ਅਹਿਮ, ਉੱਤਮ ਤੇ ਮਹਾਨ ਗੱਲ ਹੈ। ਅੰਤਾਂ ਦੀ ਸ਼ਿੱਦਤ ਭਰੀ ਇਹ ਉਹ 'ਭੀਸ਼ਮ ਪ੍ਰਤਿੱਗਿਆ' ਤੇ ਸਿਰਾਂ ਨਾਲ ਨਿਭਣ ਵਾਲਾ ਫ਼ੈਸਲਾ ਸੀ ਜਿਸ ਬਾਰੇ ਆਖਿਆ ਜਾਂਦੈ,

*"ਬਾਂਹ ਜਿਨ੍ਹਾਂ ਦੀ ਪਕੜੀਏ,*
*ਸਿਰ ਦੀਜੈ, ਬਾਂਹ ਨਾ ਛੋੜੀਏ।"*

...ਤੇ ਇਸ ਤਰ੍ਹਾਂ ਦੀ ਇਕ ਵੰਨਗੀ ਹੋਰ ਵੀ ਹਾਜ਼ਰ ਹੈ:

ਆਪਣੇ ਸਾਥੀ 'ਹੱਟੀ ਵਾਲੇ' ਮਾਸਟਰ ਸੁਖਦੇਵ ਸਿੰਘ ਦੇ ਬਾਰੇ ਕਹਿੰਦੇ ਹਨ:

"ਸੁਖਦੇਵ ਸਿੰਘ ਵਿਆਹਾਂ-ਸ਼ਾਦੀਆਂ ਜਾਂ ਮਰਨੇ-ਪਰਨੇ ਦੇ ਸਮਾਗ਼ਮਾਂ ਵਿਚ ਵਿਹਲਾ ਨਹੀਂ ਬੈਠ ਸਕਦਾ। ਸਮਾਗ਼ਮ ਭਾਵੇਂ ਕਿਸੇ ਤਰ੍ਹਾਂ ਦਾ ਹੋਵੇ, ਖ਼ੁਸ਼ੀ ਦਾ ਹੋਵੇ ਜਾਂ ਗਮੀ ਦਾ, ਇਸ ਨੂੰ ਕਿਸੇ ਨਾ ਕਿਸੇ ਕੰਮ ਦੀ ਜ਼ੁੰਮੇਂਵਾਰੀ ਚਾਹੀਦੀ ਹੈ। ਖ਼ੁਸ਼ ਹੀ ਤਦ ਹੋਵੇਗਾ, ਜ਼ੁੰਮੇਂਵਾਰੀ ਭਾਵੇਂ ਹਲਵਾਈ ਦੇ ਕੰਮ ਦੀ ਹੋਵੇ, ਪਕੌੜੇ ਤਲਣ ਦੀ। ਕਰਾਕਰੀ ਸੰਭਾਲਣ ਦੀ, ਸਬਜ਼ੀ ਲਿਆਉਣ, ਬਨਾਉਣ, ਕੂੰਡਾ ਘੋਟਣਾ ਖੜਕਾਉਣ, ਦਰੀਆਂ ਵਿਛਾਉਣ ਜਾਂ ਪੱਖਾ ਝੱਲਣ ਦੀ ਹੋਵੇ। ਕੁਰਸੀ 'ਤੇ ਵਿਹਲਾ ਬੈਠਣਾ ਉਸ ਦੇ ਲਈ ਸਜ਼ਾ ਹੈ। ਫਿਰ ਬੀਮਾਰ ਹੋਏਗਾ ਜਾਂ ਪੈਂਗ-ਸ਼ੈਂਗ ਦਾ ਪ੍ਰਬੰਧ ਕਰਨਾ ਪਵੇਗਾ। ਬੱਸ, ਉਸ ਨੂੰ ਕੰਮ ਦਿਓ ਤੇ ਆਪ ਨਿਸ਼ਚਿੰਤ ਹੋ ਜਾਓ।"

ਇਹ ਤਾਂ ਪਾਂਧੀ ਸਾਹਿਬ ਦੀ ਲੇਖਣੀ ਦੀਆਂ ਕੁਝ ਕੁ ਵੰਨਗੀਆਂ ਹੀ ਹਨ। ਸਾਰੀ ਪੁਸਤਕ ਹੀ ਅਜਿਹੇ ਖ਼ੂਬਸੂਰਤ ਵਰਨਣਾਂ ਨਾਲ ਭਰੀ ਪਈ ਹੈ। ਇਕ ਵਾਰ ਪੜ੍ਹਨੀ ਸ਼ੁਰੂ ਕਰ ਲਓ, ਫਿਰ ਇਸ ਨੂੰ ਖ਼ਤਮ ਕਰਕੇ ਹੀ ਸਾਹ ਲਓਗੇ। ਇਹ ਮੇਰੀ ਧਾਰਨਾ ਹੈ, ਇਸ ਪੁਸਤਕ ਦੇ ਬਾਰੇ। ਪੁਸਤਕ ਦੇ ਅਖ਼ੀਰ ਵਿਚ ਇਨ੍ਹਾਂ ਰੇਖ਼ਾ-ਚਿੱਤਰਾਂ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ ਦੀਆਂ ਪਰਿਵਾਰਿਕ ਤਸਵੀਰਾਂ ਤੋਂ ਇਲਾਵਾ ਇਸ ਪੁਸਤਕ ਦੇ ਬਾਰੇ ਆਪਣੀ ਰਾਇ ਦੇਣ ਵਾਲੇ ਲੇਖਕਾਂ/ਲੇਖਕਾਵਾਂ ਦੀਆਂ ਵੀ ਰੰਗੀਨ ਤਸਵੀਰਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿਚ ਡਾ. ਗੁਰਬਖ਼ਸ਼ ਸਿੰਘ ਭੰਡਾਲ, ਡਾ. ਜਤਿੰਦਰ ਕੌਰ ਰੰਧਾਵਾ, ਡਾ. ਕੰਵਲਜੀਤ ਕੌਰ ਢਿੱਲੋਂ, ਪਰਮਜੀਤ ਕੌਰ ਦਿਓਲ, ਸੁਰਜੀਤ ਕੌਰ, ਡਾ. ਹਰਵਿੰਦਰ ਕੌਰ ਚੀਮਾ ਅਤੇ ਹਰਭਜਨ ਕੌਰ ਗਿੱਲ ਸ਼ਾਮਲ ਹਨ।

# ਤਾਪਮਾਨ ਵਿੱਚ ਭਾਰੀ ਵਾਧਾ ਜਲਵਾਯੂ ਤਬਦੀਲੀ ਲਈ ਗੰਭੀਰ ਹੈ

ਇਸ ਗਰਮੀਆਂ ਦੀ ਸ਼ੁਰੂਆਤ ਵਿੱਚ ਭਾਰਤ ਦੇ ਵੱਡੇ ਹਿੱਸਿਆਂ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਤੇਜ਼ ਗਰਮੀ ਇਸ ਗੱਲ ਦਾ ਸਬੂਤ ਹੈ ਕਿ ਇਹ ਜਲਵਾਯੂ ਪਰਿਵਰਤਨ ਦਾ ਯੁੱਗ ਹੈ ਅਤੇ ਇਸ ਦੇ ਪਾਣੀ ਦੀ ਸੁਰੱਖਿਆ ਲਈ ਗੰਭੀਰ ਪ੍ਰਭਾਵ ਪੈ ਸਕਦੇ ਹਨ, ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟਲ।

ਵਿਸ਼ਵ ਜਲ ਦਿਵਸ ਦੇ ਮੌਕੇ 'ਤੇ ਬੋਲਦਿਆਂ, ਸੀਐਸਈ ਦੀ ਡਾਇਰੈਕਟਰ ਜਨਰਲ ਸੁਨੀਤਾ ਨਰਾਇਣ ਨੇ ਕਿਹਾ ਕਿ ਜਲਵਾਯੂ ਮਿਟਾਉਣਾ ਪਾਣੀ ਅਤੇ ਇਸਦੇ ਪ੍ਰਬੰਧਨ ਬਾਰੇ ਹੋਣਾ ਚਾਹੀਦਾ ਹੈ।

"ਇਸ ਗਰਮੀਆਂ ਦੇ ਸ਼ੁਰੂ ਵਿੱਚ ਭਾਰਤ ਦੇ ਵੱਡੇ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਇਸ ਤੀਬਰ ਗਰਮੀ ਦੀ ਲਹਿਰ ਦਾ ਅਸਲ ਵਿੱਚ ਕੀ ਮਤਲਬ ਹੈ? ਇਸਦਾ ਮਤਲਬ ਹੈ, ਖਾਸ ਤੌਰ 'ਤੇ ਅੱਜ, ਜਦੋਂ ਅਸੀਂ ਵਿਸ਼ਵ ਜਲ ਦਿਵਸ ਮਨਾਉਂਦੇ ਹਾਂ, ਤਾਂ ਕਿ ਇਹ ਜਲਵਾਯੂ ਤਬਦੀਲੀ ਦਾ ਯੁੱਗ ਹੈ। ਇਸਦਾ ਮਤਲਬ ਇਹ ਵੀ ਹੈ ਕਿ ਅਸੀਂ ਕਿਵੇਂ ਆਉਣ ਵਾਲੇ ਦਿਨਾਂ ਵਿੱਚ ਸਾਡੇ ਪਾਣੀ ਨਾਲ ਨਜਿੱਠਣਾ ਇਹ ਨਿਰਧਾਰਤ ਕਰੇਗਾ ਕਿ ਕੀ ਅਸੀਂ ਅਜਿਹੀਆਂ ਅਤਿਅੰਤ ਮੌਸਮੀ ਸਥਿਤੀਆਂ ਤੋਂ ਬਚਾਂਗੇ ਜਾਂ ਨਹੀਂ।

ਨਰਾਇਣ ਨੇ ਕਿਹਾ, "ਅਸੀਂ ਸਾਰੇ ਜਾਣਦੇ ਹਾਂ ਕਿ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਵਧੀ ਹੋਈ ਗਰਮੀ ਅਤੇ ਝੁਲਸਣ ਵਾਲੇ ਤਾਪਮਾਨ ਅਤੇ ਪਰਿਵਰਤਨਸ਼ੀਲ ਅਤੇ ਬਹੁਤ ਜ਼ਿਆਦਾ ਬਾਰਿਸ਼ ਬਾਰੇ ਹਨ। ਦੋਵਾਂ ਦਾ ਜਲ ਚੱਕਰ ਨਾਲ ਸਿੱਧਾ ਸਬੰਧ ਹੈ। ਇਸ ਲਈ, ਜਲਵਾਯੂ ਪਰਿਵਰਤਨ ਨੂੰ ਘਟਾਉਣਾ ਪਾਣੀ ਅਤੇ ਇਸਦੇ ਪ੍ਰਬੰਧਨ ਬਾਰੇ ਹੋਣਾ ਚਾਹੀਦਾ ਹੈ," ਨਰਾਇਣ ਨੇ ਕਿਹਾ। .

ਦੀ ਜਲਵਾਯੂ ਪਰਿਵਰਤਨ ਦੀ ਡਿਪਟੀ ਪ੍ਰੋਗਰਾਮ ਮੈਨੇਜਰ ਅਵੰਤਿਕਾ ਗੋਸਵਾਮੀ ਨੇ ਕਿਹਾ ਕਿ ਭਾਰਤ 2021 ਦੀਆਂ ਸਥਿਤੀਆਂ ਨੂੰ ਦੁਹਰਾਉਣ ਦਾ ਗਵਾਹ ਹੈ, ਜਦੋਂ ਦੇਸ਼ ਦੇ ਕੁਝ ਹਿੱਸਿਆਂ ਵਿੱਚ ਫਰਵਰੀ ਦੇ ਸ਼ੁਰੂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਨੂੰ ਛੂਹ ਗਿਆ ਸੀ।

ਗੋਸਵਾਮੀ ਨੇ ਕਿਹਾ, "ਇਹ ਉਦੋਂ ਸੀ ਜਦੋਂ 2021 ਲਾ ਨਿਆ ਦਾ ਸਾਲ ਸੀ, ਪ੍ਰਸ਼ਾਂਤ ਪਾਣੀ ਦੀਆਂ ਧਾਰਾਵਾਂ ਜੋ ਵਿਸ਼ਵ ਪੱਧਰ 'ਤੇ ਠੰਡਾ ਤਾਪਮਾਨ ਲਿਆਉਣ ਲਈ ਜਾਣੀਆਂ ਜਾਂਦੀਆਂ ਹਨ। ਭਾਰਤੀ ਮੌਸਮ ਵਿਗਿਆਨੀਆਂ ਨੇ ਸੂਚਿਤ ਕੀਤਾ ਹੈ ਕਿ ਗਲੋਬਲ ਵਾਰਮਿੰਗ ਨੇ ਲਾ ਨਿਆ ਦੇ ਇਸ ਕੂਲਿੰਗ ਪ੍ਰਭਾਵ ਨੂੰ ਪੂਰਾ ਕੀਤਾ ਹੈ," ਗੋਸਵਾਮੀ ਨੇ ਕਿਹਾ।



ਖੋਜਕਰਤਾਵਾਂ ਨੇ ਇਸ਼ਾਰਾ ਕੀਤਾ ਕਿ ਵਧਦੀ ਗਰਮੀ ਦੇ ਪਾਣੀ ਦੀ ਸੁਰੱਖਿਆ ਲਈ ਗੰਭੀਰ ਪ੍ਰਭਾਵ ਹਨ ਅਤੇ ਇਸ ਦੇ ਨਾਲ ਸ਼ੁਰੂ ਕਰਨ ਲਈ, ਇਸਦਾ ਮਤਲਬ ਪਾਣੀ ਦੇ ਭੰਡਾਰਾਂ ਤੋਂ ਵੱਧ ਭਾਫ਼ ਹੋਣਾ ਹੋਵੇਗਾ।

"ਇਸਦਾ ਮਤਲਬ ਹੈ ਕਿ ਸਾਨੂੰ ਸਿਰਫ ਲੱਖਾਂ ਸੰਰਚਨਾਵਾਂ ਵਿੱਚ ਪਾਣੀ ਨੂੰ ਸਟੋਰ ਕਰਨ 'ਤੇ ਹੀ ਕੰਮ ਕਰਨ ਦੀ ਲੋੜ ਨਹੀਂ ਹੈ, ਸਗੋਂ ਵਾਸ਼ਪੀਕਰਨ ਦੇ ਕਾਰਨ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਲਈ ਵੀ ਯੋਜਨਾ ਬਣਾਉਣ ਦੀ ਜ਼ਰੂਰਤ ਹੈ। ਅਜਿਹਾ ਨਹੀਂ ਹੈ ਕਿ ਵਾਸ਼ਪੀਕਰਨ ਦੇ ਨੁਕਸਾਨ ਪਹਿਲਾਂ ਨਹੀਂ ਹੋਏ ਸਨ, ਪਰ ਹੁਣ ਭਾਫ਼ ਬਣਨ ਦੀ ਦਰ ਵਧੇਗੀ। ਵੱਧਦਾ ਤਾਪਮਾਨ, "ਸੀਐਸਈ ਨੇ ਕਿਹਾ।

ਖੋਜਕਰਤਾਵਾਂ ਦੇ ਅਨੁਸਾਰ, ਭਾਰਤ ਦੇ ਸਿੰਚਾਈ ਯੋਜਨਾਕਾਰਾਂ ਅਤੇ ਨੌਕਰਸ਼ਾਹੀ ਜ਼ਿਆਦਾਤਰ ਨਹਿਰਾਂ ਅਤੇ ਹੋਰ ਸਤਹੀ ਪਾਣੀ ਪ੍ਰਣਾਲੀਆਂ 'ਤੇ ਨਿਰਭਰ ਹਨ, ਉਨ੍ਹਾਂ ਨੂੰ ਧਰਤੀ ਹੇਠਲੇ ਪਾਣੀ ਦੇ ਪ੍ਰਬੰਧਨ ਵਿੱਚ ਕੋਈ ਛੋਟ ਨਹੀਂ ਦੇਣੀ ਚਾਹੀਦੀ।

ਸੀਐਸਈ ਨੇ ਕਿਹਾ ਕਿ ਵਧਦੀ ਗਰਮੀ ਮਿੱਟੀ ਵਿੱਚ ਨਮੀ ਦੇ ਸੁੱਕਣ ਦਾ ਕਾਰਨ ਵੀ ਬਣ ਸਕਦੀ ਹੈ, ਇਸ ਨਾਲ ਜ਼ਮੀਨ ਧੂੜ ਭਰੀ ਹੋ ਜਾਵੇਗੀ ਅਤੇ ਸਿੰਚਾਈ ਦੀ ਲੋੜ ਵਧੇਗੀ।

ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਬਹੁਤ ਸਾਰਾ ਭੋਜਨ ਅਜੇ ਵੀ ਬਾਰਿਸ਼-ਅਧਾਰਿਤ ਖੇਤਰਾਂ ਵਿੱਚ ਉਗਾਇਆ ਜਾਂਦਾ ਹੈ, ਇਹ ਜ਼ਮੀਨ ਦੀ ਗਿਰਾਵਟ ਅਤੇ ਧੂੜ ਦੇ ਕਟੋਰੇ ਦੇ ਗਠਨ ਨੂੰ ਤੇਜ਼ ਕਰੇਗਾ। ਇਸ ਦਾ ਮਤਲਬ ਹੈ ਕਿ ਪਾਣੀ ਦੇ ਪ੍ਰਬੰਧਨ ਨੂੰ ਬਨਸਪਤੀ ਯੋਜਨਾਬੰਦੀ ਦੇ ਨਾਲ-ਨਾਲ ਚੱਲਣਾ ਚਾਹੀਦਾ ਹੈ ਤਾਂ ਜੋ ਮਿੱਟੀ ਦੀ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਨੂੰ ਬਿਹਤਰ ਬਣਾਇਆ ਜਾ ਸਕੇ, ਭਾਵੇਂ ਕਿ ਤੀਬਰ ਅਤੇ ਲੰਬੇ ਗਰਮੀ ਦੇ ਸਮੇਂ ਵਿੱਚ, ਇਸ ਵਿੱਚ ਕਿਹਾ ਗਿਆ ਹੈ।

ਸੰਗਠਨ ਨੇ ਸਾਵਧਾਨ ਕੀਤਾ ਕਿ ਗਰਮੀ ਪਾਣੀ ਦੀ ਵਰਤੋਂ ਨੂੰ ਵਧਾਏਗੀ, ਪੀਣ ਅਤੇ ਸਿੰਚਾਈ ਤੋਂ ਲੈ ਕੇ ਜੰਗਲਾਂ ਜਾਂ ਇਮਾਰਤਾਂ ਵਿੱਚ ਅੱਗ ਨਾਲ ਲੜਨ ਤੱਕ।

"ਅਸੀਂ ਪਹਿਲਾਂ ਹੀ ਦੁਨੀਆ ਦੇ ਕਈ ਹਿੱਸਿਆਂ ਵਿੱਚ ਅਤੇ ਭਾਰਤ ਦੇ ਜੰਗਲਾਂ ਵਿੱਚ ਜੰਗਲਾਂ ਦੀ ਭਿਆਨਕ ਅੱਗ ਦੇ ਕਹਿਰ ਨੂੰ ਦੇਖਿਆ ਹੈ। ਇਹ ਸਿਰਫ ਤਾਪਮਾਨ ਵਧਣ ਦੇ ਨਾਲ ਹੀ ਵਧੇਗੀ। ਜਲਵਾਯੂ ਤਬਦੀਲੀ ਦੇ ਨਾਲ ਪਾਣੀ ਦੀ ਮੰਗ ਵਧੇਗੀ, ਇਸ ਨੂੰ ਹੋਰ ਵੀ ਜ਼ਰੂਰੀ ਬਣਾਉਂਦਾ ਹੈ ਜੋ ਅਸੀਂ ਕਰਦੇ ਹਾਂ। ਬਰਬਾਦ ਨਹੀਂ - ਜਾਂ ਤਾਂ ਪਾਣੀ ਜਾਂ ਗੰਦਾ ਪਾਣੀ," ਇਸ ਨੇ ਕਿਹਾ।

ਸੀਐਸਈ ਨੇ ਇਹ ਵੀ ਕਿਹਾ ਕਿ ਜਲਵਾਯੂ ਪਰਿਵਰਤਨ ਪਹਿਲਾਂ ਹੀ ਬਹੁਤ ਜ਼ਿਆਦਾ ਮੀਂਹ ਦੀਆਂ ਘਟਨਾਵਾਂ ਦੀ ਵੱਧ ਰਹੀ ਗਿਣਤੀ ਦੇ ਰੂਪ ਵਿੱਚ ਦਿਖਾਈ ਦੇ ਰਿਹਾ ਹੈ।

"ਇਸਦਾ ਮਤਲਬ ਹੈ ਕਿ ਅਸੀਂ ਮੀਂਹ ਦੇ ਹੜ੍ਹ ਦੇ ਰੂਪ ਵਿੱਚ ਆਉਣ ਦੀ ਉਮੀਦ ਕਰ ਸਕਦੇ ਹਾਂ, ਜਿਸ ਨਾਲ ਸੋਕੇ ਤੋਂ ਬਾਅਦ ਹੜ੍ਹਾਂ ਦਾ ਚੱਕਰ ਹੋਰ ਵੀ ਤੀਬਰ ਹੋ ਜਾਂਦਾ ਹੈ। ਭਾਰਤ ਵਿੱਚ ਪਹਿਲਾਂ ਹੀ ਇੱਕ ਸਾਲ ਵਿੱਚ ਘੱਟ ਬਰਸਾਤੀ ਦਿਨ ਹੁੰਦੇ ਹਨ - ਕਿਹਾ ਜਾਂਦਾ ਹੈ ਕਿ ਇੱਥੇ ਔਸਤਨ 100 ਘੰਟੇ ਮੀਂਹ ਪੈਂਦਾ ਹੈ। ਇੱਕ ਸਾਲ। ਹੁਣ ਬਰਸਾਤ ਦੇ ਦਿਨਾਂ ਦੀ ਗਿਣਤੀ ਹੋਰ ਘੱਟ ਜਾਵੇਗੀ, ਪਰ ਬਹੁਤ ਜ਼ਿਆਦਾ ਬਰਸਾਤ ਵਾਲੇ ਦਿਨ ਵਧਣਗੇ," ਇਸ ਵਿੱਚ ਕਿਹਾ ਗਿਆ ਹੈ।

"ਸਾਨੂੰ ਕੱਲ੍ਹ ਪਾਣੀ ਅਤੇ ਇਸ ਦੇ ਪ੍ਰਬੰਧਨ ਬਾਰੇ ਜਨੂੰਨ ਹੋਣ ਦੀ ਲੋੜ ਸੀ ਕਿਉਂਕਿ ਪਾਣੀ ਸਿਹਤ ਅਤੇ ਦੌਲਤ ਦਾ ਆਧਾਰ ਹੈ। ਪਰ ਹੁਣ ਸਾਨੂੰ ਜਨੂੰਨ ਤੋਂ ਵੱਧ ਜਨੂੰਨ ਹੋਣ ਦੀ ਲੋੜ ਹੈ। ਸਾਨੂੰ ਦ੍ਰਿੜਤਾ ਅਤੇ ਸੋਚ-ਸਮਝ ਕੇ ਹੋਣ ਦੀ ਲੋੜ ਹੈ। ਜਲਵਾਯੂ ਦੇ ਯੁੱਗ ਵਿੱਚ ਇਸ ਵਿਸ਼ਵ ਜਲ ਦਿਵਸ 'ਤੇ ਤਬਦੀਲੀ ਸਾਨੂੰ ਇਹ ਜਾਣਨ ਦੀ ਲੋੜ ਹੈ ਕਿ ਪਾਣੀ ਦਾ ਏਜੰਡਾ ਸਾਡੇ ਭਵਿੱਖ ਦਾ ਅਸਲੀ ਨਿਰਮਾਣ ਜਾਂ ਤੋੜ ਹੈ"।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ, ਪੰਜਾਬ।*

## ਹਮਦਰਦੀ

-ਹਰਿੰਦਰ ਸਿੰਘ ਗੋਗਨਾ



ਮਿੰਨੀ ਕਹਾਣੀ

ਉਹ ਬੁੱਢੀ ਔਰਤ ਦਫਤਰ ਵਿੱਚ ਦਾਖਲ ਹੋਈ ਅਤੇ ਦੋਵੇਂ ਹੱਥ ਜੋੜ ਕੇ ਨਿਰਮਤਾ ਨਾਲ ਬੋਲੀ, "ਮੇਰਾ ਇਕਲੌਤਾ ਬੇਟਾ ਹਸਪਤਾਲ ਵਿੱਚਹੈ। ਡਾਕਟਰ ਉਸ ਦਾ ਇਲਾਜ ਕਰ ਰਹੇ ਹਨ। ਕੁਝ ਪੈਸੇ ਜਮ੍ਹਾ ਹੋ ਗਏ ਹਨ। ਅਜੇ ਵੀ ਦੋ ਹਜ਼ਾਰ ਘੱਟ ਪੈ ਰਹੇ ਹਨ, ਜੇ ਮੇਰੀ ਮਦਦ ਕਰ ਦਿੰਦੇ ਤਾਂ...।"

ਕਹਿੰਦੇ ਹੀ ਉਸ ਨੇ ਆਸ ਭਰੀਆਂ ਨਜ਼ਰਾਂ ਨਾਲ ਅੱਗੇ ਵਧਦੇ ਹੋਏ ਇੱਕ ਕਰਮਚਾਰੀ ਨੂੰ ਡਾਕਟਰ ਵੱਲੋਂ ਲਿਖੀਆਂ ਦਵਾਈਆਂ ਦੀ ਪਰਚੀ ਦਿਖਾਈ। ਸਾਰਿਆਂ ਨੇ ਆਪਸ ਵਿੱਚ ਦੇਖਿਆ ਅਤੇ ਫਿਰ ਕੰਮ ਵਿੱਚ ਲੱਗ ਗਏ। ਇੱਕ ਔਰਤ ਕਰਮਚਾਰੀ ਬੁੜਬੁੜਾਈ, "ਅੱਜ ਕੱਲ੍ਹ ਲੋਕਾਂ ਨੇ ਇਹ ਨਵਾਂ ਧੰਦਾ ਬਣਾ ਲਿਆ।"

"ਸਭ ਧੋਖਾ ਹੈ, ਬੁੱਢੀ ਝੂਠ ਬੋਲ ਰਹੀ ਹੈ।" ਵੱਡੇ ਬਾਊ ਐਨਕ ਵਿੱਚੋਂ ਝਾਕ ਕੇ ਸਹਿਯੋਗੀ ਦੇ ਕੰਨ ਵਿੱਚ ਬੋਲੇ।

"ਭਿਖਾਰਨ ਤਾਂ ਲੱਗਦੀ ਨਹੀਂ..." ਇੱਕ ਹੋਰ ਬੋਲਿਆ। ਉਦੋਂ ਕਮਰੇ ਵਿੱਚ ਬੌਸ ਆਏ ਅਤੇ ਬੋਲੇ, "ਸੁਣੋ, ਇਹ ਔਰਤ ਗਰੀਬ ਅਤੇ ਲਾਚਾਰ ਹੈ। ਇਸ ਦੀ ਮਦਦ ਕਰੋ ਭਾਈ।" ਸਾਰਿਆਂ ਨੇ ਫਿਰ ਆਪਸ ਵਿੱਚ ਦੇਖਿਆ ਅਤੇ ਆਪਣੀ-ਆਪਣੀ ਜੇਬ ਵਿੱਚੋਂ ਪੈਸੇ ਕੱਢ ਕੇ ਬੁੱਢੀ ਔਰਤ ਨੂੰ ਦੇਣ ਲੱਗੇ।

"ਮਾਈ ਘਬਰਾਓ ਨਾ, ਤੁਹਾਡਾ ਬੇਟਾ ਜਲਦੀ ਠੀਕ ਹੋ ਜਾਏਗਾ....।"

"ਇੱਥੇ ਬੈਠੋ ਮਾਂ, ਮੈਂ ਸਾਰਿਆਂ ਤੋਂ ਪੈਸੇ ਇਕੱਠੇ ਕਰ ਕੇ ਤੁਹਾਨੂੰ ਦਿੰਦਾ ਹਾਂ।"

"ਬੜੀ ਗਰਮੀ ਹੈ, ਮਾਤਾ ਜੀ ਨੂੰ ਪਾਣੀ ਪਿਲਾਓ।"

ਸਿਰ ਉੱਤੇ ਵੱਡੇ ਬੌਸ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿੱਚ ਸਾਰੇ ਜਣੇ ਬੁੱਢੀ ਔਰਤ ਨੂੰ ਹਮਦਰਦੀ ਦਿਖਾ ਰਹੇ ਸਨ।



# ਖ਼ਬਰਾਂ ਪੰਜਾਬ ਦੀਆਂ





## ਰੇਲਵੇ ਸਟੇਸ਼ਨਾਂ, ਮੰਦਰਾਂ ਅਤੇ ਵੀ ਆਈ ਪੀਜ਼ ਨੂੰ ਉਡਾਉਣ ਦੀ ਧਮਕੀ

ਸੁਲਤਾਨਪੁਰ ਲੋਧੀ, 28 ਅਪ੍ਰੈਲ (ਪੋਸਟ ਬਿਊਰੋ)- ਏਥੋਂ ਦੇ ਰੇਲਵੇ ਸਟੇਸ਼ਨ ਉੱਤੇ ਪੁੱਜੀ ਇੱਕ ਗੁਮਨਾਮ ਚਿੱਠੀ ਰਾਹੀਂ ਸੁਲਤਾਨ-ਪੁਰ ਲੋਧੀ ਦੇ ਰੇਲਵੇ ਸਟੇਸ਼ਨ ਤੋਂ ਇਲਾਵਾ ਫ਼ਿਰੋਜ਼ਪੁਰ ਰੇਲ ਸੈਕਸ਼ਨ ਤੇ ਕਈ ਹੋਰ ਰੇਲਵੇ ਸਟੇਸ਼ਨਾਂ ਨੂੰ ਅਗਲੇ ਮਹੀਨੇ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਚਿੱਠੀ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਮੁੱਖ ਮੰਤਰੀ ਪੰਜਾਬ, ਗਵਰਨਰ ਪੰਜਾਬ ਅਤੇ ਰੇਲਵੇ ਦੇ ਜਨਰਲ ਮੈਨੇਜਰ ਤੋਂ ਇਲਾਵਾ ਹੋਰ ਕਈ ਵੀ ਆਈ ਪੀਜ਼ ਨੂੰ ਮਾਰ ਦਿੱਤਾ ਜਾਵੇਗਾ। ਇੰਗਲਿਸ਼ ਵਿੱਚ ਲਿਖੇ ਇਸ ਧਮਕੀ ਪੱਤਰ ਵਿੱਚ ਲਿਖਣ ਵਾਲੇ ਨੇ ਖੁਦ ਨੂੰ ਜੈਸ਼ ਏ ਮੁਹੰਮਦ ਅੱਤਵਾਦੀ ਸੰਗਠਨ, ਜੰਮੂ ਕਸ਼ਮੀਰ ਕਰਾਚੀ ਪਾਕਿਸਤਾਨ ਦਾ ਦੱਸਿਆ ਹੈ, ਜਿਸ ਬਾਰੇ ਜਾਂਚ ਹੋ ਰਹੀ ਹੈ।

ਰੇਲਵੇ ਸਟੇਸ਼ਨ ਸੁਪਰਡੈਂਟ ਰਾਜਬੀਰ ਸਿੰਘ ਨੇ ਦੱਸਿਆ ਕਿ ਦੁਪਹਿਰੇ ਕਰੀਬ ਸਵਾ ਦੋ ਵਜੇ ਉਨ੍ਹਾਂ ਦੇ ਕਰਮਚਾਰੀ ਵਿਕਾਸ ਨੂੰ ਕੋਈ ਵਿਅਕਤੀ ਮੇਰੇ ਨਾਂ ਦੀ ਇੱਕ ਚਿੱਠੀ ਦੇ ਗਿਆ। ਚਿੱਠੀ ਵਿੱਚ ਉਸ ਨੇ 21 ਮਈ ਨੂੰ ਸੁਲਤਾਨਪੁਰ ਲੋਧੀ, ਲੋਹੀਆਂ ਖ਼ਾਸ, ਫ਼ਿਰੋਜ਼ਪੁਰ ਛਾਉਣੀ, ਤਰਨਤਾਰਨ, ਜਲੰਧਰ, ਅੰਮ੍ਰਿਤਸਰ, ਫਗਵਾੜਾ ਆਦਿ ਰੇਲਵੇ ਸਟੇਸ਼ਨਾਂ ਦੇ ਨਾਲ ਦੇਵੀ ਤਲਾਬ ਮੰਦਰ ਜਲੰਧਰ, ਕਾਲੀ ਮਾਤਾ ਮੰਦਰ ਪਟਿਆਲਾ ਅਤੇ ਹਨੂਮਾਨਗੜ੍ਹੀ ਫਗਵਾੜਾ ਨੂੰ ਉਡਾਉਣ ਦੀ ਧਮਕੀ ਦਿੱਤੀ ਗਈ ਸੀ ਅਤੇ ਇਹ ਲਿਖਿਆ ਸੀ ਕਿ 23 ਮਈ ਨੂੰ ਮੁੱਖ ਮੰਤਰੀ ਪੰਜਾਬ, ਗਵਰਨਰ, ਰੇਲਵੇ ਦੇ ਜਨਰਲ ਮੈਨੇਜਰ ਤੇ ਅਕਾਲੀ ਦਲ ਦੇ ਨੇਤਾਵਾਂ ਨੂੰ ਮਾਰ ਦਿੱਤਾ ਜਾਵੇਗਾ। ਪੱਤਰ ਦੇ ਸ਼ੁਰੂ ਵਿੱਚਲਿਖਿਆ ਹੈ ਕਿ ਉਹ ਜੇਹਾਦੀਆਂ ਦੀ ਮੌਤ ਦਾ ਬਦਲਾ ਜ਼ਰੂਰ ਲੈਣਗੇ। ਸੂਚਨਾ ਉੱਤੇ ਰੇਲਵੇ ਸਟੇਸ਼ਨ ਸੁਲਤਾਨਪੁਰ ਲੋਧੀ ਦੀ ਸੁਰੱਖਿਆ ਨੂੰ ਵਧਾ ਦਿੱਤਾ ਗਿਆ ਹੈ।

### ਫਾਈਲਾਂ ਗੁੰਮ ਹੋਣ ਦਾ ਮਾਮਲਾ:

## ਇੰਪਰੂਵਮੈਂਟ ਟਰੱਸਟ ਦੇ ਸੀਨੀਅਰ ਸਹਾਇਕ ਤੇ ਓਦੋਂ ਦੇ ਚੇਅਰਮੈਨ ਉੱਤੇ ਕੇਸ ਦਰਜ

ਜਲੰਧਰ, 28 ਅਪ੍ਰੈਲ (ਪੋਸਟ ਬਿਊਰੋ)- ਜਲੰਧ੍ਰ ਦੇ ਨਗਰ ਸੁਧਾਰ ਟਰੱਸਟ ਤੋਂ ਕਰੀਬ 120 ਫਾਈਲਾਂ ਗੁੰਮ ਹੋਣ ਦੇ ਕੇਸ ਵਿੱਚ ਡਿਪਟੀ ਕਮਿਸ਼ਨਰ ਅਤੇ ਟਰੱਸਟ ਦੇ ਪ੍ਰਸ਼ਾਸਕ ਘਨਸ਼ਾਮ ਥੋਰੀ ਦੇ ਪੱਤਰ ਪਿੱਛੋਂ ਪੁਲਸ ਨੇ ਸ਼ਿਕਾਇਤ ਦਰਜ ਕਰ ਲਈ ਹੈ। ਫਾਈਲਾਂ ਦੇ ਗੁੰਮ ਹੋਣ ਦੇ ਦੋਸ਼ ਵਿੱਚ ਓਦੋਂ ਦੇ ਚੇਅਰਮੈਨ ਤੇ ਟਰੱਸਟ ਦੇ ਸੀਨੀਅਰ ਸਹਾਇਕ ਅਜੈ ਮਲਹੋਤਰਾ ਉੱਤੇ ਭਾਰਤੀ ਦੰਡ ਕਾਨੂੰਨ ਦੀ ਧਾਰਾ 409, 420 (ਅਪਰਾਧਕ ਵਿਸ਼ਵਾਘਾਤ ਅਤੇ ਧੋਖਾਧੜੀ) ਦਾ ਕੇਸ ਦਰਜ ਕੀਤਾ ਗਿਆ ਹੈ। ਸ਼ਿਕਾਇਤ ਵਿੱਚ ਡਿਸਪੈਚ ਰਜਿਸਟਰ, ਕੈਸ਼ਬੁੱਕ, ਸੇਲ ਫਾਈਲਾਂ ਅਤੇ ਹੋਰ ਦਸਤਾਵੇਜ਼ ਦੀ ਗੁੰਮਸ਼ੁਦਗੀ ਦੱਸੀ ਗਈ ਹੈ ਅਤੇ ਲਿਖਿਆ ਹੈ ਕਿ ਫਾਈਲਾਂ ਸੀਨੀਅਰ ਸਹਾਇਕ ਨੇ



ਚੇਅਰਮੈਨ ਨੂੰ ਦੇਣ ਲਈ ਦਿੱਤੀਆਂ ਸਨ।

ਥਾਣਾ-4 ਵਿੱਚ ਦਰਜ ਹੋਏ ਕੇਸ ਵਿੱਚ ਥਾਣਾ ਮੁਖੀ ਨੂੰ ਇਸ ਦੀ ਤੁਰੰਤ ਜਾਂਚ ਕਰਨ ਦੇ ਹੁਕਮ ਦਿੱਤੇ ਗਏ ਹਨ। ਥਾਣਾ-4 ਦੀ ਪੁਲਸ ਨੇ 26 ਅਪਰੈਲ ਨੂੰ ਰਾਤ 11 ਵਜੇ ਕੇਸ ਦਰਜ ਕੀਤਾ ਹੈ। ਇਸ ਕੇਸ ਦੀਆਂਚ 70 ਫਾਈਲਾਂ ਟਰੱਸਟ ਦਫਤਰ ਵਿੱਚੋਂ ਹੀ ਮਿਲ ਗਈਆਂ ਸਨ।ਪੁਲਸ ਕਮਿਸ਼ਨਰ ਨੂੰ ਭੇਜੀ ਚਿੱਠੀ ਵਿੱਚ 120 ਫਾਈਲਾਂ ਗੁੰਮ ਹੋਣ ਦਾ ਕੇਸ ਦਰਜ ਕਰਨ ਲਈ ਕਿਹਾ ਗਿਆ ਸੀ। ਜਿਨ੍ਹਾਂ 120 ਫਾਈਲਾਂ ਦੇ ਗੁੰਮ ਹੋਣ ਦਾ ਕੇਸ ਦਰਜ ਹੋਇਆ ਹੈ, ਉਸ ਵਿੱਚੋਂ 70 ਫਾਈਲਾਂ ਟਰੱਸਟ ਦਫਤਰ ਅਤੇ 30 ਤੋਂ ਵੱਧ ਫਾਈਲਾਂ ਚੀਫ ਵਿਜੀਲੈਂਸ ਅਫਸਰ ਦੀ ਕਸਟਡੀ ਵਿੱਚ ਹੋਣ ਦੀ ਗੱਲ ਪਤਾ ਲੱਗੀ ਹੈ। 15 ਤੋਂ 20 ਨੂੰ ਅਜੇ ਲੱਭਿਆ ਜਾ ਰਿਹਾ ਹੈ। ਇਹ ਫਾਈਲਾਂ ਰਨਿੰਗ ਕੰਡੀਸ਼ਨ ਵਿੱਚ ਹੋ ਸਕਦੀਆਂ ਹਨ ਅਤੇ ਵੱਖ-ਵੱਖ ਅਫਸਰਾਂ ਦੇ ਦਫਤਰ ਅਤੇ ਟੇਬਲ ਉੱਤੇ ਹੋ ਸਕਦੀਆਂ ਹਨ ਅਤੇ ਜੋ ਫਾਈਲਾਂ ਨਹੀਂ ਮਿਲਣਗੀਆਂ ਉਨ੍ਹਾਂ ਬਾਰੇ ਕਾਰਵਾਈ ਹੋ ਸਕਦੀ ਹੈ। ਇਸ ਮਾਮਲੇ ਵਿੱਚ ਜਾਂਚ ਦਾ ਸਾਹਮਣਾ ਕਰ ਰਹੇ ਈ ਓ ਪਰਮਿੰਦਰ ਸਿੰਘ ਨੇ ਕਿਹਾ ਹੈ ਕਿ 70 ਫਾਈਲਾਂ ਮਿਲਣ ਦੀ ਉਨ੍ਹਾਂ ਨੂੰ ਜਾਣਕਾਰੀ ਨਹੀਂ ਹੈ ਅਤੇ ਇਸ ਮਾਮਲੇ ਵਿੱਚ ਕੇਸ ਦਰਜ ਹੋ ਚੁੱਕਾ ਹੈ।

## ਯੂਥ ਕਾਂਗਰਸੀ ਨੇਤਾ ਦੇ ਮਾਮਲੇ ਵਿਚ ਏ ਸੀ ਪੀ, ਥਾਣਾ ਇੰਚਾਰਜ ਅਤੇ ਜਾਂਚ ਅਧਿਕਾਰੀ ਟਰਾਂਸਫਰ

ਜਲੰਧਰ, 28 ਅਪ੍ਰੈਲ (ਪੋਸਟ ਬਿਊਰੋ)- ਕੇਬਲ ਕਾਰੋਬਾਰੀ ਰੰਜਿਸ਼ ਬਾਰੇ ਫਾਸਟਵੇ ਕੰਪਨੀ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ ਉੱਤੇ ਯੂਥ ਕਾਂਗਰਸ ਨੇਤਾ ਅੰਗਦ ਦੱਤਾ ਉੱਤੇ ਬਿਨਾਂ ਜਾਂਚ ਕੇਸ ਦਰਜ ਕਰਨ ਕਰ ਕੇ ਦੇਰ ਰਾਤ ਗ੍ਰਹਿ ਮੰਤਰਾਲੇ ਤੋਂ ਆਏ ਹੁਕਮ ਅਨੁਸਾਰ ਏ ਸੀ ਪੀ ਸੈਂਟਰਲ ਸੁਖਦੀਪ ਸਿੰਘ, ਥਾਣਾ ਬਾਰਾਂਦਰੀ ਦੇ ਇੰਚਾਰਜ ਇੰਸਪੈਕਟਰ ਕਮਲਜੀਤ ਸਿੰਘ ਅਤੇ ਕੇਸ ਦੇ ਜਾਂਚਕਰਤਾ ਬਲਵਿੰ-ਦਰ ਸਿੰਘ ਨੂੰ ਟਰਾਂਸਫਰ ਕਰ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਯੂਥ ਕਾਂਗਰਸੀ ਨੇਤਾ ਅੰਗਦ ਦੱਤਾ ਨੇ ਡੀ ਜੀ ਪੀ ਦਫਤਰ ਵਿੱਚ ਈ-ਮੇਲ ਪਾ ਕੇ ਸ਼ਿਕਾਇਤ ਭੇਜੀ ਸੀ ਕਿ ਫਾਸਟਵੇ ਕੰਪਨੀ ਦੇ ਜਵਾਬ ਵਿੱਚ ਕਮਿਸ਼ਨਰੇਟ ਪੁਲਸ ਨੇ ਉਸ ਦੇ ਖਿਲਾਫ ਬਿਨਾਂ ਜਾਂਚ ਦੇ ਕੇਸ ਦਰਜ ਕਰ ਦਿੱਤਾ ਅਤੇ ਉਨ੍ਹਾਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਨਹੀਂ ਦਿੱਤਾ।



ਨੇਤਾ ਅੰਗਦ ਦੱਤਾ

ਦੱਤਾ ਅਨੁਸਾਰ ਇਸ ਮਾਮਲੇ ਵਿੱਚ ਏ ਸੀ ਪੀ ਸੈਂਟਰਲ ਸੁਖਦੀਪ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਤੇ ਉਨ੍ਹਾਂ ਦੇ ਸਾਥੀ ਬਣੇ ਇੰਸਪੈਕਟਰ ਕਮਲਜੀਤ ਸਿੰਘ ਅਤੇ ਏ ਐਸ ਆਈ ਬਲਵਿੰਦਰ ਸਿੰਘ ਨੇ ਬਿਨਾਂ ਕੇਸ ਦਰਜ ਕੀਤੇ ਅੰਗਦ ਦੱਤਾ ਦੇ ਘਰ ਦੀ ਸਰਚ ਕੀਤੀ। ਅੰਗਦ ਦੱਤਾ ਦਾ ਦੋਸ਼ ਹੈ ਕਿ ਇਨ੍ਹਾਂ ਅਧਿਕਾਰੀਆਂ ਨੇ ਫਾਸਟਵੇ ਕੰਪਨੀ ਦੇ ਰਾਜਨੀਤਕ ਦਬਾਅ ਵਿੱਚ ਆ ਕੇ ਉਸ ਦਾ ਘਰ ਸੀਲ ਕਰ ਦਿੱਤਾ ਅਤੇ ਘਰ ਵਿੱਚ ਉਸ ਦੀ ਬਜ਼ੁਰਗ ਮਾਂ ਨੂੰ ਨਜ਼ਰਬੰਦ ਵੀ ਕਰ ਦਿੱਤਾ। ਦੱਤਾ ਦਾ ਦੋਸ਼ ਹੈ ਕਿ ਫਾਸਟਵੇ ਕੰਪਨੀ ਵੱਲ ਉਸ ਦਾ ਅੱਸੀ ਲੱਖ ਰੁਪਿਆ ਨਿਕਲਦਾ ਹੈ ਜਿਸ ਨੂੰ ਉਹ ਵਾਰ-ਵਾਰ ਕਹਿ ਰਿਹਾ ਸੀ ਕਿ ਹਿਸਾਬ ਕਰੋ ਤੇ ਮੇਰੇ ਪੈਸੇ ਵਾਪਸ ਕਰੋ, ਪਰ ਕੰਪਨੀ ਪੈਸੇ ਦੇਣ ਦੀ ਥਾਂਉਸ ਨੂੰ ਰਸਤੇ ਵਿੱਚੋਂ ਹਟਾਉਣਾ ਚਾਹੁੰਦੀਹੈ। ਘਰ ਸਰਚ ਕਰਨ ਪਹੁੰਚੀ ਪੁਲਸ ਵਾਰ-ਵਾਰ ਪੁੱਛਣ ਦੇ ਬਾਵਜੂਦ ਸ਼ਿਕਾਇਤ ਰਿਪੋਰਟ ਨਹੀਂ ਦਿਖਾ ਸਕੀ। ਇਸ ਮੌਕੇ ਅੰਗਦ ਦੱਤਾ ਦੇ ਸਮਰਥਕਾਂ ਨੇ ਪੁਲਸ ਨੂੰ ਘਰ ਵਿੱਚ ਸਰਚ ਕਰਨ ਤੋਂ ਰੋਕਿਆ।ਦੇਰ ਰਾਤ ਡਾਇਰੈਕਟਰ ਜਨਰਲ ਆਫ ਪੁਲਸ ਚੰਡੀਗੜ੍ਹ ਦੇ ਦਫਤਰ ਤੋਂ ਆਏ ਆਰਡਰ ਅਨੁਸਾਰ ਏ ਸੀ ਪੀ ਸੈਂਟਰਲ ਸੁਖਦੀਪ ਸਿੰਘ ਨੂੰ ਪੀ ਏ ਪੀ ਅੰਮ੍ਰਿਤਸਰ ਵਿੱਚ ਟਰਾਂਸਫਰ ਕਰ ਦਿਤਾ ਗਿਆ ਤਾਂ ਥਾਣਾ ਬਾਰਾਂਦਰੀ ਦੇ ਮੁਖੀ ਇੰਸਪੈਕਟਰ ਕਮਲਜੀਤ ਸਿੰਘ ਅਤੇ ਜਾਂਚ ਅਧਿਕਾਰੀ ਬਲਵਿੰਦਰ ਸਿੰਘ ਨੂੰ ਫਾਜ਼ਿਲਕਾ ਬਦਲ ਦਿੱਤਾ ਗਿਆ ਹੈ।

## ਦੋਸਤ ਨਾਲ ਲੜਾਈ ਪਿਛੋਂ ਲੜਕੀ ਨੇ 14ਵੀਂ ਮੰਜ਼ਿਲ ਤੋਂ ਛਾਲ ਮਾਰੀ

ਮੋਹਾਲੀ, 28 ਅਪ੍ਰੈਲ (ਪੋਸਟ ਬਿਊਰੋ)- 27 ਸਾਲਾ ਲੜਕੀ ਨੇ ਮਰਦ ਦੋਸਤ ਨਾਲ ਲੜਾਈ ਪਿੱਛੋਂ ਮੋਹਾਲੀ ਦੇ ਸੈਕਟਰ-88 ਵਿਚਲੇ ਪ੍ਰੀਮੀਅਮ ਪੂਰਬ 'ਅਪਾਰਟਮੈਂਟ ਦੀ 14ਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਇਹ ਘਟਨਾ ਕੱਲ੍ਹ ਦੁਪਹਿਰੇ 12.30 ਵਜੇ ਵਾਪਰੀ ਸੀ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮ੍ਰਿਤਕਾ ਦੇ ਪਿਤਾ ਨੇ ਦੋਸ਼ ਲਾਇਆ ਕਿ ਇਹ ਕਤਲ ਹੈ ਅਤੇ ਪਰਵਾਰਕ ਮੈਂਬਰਾਂ ਨੇ ਦੋਸ਼ੀ ਉੱਤੇ ਕਤਲ ਦਾ ਕੇਸ ਦਰਜ ਕਰਨ ਦੀ ਮੰਗ ਕਰਦਿਆਂ ਸਿਵਲ ਹਸਪਤਾਲ



ਫੇਜ਼-6 ਵਿੱਚ ਧਰਨਾ ਦਿੱਤਾ। ਪੁਲਸ ਨੇ ਲੜਕੀਦੇ ਦੋਸਤ ਸੰਦੀਪ ਸਿੰਘ ਸੱਜਣ ਉੱਤੇ ਸੋਹਾਣਾ ਥਾਣੇ ਵਿੱਚ ਲੇਸ ਦਰਜ ਕੀਤਾ ਹੈ। ਸੰਦੀਪ ਹਾਲੇ ਫਰਾਰ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮ੍ਰਿਤਕਾ, ਉਸ ਦਾ ਦੋਸਤ ਸੰਦੀਪ ਸਿੰਘ ਸੱਜਣ, ਇੱਕ ਹੋਰ ਵਿਅਕਤੀ ਸੰਦੀਪ ਸਿੰਘ ਅਤੇ ਸੰਦੀਪ ਕੌਰ ਚਾਰ ਜਣੇ ਪੂਰਬ ਅਪਾਰਟਮੈਂਟ ਦੇ ਇੱਕ ਫਲੈਟ ਵਿੱਚ ਰਹਿੰਦੇ ਸਨ। ਅੱਧੀ ਰਾਤ ਲੜਕੀ ਅਤੇ ਉਸਦੇ ਮਰਦ ਦੋਸਤ ਦਾ ਝਗੜਾ ਹੋਇਆ ਤੇ ਉਸ ਨੇ ਉਨ੍ਹਾਂ ਦੇ ਸਾਹਮਣੇ ਅਪਾਰਟਮੈਂਟ ਦੀ 14ਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਜਦੋਂ ਉਹ ਛਾਲ ਮਾਰ ਰਹੀ ਸੀ ਤਾਂ ਉਨ੍ਹਾਂ ਨੇ ਉਸ ਨੂੰ ਉਪਰ ਖਿੱਚਣ ਦੀ ਕੋਸ਼ਿਸ਼ ਕੀਤੀ ਪਰ ਉਹ ਡਿੱਗ ਗਈ। ਸਾਰੇ ਜਣੇ ਸੈਕਟਰ-70 ਦੀ ਕੰਪਨੀ ਵਿੱਚ ਕੰਮ ਕਰਦੇ ਸਨ।ਲੜਕੀ ਚੰਡੀਗੜ੍ਹ ਦੇ ਸੈਕਟਰ-52 ਦੀ ਵਸਨੀਕ ਸੀ ਪਰ ਅਪਾਰਟਮੈਂਟ ਵਿੱਚ ਉਨ੍ਹਾਂ ਨਾਲ ਰਹਿੰਦੀ ਸੀ।

## ਪੁੱਤਰ ਵੱਲੋਂ ਤੇਜ਼ਧਾਰ ਹਥਿਆਰ ਨਾਲ ਪਿਓ ਦਾ ਕਤਲ

ਫਿਰੋਜ਼ਪੁਰ, 28 ਅਪ੍ਰੈਲ (ਪੋਸਟ ਬਿਊਰੋ)- ਇੱਥੋਂ ਨੇੜਲੇ ਪਿੰਡ ਪਿਆਰੇਆਣਾ ਵਿਚ ਕੱਲ੍ਹ ਇਕ ਨੌਜਵਾਨ ਨੇ ਮਾਮੂਲੀ ਤਕਰਾਰ ਮਗਰੋਂ ਆਪਣੇ ਪਿਤਾ ਦਾ ਤੇਜ਼ਧਾਰ ਹਥਿਆਰ ਨਾਲ ਕਤਲ ਕਰ ਦਿੱਤਾ। ਵਾਰਦਾਤ ਮਗਰੋਂ ਦੋਸ਼ੀ ਮੌਕੇ ਤੋਂ ਫਰਾਰ ਹੋ ਗਿਆ। ਮ੍ਰਿਤਕ ਦੀ ਪਛਾਣ ਗੁਰਮੁਖ ਸਿੰਘ (42) ਵਜੋਂ ਹੋਈ ਹੈ, ਜੋ ਕੰਬਾਈਨਡਰਾਈਵਰ ਸੀ ਅਤੇ ਤਿੰਨ ਮਹੀਨਿਆਂ ਮਗਰੋਂ ਬੀਤੇ ਦਿਨ ਹੀ ਘਰ ਪਰਤਿਆ ਸੀ। ਇਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸਵੇਰੇ ਗੁਰਮੁਖ ਸਿੰਘ ਦਾ ਆਪਣੇ ਪੁੱਤਰ ਗੁਰਸੇਵਕ ਸਿੰਘ (20) ਨਾਲ ਕਿਸੇ ਗੱਲੋਂ ਝਗੜਾ ਹੋ ਗਿਆ ਤੇ ਅੰਮ੍ਰਿਤਧਾਰੀ ਗੁਰਸੇਵਕ ਨੇ ਕਿਰਪਾਨ ਨਾਲ ਆਪਣੇ ਪਿਤਾ ਉੱਤੇ ਕਈ ਵਾਰ ਕੀਤੇ। ਗੁਰਮੁਖ ਸਿੰਘ ਨੇ ਜਾਨ ਬਚਾਉਣ ਲਈ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਗੁਰਸੇਵਕ ਸਿੰਘ ਉਸ ਉੱਤੇ ਉਦੋਂ ਤਕ ਵਾਰ ਕਰਦਾ ਰਿਹਾ, ਜਦੋਂ ਤਕ ਉਸ ਦੀ ਮੌਤ ਨਹੀਂ ਹੋ ਗਈ। ਗੁਰਸੇਵਕ ਸਿੰਘ ਬੁੱਢਾ ਦਲ ਨਾਲ ਜੁੜਿਆ ਹੋਇਆ ਹੈ। ਗੁਰਮੁਖ ਸਿੰਘ ਦੀ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ ਅਤੇ ਮੁਲਜ਼ਮ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਗਿਆ ਹੈ।

## ਘਰਾਚੋਂ ਪਿੰਡ ਦੇ 6 ਪੰਚ ਪੰਚਾਇਤ ਵਿਭਾਗ ਵੱਲੋਂ ਸਸਪੈਂਡ

ਭਵਾਨੀਗੜ੍ਹ, 28 ਅਪ੍ਰੈਲ (ਪੋਸਟ ਬਿਊਰੋ)- ਬਲਾਕ ਦੇ ਸਭ ਤੋਂ ਪਿੰਡ ਘਰਾਚੋਂ ਦੇ ਕਾਂਗਰਸ ਨਾਲ ਸਬੰਧਤ ਛੇ ਪੰਚਾਇਤ ਮੈਂਬਰਾਂ ਨੂੰ ਵਿਕਾਸ ਕਾਰਜਾਂ ਵਿੱਚ ਸਹਿਯੋਗ ਨਾ ਦੇਣ ਕਰ ਕੇ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੇਸਸਪੈਂਡ ਕਰ ਦਿੱਤਾ ਹੈ। ਇਹ ਕਾਰਵਾਈ ਪਿੰਡ ਦੇ ਸਰਪੰਚ ਦੀ ਸ਼ਿਕਾਇਤ ਉੱਤੇ ਕੀਤੀ ਗਈ ਹੈ।

ਇਸ ਸਬੰਧੀ ਸਰਪੰਚ ਦੀ ਸ਼ਿਕਾਇਤ ਉੱਤੇ ਜਾਂਚ ਅਫਸਰਨੇ ਡਾਇਰੈਕਟਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਨੂੰ ਰਿਪੋਰਟ ਭੇਜੀ ਕਿ ਪੰਚ ਤਰਨਜੀਤ ਸਿੰਘ, ਕਿਰਨਜੀਤ ਕੌਰ, ਹਰਭਜਨ ਸਿੰਘ, ਰਾਜਿੰਦਰ ਸਿੰਘ, ਕੁਲਵਿੰਦਰ ਸਿੰਘ ਤੇ ਸੁਰਿੰਦਰ ਕੁਮਾਰ ਦੇ ਖਿਲਾਫ ਵਿਕਾਸ ਕਾਰਜਾਂ ਵਿੱਚ ਸਹਿਯੋਗ ਨਾ ਦੇਣ ਦੇ ਦੋਸ਼ ਸਿੱਧ ਹੁੰਦੇ ਹਨ, ਇਸ ਲਈ ਉਕਤ ਪੰਚਾਂ ਦਾ ਅਹੁਦੇ ਉੱਤੇ ਬਣੇ ਰਹਿਣਾ ਲੋਕ ਹਿੱਤ ਵਿੱਚ ਨਹੀਂ।ਸਰਪੰਚ ਗੁਰਮੇਲ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਗਈ ਹੈ। ਸਸਪੈਂਡ ਕੀਤੇ ਪੰਚਾਂ ਨੇ ਇਸ ਫੈਸਲੇ ਨੂੰ ਸਿਆਸੀ ਬਦਲਾਖੋਰੀ ਕਰਾਰ ਦਿੱਤਾ ਹੈ।

## ਪੰਜਾਬ ਦੇ ਭਾਸ਼ਾ ਵਿਭਾਗ ਕੋਲ ਹੱਥ-ਲਿਖਤਾਂ ਦਾ ਸਭ ਤੋਂ ਵੱਡਾ ਖਜ਼ਾਨਾ

ਪਟਿਆਲਾ, 28 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਭਾਸ਼ਾ ਵਿਭਾਗ ਦੀ ਰੈਫਰੈਂਸ ਲਾਇਬਰੇਰੀ ਵਿੱਚ ਸਦੀਆਂ ਪੁਰਾਣੇ ਸਾਹਿਤ ਦੀਆਂ ਫਾਰਸੀ, ਉਰਦੂ, ਗੁਰਮੁਖੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਇਸਲਾਮ, ਸਿੱਖ, ਹਿੰਦੂ ਅਤੇ ਹੋਰ ਕਈ ਧਰਮਾਂ ਦੀਆਂ ਹੱਥ ਲਿਖਤਾਂ ਪਈਆਂ ਹਨ, ਜਿਨ੍ਹਾਂ ਵਿੱਚ 120 ਦੁਰਲੱਭ ਹੱਥ ਲਿਖਤਾਂ ਸ਼ਾਮਲ ਹਨ।

*** ਏਸ਼ੀਆ ਪੱਧਰ ਉੱਤੇ ਸਭ ਤੋਂ ਵੱਧ ਹੱਥ-ਲਿਖਤਾਂ ਮੌਜੂਦ**

ਸਰਕਾਰੀ ਸੂਤਰਾਂ ਅਨੁਸਾਰ ਭਾਸ਼ਾ ਵਿਭਾਗ ਕੋਲ ਆਪਣੀ ਲਾਇਬਰੇਰੀ ਵਿੱਚ ਕੁੱਲ 593 ਹੱਥ ਲਿਖਤਾਂ ਹਨ, ਜਿਨ੍ਹਾਂ ਵਿੱਚ ਕਵੀ ਤੁਲਸੀ ਦਾਸ ਦੀਆਂ ਹੱਥ ਲਿਖਤਾਂ ਵਿੱਚੋਂ 'ਪਦ ਰਾਮ-ਾਇਣ'ਅਤੇ 'ਕ੍ਰਿਸ਼ਨ ਚਰਿੱਤਰ', 'ਰਾਮ ਗਯਾ', 'ਸ੍ਰੀ ਰਾਮ ਦੋਹਾਵਲੀ', 'ਕਬਿੱਤ ਰਾਮਾਇਣ', 'ਦੰਡਕ ਰਾਮਾਇਣ' ਆਦਿ ਹਨ। ਇਸ ਦੇ ਨਾਲ 18 ਵਸਾਖ 1885 ਦੀ 'ਪੁਰਾਤਨ ਕਥਾ ਸਤਿਯੁਗ ਕੀ', 1887 ਦੀ 'ਉਦਾਸੀ ਰਾਜੇ ਗੋਪੀ ਚੰਦ ਕੀ', 1885 ਦੀ ਕਵੀ ਦੇਵ ਭਾਨ ਦੀ 'ਕਾਨ੍ਹ ਭਗਵਾਨ ਕੀ ਵਾਰ', 1788 ਬਿਕਰਮੀ ਦੀ 'ਗੋਸਟਿ ਮੱਕੇ ਵ ਮਦੀਨੇ ਕੀ', ਸੋਲ੍ਹਵੀਂ ਸਦੀ ਦੀ ਸ੍ਰੀ ਗੁਰੂ ਨਾਨਕ ਦੇਵ ਜੀ 'ਕੱਕੜ ਵਿਚਾਰ', ਸਤਾਰ੍ਹਵੀਂ ਸਦੀ ਵਿੱਚ ਹੋਏ ਕਵਿ ਰਾਮਾ ਸਯਾਮ ਦੀ ਚਰਿਤ੍ਰੋਖਯਾਨ (ਤ੍ਰਿਯ ਚਰਿੱਤਰ), ਕਵੀ ਮੁਕਬਲ ਦੀ 'ਹੀਰ ਰਾਂਝੇ ਦਾ ਬਿਰਤਾਂਤ', 1873 ਬਿਕਰਮ ਦੀ ਸੱਯਦ ਵਾਰਸ ਸ਼ਾਹ ਦੀ 'ਹੀਰ ਰਾਂਝਾ', ਹਿਜਰੀ ਸੰਨ 1187 ਸਮੇਂ ਦੀ ਕਵੀ ਹਾਮਿਦ ਸ਼ਾਹ ਦੀ 'ਅਖ਼ਬਾਰ-ਉਲ-ਆਖ਼ਰਤ (ਫਾਰਸੀ ਅੱਖਰ) ਵੀ ਇੱਥੇ ਹੱਥ ਲਿਖਤ ਮੌਜੂਦ ਹੈ। ਇਸੇ ਤਰ੍ਹਾਂ ਸਤਾਰ੍ਹਵੀਂ ਸਦੀ ਦੀ ਕਵੀ ਸੂਰਦਾਸ ਦੀ 'ਕ੍ਰਿਸ਼ਨ ਲੀਲ੍ਹਾ' ਦੀ ਹੱਥ ਲਿਖਤ ਹੈ। ਇਸ ਤੋਂ ਇਲਾਵਾ ਇੱਥੇ ਗੁਰੂ ਗੋਬਿੰਦ ਸਿੰਘ ਦੀ ਦਸ ਗ੍ਰੰਥੀ, ਜ਼ਫਰਨਾਮਾ ਨਾਲ ਗੁਰੂ ਗੋਬਿੰਦ ਸਿੰਘ ਸਮੇਤ ਕਈ ਗ੍ਰੰਥ ਹੱਥ ਲਿਖਤਾਂ ਹਨ। ਐਡੀਸ਼ਨਲ ਡਾਇਰੈਕਟਰ ਸਤਨਾਮ ਸਿੰਘ ਦੇਮੁਤਾਬਕ ਭਾਸ਼ਾ ਵਿਭਾਗ ਪੰਜਾਬ ਦੀ ਲਾਇਬਰੇਰੀ ਹੱਥ ਲਿਖਤਾਂ ਪੱਖੋਂ ਏਸ਼ੀਆ ਦੀ ਸਭ ਤੋਂ ਵੱਡੀ ਲਾਇਬਰੇਰੀ ਹੈ।

ਧਨੁ ਲੇਖਾਰੀ ਨਾਨਕਾ
ਭਾਸ਼ਾ ਵਿਭਾਗ, ਪੰਜਾਬ

## ਫਾਰਚੂਨਰ ਗੱਡੀ ਨਹਿਰ ਵਿੱਚ ਡਿੱਗਣ ਨਾਲ 5 ਮੌਤਾਂ



ਡੇਹਲੋਂ, 28 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਰਾਤ ਜਗੇੜਾ ਨਹਿਰ ਪੁਲ ਨੇੜੇ ਸਰਹਿੰਦ-ਬਠਿੰਡਾ ਬਰਾਂਚ ਨਹਿਰ ਵਿੱਚ ਇੱਕ ਫਾਰਚੂਨਰ ਗੱਡੀ ਦੇ ਨਹਿਰ ਵਿੱਚ ਡਿੱਗਣ ਨਾਲ ਗੱਡੀ ਵਿੱਚ ਸਵਾਰ ਪੰਜ ਨੌਜਵਾਨਾਂ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਕਸਬਾ ਡੇਹਲੋਂ ਤੋਂ ਲਾਗਲੇ ਪਿੰਡ ਨੰਗਲ ਦਾ ਵਸਨੀਕ ਕੈਨੇਡਾ ਵਾਸੀ ਜਤਿੰਦਰ ਸਿੰਘ ਹੈਪੀ ਕੁਝ ਦਿਨ ਪਹਿਲਾਂ ਵਾਪਸ ਪਿੰਡ ਆਇਆ ਸੀ ਅਤੇ ਕੱਲ੍ਹ ਆਪਣੇ ਇੱਕ ਰਿਸ਼ਤੇਦਾਰ ਸਮੇਤ ਪੰਜ ਹੋਰ ਦੋਸਤਾਂ ਨਾਲ ਫਾਰਚੂਨਰ ਕਾਰ ਵਿੱਚ ਮਲੌਦ ਲਾਗਲੇ ਪਿੰਡ ਬੇਰ ਵਿਖੇ ਕਿਸੇ ਜਾਣਕਾਰ ਦੇ ਘਰ ਅਫ਼ਸੋਸ ਕਰਨ ਗਏ ਸਨ। ਉਹ ਆਪਣੀ ਕਾਰ ਵਿੱਚ ਰਾਤ ਕਰੀਬ 10 ਵਜੇ ਤੋਂ ਬਾਅਦ ਵਾਪਸ ਪਿੰਡ ਨੰਗਲ ਵੱਲ ਆ ਰਹੇ ਸਨ। ਜਦੋਂ ਉਹ ਜਗੇੜਾ ਪੁਲ ਤੋਂ ਪਿੱਛੇ ਅਹਿਮਦਗੜ੍ਹ-ਖੰਨਾ ਨਹਿਰ ਵਾਲੀ ਸੜਕ ਉੱਤੇ ਚੜ੍ਹੇ ਤਾਂ ਫਾਰਚੂਨਰ ਅਚਨਚੇਤ ਨਹਿਰ ਵਿੱਚ ਪਲਟ ਗਈ। ਗੱਡੀ ਵਿੱਚ ਸਵਾਰ ਇੱਕ ਜਣਾ ਸੰਦੀਪ ਸਿੰਘ ਬਚ ਗਿਆ। ਮ੍ਰਿਤਕਾਂ ਦੀ ਪਛਾਣ ਜਤਿੰਦਰ ਸਿੰਘ ਹੈਪੀ ਨੰਗਲ (49) ਵਾਸੀ ਕੈਨੇਡਾ, ਜਗਤਾਰ ਸਿੰਘ ਰਾਜਾ (52 ਸਾਲ) ਪਿੰਡ ਨੰਗਲ, ਜਗਦੀਪ ਸਿੰਘ ਜੈਫੀ (26) ਪਿੰਡ ਰੁੜਕਾ, ਕੁਲਦੀਪ ਸਿੰਘ (46) ਵਾਸੀ ਲਹਿਲ ਅਤੇ ਜਗਦੀਪ ਸਿੰਘ ਜੱਗਾ (40) ਗੋਪਾਲਪੁਰ ਵਜੋਂ ਹੋਈ ਹੈ।

## ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ

ਐਸ ਏ ਐਸ ਨਗਰ (ਮੋਹਾਲੀ), 28 ਅਪ੍ਰੈਲ (ਪੋਸਟ ਬਿਊਰੋ)- ਵਿਵਾਦਤ ਕੋਠੀ ਦੀ ਖਰੀਦ ਵਾਲੇ ਮਾਮਲੇ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਨਾਮਜ਼ਦ ਇਸ ਰਾਜ ਦੀ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਮੋਹਾਲੀ ਅਦਾਲਤ ਨੇ ਕੱਲ੍ਹ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ।

ਇਸ ਬਾਰੇ ਸਰਕਾਰੀ ਵਕੀਲ ਤੇ ਬਚਾਅ ਪੱਖ ਦੇ ਵਕੀਲਾਂ ਦੀ ਬਹਿਸ ਹੋਈ। ਕੁਝ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਸਾਬਕਾ ਡੀ ਜੀ ਪੀ ਨੂੰ ਅਦਾਲਤਾਂ ਵੱਲੋਂ ਵੱਡੀਆਂ ਰਾਹਤਾਂ ਦੇਣ ਦਾ ਗੰਭੀਰ ਨੋਟਿਸ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸਾਰੇ ਕੇਸਾਂ ਨੂੰ ਮੁੜ ਵਾਚਣ ਲਈ ਕਿਹਾ ਸੀ। ਮਿਲੀ ਜਾਣਕਾਰੀ ਅਨੁਸਾਰ ਸੁਮੇਧ ਸੈਣੀ ਨੇ ਗ੍ਰਿਫਤਾਰੀ ਦਾ ਖਦਸ਼ਾ ਪ੍ਰਗਟ ਕਰਦਿਆਂ ਮੋਹਾਲੀ ਅਦਾਲਤ ਵਿੱਚ ਪਿਛਲੇ ਦਿਨੀਂ ਮੁੜ ਕੇ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ



ਸੀ। ਇਸ ਬਾਰੇ ਮੋਹਾਲੀ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਆਰ ਐਸ ਰਾਏ ਦੀ ਅਦਾਲਤ ਵਿੱਚ ਸਰਕਾਰੀ ਵਕੀਲ ਨੇ ਸਾਬਕਾ ਡੀ ਜੀ ਪੀ ਦੀ ਜ਼ਮਾਨਤ ਅਰਜ਼ੀ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕੋਠੀ ਦੀ ਖਰੀਦੋ ਦੇ ਕੇਸ ਵਿੱਚ ਸੈਣੀ ਨੇ ਪੁਲਸ ਨੂੰ ਲੋੜੀਂਦੇ ਦਸਤਾਵੇਜ਼ ਪੇਸ਼ ਨਹੀਂ ਕੀਤੇ, ਜਦ ਕਿ ਬਚਾਅ ਪੱਖ ਦੇ ਵਕੀਲਾਂ ਨੇ ਚੰਡੀਗੜ੍ਹ ਦੀ ਚਰਚਿਤ ਕੋਠੀ ਦੀ ਖਰੀਦ ਸਬੰਧੀ ਕੁਝ ਅਹਿਮ ਦਸਤਾਵੇਜ਼ ਅਦਾਲਤ ਨੂੰ ਸੌਂਪੇ ਸਨ। ਦੋਵਾਂ ਧਿਰਾਂ ਦੀ ਬਹਿਸ ਸੁਣਨ ਪਿੱਛੋਂ ਅਦਾਲਤ ਨੇ ਸੁਮੇਧ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਹੈ। ਇਸ ਤਰ੍ਹਾਂ ਕਿਸੇ ਵੀ ਸਮੇਂ ਸੈਣੀ ਦੀ ਗ੍ਰਿਫਤਾਰੀ ਹੋ ਸਕਦੀ ਹੈ।

## ਬਹਿਬਲ ਕਲਾਂ ਗੋਲੀਕਾਂਡ ਦੀ ਅਗਲੀ ਸੁਣਵਾਈ 9 ਮਈ ਨੂੰ

ਕੋਟਕਪੂਰਾ, 28 ਅਪ੍ਰੈਲ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੌਰਾਨ ਸਾਲ 2015 ਵਿੱਚਹੋਏ ਬੇਅਦਬੀ ਕਾਂਡ ਦਾ ਇਨਸਾਫ਼ ਮੰਗਦੀਆਂ ਸ਼ਾਂਤਮਈ ਧਰਨੇ ਉੱਤੇ ਬੈਠੀਆਂ ਸੰਗਤਾਂ ਉਪਰ ਹੋਏ ਪੁਲਸੀਆਂ ਜ਼ੁਲਮ ਵਾਲੇ ਬਹਿਬਲ ਕਲਾਂ ਗੋਲੀਕਾਂਡ ਕੇਸ ਦੇ ਦੋਸ਼ੀ ਨਾਮਜ਼ਦ ਕੀਤੇ ਗਏ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ, ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਸੁਹੇਲ ਸਿੰਘ ਬਰਾੜ ਕੱਲ੍ਹ ਨਿੱਜੀ ਤੌਰ ਉੱਤੇ ਅਦਾਲਤ ਨਹੀਂ ਆਏ ਅਤੇ ਇਨ੍ਹਾਂ ਨੂੰ ਇੱਕ ਦਿਨ ਦੀ ਹਾਜ਼ਰੀ ਤੋਂ ਛੋਟ ਦਿੱਤੀ ਗਈ। ਥਾਣਾ ਬਾਜਾਖਾਨਾ ਦੇ ਸਾਬਕਾ ਮੁਖੀ ਅਮਰਜੀਤ ਸਿੰਘ ਕੁਲਾਰ, ਕਾਰੋਬਾਰੀ ਪੰਕਜ ਬਾਂਸਲ, ਮੋਗਾ ਦੇ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ, ਐਸ ਪੀ ਬਿਕਰਮਜੀਤ ਸਿੰਘ ਅਦਾਲਤ ਵਿੱਚ ਹਾਜ਼ਰ ਸਨ। ਅਦਾਲਤ ਨੇ ਇਸ ਦੀ ਅਗਲੀ ਸੁਣਵਾਈ 9 ਮਈ ਤਕ ਮੁਲਤਵੀ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿਐਡੀਸ਼ਨਲ ਸੈਸ਼ਨ ਜੱਜ ਹਰਬੰਸ ਸਿੰਘ ਲੇਖੀ ਦੀ ਅਦਾਲਤ ਫ਼ਰੀਦਕੋਟ ਵਿੱਚ ਬਹਿਬਲ ਗੋਲੀਕਾਂਡ ਕੇਸ ਵਿੱਚ ਕੱਲ੍ਹ ਚਾਰਜਸ਼ੀਟ ਉੱਤੇ ਬਹਿਸ ਹੋਣੀ ਸੀ ਪਰ ਦੋਸ਼ੀਆਂ ਦੇ



ਵਕੀਲ ਨੇ ਅਦਾਲਤ ਨੂੰ ਕਿਹਾ ਕਿ ਇਸ ਕੇਸ ਦੀ ਸੁਣਵਾਈ ਮੁਲਤਵੀ ਕੀਤੀ ਜਾਵੇ ਕਿਉਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦੋਸ਼ੀਆਂ ਵਿਰੁੱਧ ਐਸ ਆਈ ਟੀ (ਸਿੱਟੀ) ਨੇ ਜੋ ਚਲਾਨ ਪੇਸ਼ ਕੀਤਾ ਹੈ, ਉਸ ਨੂੰ ਰੱਦ ਕਰਾਉਣ ਲਈ ਪੁਲਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੋਈ ਹੈ। ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਸਾਬਕਾ ਡੀ ਜੀ ਪੀ ਸੁਮੇਧ ਸੈਣੀ, ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸ਼ਰਮਾ, ਬਿਰਕਰਮਜੀਤ ਸਿੰਘ ਅਤੇ ਕੁਲਾਰ ਆਦਿ ਦੋਸ਼ੀ ਵਜੋਂ ਨਾਮਜ਼ਦ ਹਨ। ਇਨ੍ਹਾਂ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਕਿ ਐਸ ਆਈ ਟੀ ਨੇ ਹਮਲਾਵਰਾਂ ਉਪਰ ਕਾਰਵਾਈ ਕਰਨ ਦੀ ਥਾਂ ਪੁਲਸ ਅਧਿਕਾਰੀਆਂ ਨੂੰ ਦੋਸ਼ੀ ਵਜੋਂ ਨਾਮਜ਼ਦ ਕਰ ਦਿੱਤਾ ਹੈ।

## ਵਿਧਾਇਕ ਮਨਵਿੰਧਰ ਸਿੰਘ ਗਿਆਸਪੁਰਾ ਦੇ ਖਿਲਾਫ ਰਿਪੋਰਟ ਦਰਜ

ਖੰਨਾ, 28 ਅਪ੍ਰੈਲ (ਪੋਸਟ ਬਿਊਰੋ)- ਅਸੈਂਬਲੀ ਹਲਕਾ ਪਾਇਲ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਅਤੇ ਐਸ ਐਚ ਓ ਪਾਇਲ ਸਤਵਿੰਦਰ ਸਿੰਘ ਵਿੱਚ ਝਗੜਾ ਵਧ ਗਿਆ ਹੈ ਕਿਉਂਕਿ ਐਸ ਐਚ ਓ ਪਾਇਲ ਨੇ ਵਿਧਾਇਕ ਗਿਆਸਪੁਰਾ ਖਿਲਾਫ ਡੀ ਡੀ ਆਰ (ਡੇਲੀ ਡਾਇਰੀ ਰਿਪੋਰਟ) ਲਿਖ ਦਿੱਤੀ ਹੈ ਜਿਸ ਵਿੱਚ ਵਿਧਾਇਕ ਉੱਤੇ ਗਲਤ ਵਿਹਾਰ ਕਰਨ ਦੇ ਦੋਸ਼ ਲਾਏ ਹਨ।

ਮਾਮਲਾ ਹਾਈ ਪ੍ਰੋਫਾਈਲ ਹੋਣ ਕਾਰਨ ਪੁਲਸ ਅਧਿਕਾਰੀ ਵੀ ਸੋਚ-ਸੋਚ ਕੇ ਕਦਮ ਪੁੱਟ ਰਹੇ ਹਨ। ਐਸ ਐਚ ਓ ਨੇ ਲਿਖਿਆਹੈ ਕਿ ਉਹ ਆਪਣੀ ਸਕਾਰਪੀਓ ਗੱਡੀ ਵਿੱਚ ਇਲਾਕੇ ਦੀ ਜਾਂਚ ਕਰ ਰਹੇ ਸਨ। ਡਿਊਟੀ ਦੌਰਾਨ ਉਨ੍ਹਾਂ ਨੂੰ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦਾ ਫੋਨ ਆਇਆ। ਉਨ੍ਹਾ ਨੇ ਕਿਹਾ ਕਿ ਬੁੱਧ ਸਿੰਘ ਘਲੋਟੀ ਨਾਲ ਲੜਾਈ ਹੋਈ ਸੀ, ਜਿਸ ਨੇ ਸਿਵਲ ਹਸਪਤਾਲ ਵਿੱਚ ਡਾਕਟਰੀ ਰਿਪੋਰਟ ਕਟਵਾ ਲਈ ਅਤੇ ਤੁਹਾਨੂੰ ਨੋਟ ਕਰਵਾ ਦਿੱਤਾ ਸੀ ਕਿ ਦੂਜੇ ਪਾਸੇ ਰੇਡ ਕੀਤੀ ਜਾਵੇ, ਜਿਸ ਦਾ ਰਾਜ਼ੀਨਾਮਾ ਉਨ੍ਹਾਂ ਨੇ ਆਪਣੇ ਦਫਤਰ ਵਿੱਚ ਕਰਵਾਉਣਾ



ਹੈ।ਐਸ ਐਚ ਓ ਨੇ ਵਿਧਾਇਕ ਨੂੰ ਦੱਸਿਆ ਕਿ ਕੇਸ ਦੀ ਜਾਂਚ ਸਹਾਇਕ ਐਸ ਐਚ ਓ ਗੁਰਮੀਤ ਸਿੰਘ ਕਰ ਰਹੇ ਹਨ ਅਤੇ ਉਹ ਅੱਜ ਐਸ ਪੀ (ਡੀ) ਕੋਲ ਖੰਨਾ ਗਏ ਹਨ। ਇਸ ਉੱਤੇ ਵਿਧਾਇਕ ਨੇ ਕਿਹਾ ਕਿ ਤੁਸੀਂ ਜਾਣਬੁੱਝ ਕੇ ਪੁਲਸ ਨੂੰ ਖਰਾਬ ਕਰਦੇ ਹੋ,ਮੈਂ ਇਸ ਦੀ ਸ਼ਿਕਾਇਤ ਕਰਾਂਗੇ ਤੇ ਤੁਹਾਨੂੰ ਦੱਸਾਂਗਾ ਕਿ ਕਿਵੇਂ ਕੰਮ ਕੀਤਾ ਜਾਂਦਾ ਹੈ। ਐਸ ਐਚ ਓ ਲਿਖਿਆ ਕਿ ਵਿਧਾਇਕ ਗਿਆਸਪੁਰਾ ਨੇ ਉਨ੍ਹਾਂ ਨਾਲ ਗਲਤ ਵਿਹਾਰ ਕੀਤਾ ਹੈ ਜਿਸ ਸਬੰਧੀ ਐਸ ਐਸ ਪੀ ਖੰਨਾ ਅਤੇ ਡੀ ਐਸ ਪੀ ਪਾਇਲ ਨੂੰ ਮੋਬਾਈਲ ਉੱਤੇ ਸੂਚਿਤ ਕਰ ਦਿੱਤਾ ਹੈ।ਇਸ ਬਾਰੇ ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਅਜਿਹਾ ਕੋਈ ਮਾਮਲਾ ਨਹੀਂ ਹੈ, ਉਨ੍ਹਾਂ ਨੂੰ ਡੀ ਡੀ ਆਰ ਬਾਰੇ ਵੀ ਕੁਝ ਨਹੀਂ ਪਤਾ।

## ਪਿਛਲੀ ਸਰਕਾਰ ਵੇਲੇ ਰੋਡਵੇਜ਼ ਦੀਆਂ ਨਵੀਆਂ ਬੱਸਾਂ ਦੀ ਹਲਕੀ ਬਾਡੀ ਲਾਉਣ ਦੀ ਜਾਂਚ ਸ਼ੁਰੂ

ਚੰਡੀਗੜ੍ਹ, 28 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਪਿਛਲੀ ਕਾਂਗਰਸ ਸਰਕਾਰ ਨੇ ਜੋ ਬੱਸਾਂ ਖਰੀਦੀਆਂ ਸਨ, ਉਨ੍ਹਾਂ ਦੀ ਬਾਡੀ ਹਲਕੀ ਲਾਉਣ ਦੇ ਮਾਮਲੇ ਵਿੱਚ ਟਰਾਂਸਪੋਰਟ ਵਿਭਾਗ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਟਰਾਂਸਪੋਰਟ ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਟਰਾਂਸਪੋਰਟ ਮੰਤਰੀ ਬਣੇ ਤਾਂ ਵਿਭਾਗ ਨੇ ਨਵੀਆਂ



ਬੱਸਾਂ ਖਰੀਦੀਆਂ ਸਨ, ਪ੍ਰੰਤੂ ਇਨ੍ਹਾਂ ਦੀ ਬਾਡੀ ਇੰਨੀ ਹਲਕੀ ਲਾਈ ਹੈ ਕਿ ਜ਼ਰਾ ਕੁ ਹਾਦਸਾ ਹੋਣ ਉੱਤੇ ਇਹ ਖਿੱਲਰ ਸਕਦੀਆਂ ਹਨ। ਟਰਾਂਸਪੋਰਟ ਵਿਭਾਗ ਦੇ ਸੂਤਰਾਂ ਮੁਤਾਬਕ ਪਹਿਲਾਂ ਬੱਸਾਂ ਦੀ ਬਾਡੀ ਹਰਿਆਣਾ ਤੋਂ ਲੱਗਦੀ ਸੀ ਅਤੇ ਕਾਫੀ ਮਜ਼ਬੂਤ ਹੁੰਦੀ ਸੀ, ਪਰ ਨਵੀਆਂ ਖਰੀਦੀਆਂ ਬੱਸਾਂ ਦੀ ਬਾਡੀ ਉੱਤਰ ਪ੍ਰਦੇਸ਼ ਤੋਂ ਲਵਾਈ ਗਈ ਹੈ। ਇਸ ਮਾਮਲੇ ਵਿੱਚ ਵਿਭਾਗ ਨੂੰ ਕਿਸੇ ਨੇ ਲਿਖਤੀ ਤੌਰ ਉੱਤੇ ਸ਼ਿਕਾਇਤ ਭੇਜੀ ਹੈ।ਇਸ ਬਾਰੇ ਟੈਂਡਰਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਕਿ ਕਿਸ ਨੂੰ ਟੈਂਡਰ ਦਿੱਤੇ ਸਨ ਅਤੇ ਕਿਸ ਕੰਪਨੀ ਨੇ ਨਵੀਆਂ ਬੱਸਾਂ ਉੱਤੇ ਬਾਡੀ ਲਾਈ ਹੈ। ਟੈਂਡਰਾਂ ਦੀ ਪ੍ਰਕਿਰਿਆ ਕੀ ਸੀ। ਇਸ ਬਾਰੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਪੁਸ਼ਟੀ ਕੀਤੀ ਹੈ ਕਿ ਵਿਭਾਗ ਦੇ ਕੋਲ ਅਜਿਹੀ ਇੱਕ ਸ਼ਿਕਾਇਤ ਆਈ ਹੈ ਤੇ ਮਾਮਲੇ ਵਿੱਚ ਵਿਭਾਗ ਨੂੰ ਜਾਂਚ ਕਰਨ ਦੇ ਹੁਕਮ ਦਿੱਤੇ ਹਨ।



# 36 ਸਾਲ ਸਜ਼ਾ ਕੱਟਣ ਪਿੱਛੋਂ ਵੀ ਦੋਸ਼ੀ ਛੱਡਿਆ ਕਿਉਂ ਨਹੀਂ ਜਾਂਦਾ

### *ਸੁਪਰੀਮ ਕੋਰਟ ਨੇ ਰਾਜੀਵ ਗਾਂਧੀ ਕੇਸ ਵਿੱਚ ਕੇਂਦਰ ਕੋਲੋਂ ਪੁੱਛਿਆ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕੇਂਦਰ ਨੂੰ ਪੁੱਛਿਆ ਕਿ ਰਾਜੀਵ ਗਾਂਧੀ ਕਤਲਕਾਂਡ ਵਿੱਚ 36 ਸਾਲ ਸਜ਼ਾ ਕੱਟਣ ਵਾਲੇ ਦੋਸ਼ੀ ਏ ਜੀ ਪੇਰਾਰੀਵਲਨ ਨੂੰ ਰਿਹਾਅ ਕਿਉਂ ਨਹੀਂ ਕੀਤਾ ਜਾ ਸਕਦਾ?

ਅਦਾਲਤ ਨੇ ਪੁੱਛਿਆ ਕਿ ਜਦੋਂ ਜੇਲ੍ਹ ਵਿੱਚ ਥੋੜ੍ਹੇ ਸਮੇਂ ਦੀ ਸਜ਼ਾ ਕੱਟ ਰਹੇ ਲੋਕਾਂ ਨੂੰ ਛੱਡਿਆ ਜਾਂਦਾ ਹੈ ਤਾਂ ਕੇਂਦਰ ਸਰਕਾਰ ਉਸਦੀ ਰਿਹਾਈ ਲਈ ਸਹਿਮਤ ਕਿਉਂ ਨਹੀਂ ਹੋ ਸਕਦੀ? ਸੁਪਰੀਮ ਕੋਰਟ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਲੱਗਦਾ ਹੈ ਕਿ ਗਵਰਨਰ ਦਾ ਫੈਸਲਾ ਗਲਤ ਅਤੇ ਸੰਵਿਧਾਨ ਦੇ ਖ਼ਿਲਾਫ਼ ਹੈ।ਜਸਟਿਸ ਐਲ ਐਨ ਰਾਓ ਅਤੇ ਜਸਟਿਸ ਬੀ ਆਰ ਗਵਈਦੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਅਡੀਸ਼ਨਲ ਸਾਲਿਸਟਰ ਜਨਰਲ ਕੇ ਐਮ ਨਟਰਾਜ ਨੂੰ ਕਿਹਾ ਕਿ ਉਹ ਇੱਕ ਹਫ਼ਤੇ ਦੇ ਅੰਦਰ ਢੁਕਵੇਂ ਨਿਰਦੇਸ਼ ਹਾਸਲ ਕਰਨ, ਨਹੀਂ ਤਾਂ ਪੇਰਾਰੀਵਲਨ ਦੀ ਪਟੀਸ਼ਨ ਨੂੰ ਸਵੀਕਾਰ ਕਰ ਕੇ ਉਸ ਨੂੰ ਰਿਹਾਅ ਕਰ ਦਿੱਤਾ ਜਾਏਗਾ।ਨਟਰਾਜ ਨੇ ਕਿਹਾ ਕਿ ਕੁਝ ਹਾਲਾਤ ਵਿੱਚ ਰਾਸ਼ਟਰਪਤੀ ਸਮਰੱਥ ਅਥਾਰਟੀ ਹੁੰਦਾ ਹੈ, ਨਾ ਕਿ ਗਵਰਨਰ, ਖਾਸ ਕਰ ਕੇ ਜਦੋਂ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣਾ ਹੋਵੇ। ਇਸ ਉੱਤੇ ਬੈਂਚ ਨੇ ਕਿਹਾ ਕਿ ਤੁਹਾਡੀ ਇਹ ਦਲੀਲ ਕਿ ਗਵਰਨਰ ਕੋਲ ਸੰਵਿਧਾਨ ਦੀ ਧਾਰਾ 161 ਤਹਿਤ ਰਹਿਮ ਦੀ ਅਪੀਲ ਉੱਤੇ ਫੈਸਲਾ ਕਰਨ ਦਾ ਅਧਿਕਾਰ ਨਹੀਂ ਹੈ, ਅਸਲ ਵਿੱਚ ਸੰਵਿਧਾਨ ਦੇ ਫੈਡਰਲ ਢਾਂਚੇ ਉੱਤੇ ਸੱਟ ਮਾਰਦੀ ਹੈ।

# ਹਿੰਦੂ ਮਹਾਂਪੰਚਾਇਤ ਨੂੰ ਰੋਕਣ ਲਈ ਧਾਰਾ 144 ਲਾਗੂ ਕੀਤੀ ਗਈ

### * 33 ਲੋਕ ਗ੍ਰਿਫਤਾਰ ਕਰਨੇ ਪੈ ਗਏ



ਦੇਹਰਾਦੂਨ, 28 ਅਪ੍ਰੈਲ (ਪੋਸਟ ਬਿਊਰੋ)- ਉਤਰਾਖੰਡ ਦੇ ਰੁੜਕੀ ਨੇੜੇ ਡਾਡਾ ਜਲਾਲਪੁਰ ਪਿੰਡ ਵਿੱਚ ਹੋ ਰਹੀ ‘ਹਿੰਦੂ ਮਹਾਂਪੰਚਾਇਤ' ਨੂੰ ਰੋਕਣ ਲਈ ਧਾਰਾ 144 ਹੇਠ ਮਨਾਹੀ ਦੇ ਹੁਕਮ ਲਾਗੂ ਕੀਤੇ ਗਏ।

ਡਾਡਾ ਜਲਾਲਪੁਰ ਪਿੰਡ ਵਿੱਚ 16 ਅਪ੍ਰੈਲ ਨੂੰ ਹਨੂੰਮਾਨ ਜਯੰਤੀ ਮੌਕੇ ਕੱਢੀ ਗਈ ਸ਼ੋਭਾ ਯਾਤਰਾ ਉੱਤੇ ਪੱਥਰਬਾਜ਼ੀ ਹੋਣ ਕਾਰਨ ਫਿਰਕੂ ਤਣਾਅ ਫੈਲ ਗਿਆ ਸੀ।ਧਾਰਾ 144 ਹੇਠ ਮਨਾਹੀ ਦਾ ਹੁਕਮ ਲਾਗੂ ਕਰਨ ਦਾ ਕਦਮ ਓਦੋਂ ਚੁਕਿਆ ਗਿਆ, ਜਦ ਇੱਕ ਦਿਨ ਪਹਿਲਾਂ ਕੱਲ੍ਹ ਸੁਪਰੀਮ ਕੋਰਟ ਨੇ ਉਤਰਾਖੰਡ ਦੇ ਚੀਫ ਸੈਕਟਰੀ ਨੂੰ ਨਿਰਦੇਸ਼ ਦਿੱਤਾ ਕਿ ਉਹ ਅਦਾਲਤ ਵਿੱਚ ਜਨਤਕ ਤੌਰ ਉੱਤੇ ਇਹ ਕਹਿਣ ਕਿ ਰੁੜਕੀ ਵਿੱਚ ਨਿਰਧਾਰਤ ‘ਧਰਮ ਸੰਸਦ' ਵਿੱਚ ਕੋਈ ਇਤਰਾਜ਼ਯੋਗ ਬਿਆਨ ਨਹੀਂ ਦਿੱਤਾ ਜਾਵੇਗਾ ਅਤੇ ਚਿਤਾਵਨੀ ਦਿੱਤੀ ਕਿ ਜੇ ਕੋਈ ਨਫ਼ਰਤੀ ਭਾਸ਼ਣ ਹੋਵੇਗਾ ਤਾਂ ਮੁੱਖ ਅਧਿਕਾਰੀਆਂ ਨੂੰ ਜ਼ਿੰਮੇਵਾਰ ਮੰਨਿਆ ਜਾਵੇਗਾ। ਇਸ ਦੇ ਬਾਅਦ ਹਰਿਦਵਾਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਵਿਨੇ ਸੰਕਟ ਪਾਂਡੇ ਨੇ ਕਿਹਾ ਕਿ ਮਨਾਹੀ ਦੇ ਹੁਕਮ ਡਾਡਾ ਜਲਾਲਪੁਰ ਪਿੰਡਤੇ ਉਸ ਦੇ ਪੰਜ ਕਿਲੋਮੀਟਰ ਦੇ ਘੇਰੇ ਵਿੱਚ ਕੱਲ੍ਹ ਸ਼ਾਮ ਤੋਂ ਲਾਗੂ ਕੀਤੇ ਗਏ ਸਨ ਤਾਂਕਿ ਇਹ ਯਕੀਨੀ ਕੀਤਾ ਜਾਵੇ ਕਿ ‘ਹਿੰਦੂ ਮਹਾਂਪੰਚਾਇਤ' ਨਾ ਹੋਵੇ। ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ‘‘ਮਹਾਂਪੰਚਾਇਤ' ਰੋਕਣ ਲਈ ਪ੍ਰੋਗਰਾਮ ਨਾਲ ਜੁੜੇ 33 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚ ਕਾਲੀ ਸੈਨਾ ਦੇ ਸੂਬਾ ਕਨਵੀਨਰ ਦਿਨੇਸ਼ਾਨੰਦ ਭਾਰਤੀ ਸ਼ਾਮਲ ਹੈ। ਇਨ੍ਹਾਂ ਨੇ ਆਯੋਜਨ ਦੀ ਪਹਿਲ ਕੀਤੀ ਸੀ।

### ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਸੁਣਨ ਤੋਂ ਜੱਜ ਦਾ ਇਨਕਾਰ

ਲਖਨਊ, 28 ਅਪ੍ਰੈਲ (ਪੋਸਟ ਬਿਊਰੋ)- ਅਲਾਹਾਬਾਦ ਹਾਈ ਕੋਰਟ ਦੇ ਜਸਟਿਸ ਰਾਜੀਵ ਸਿੰਘ ਨੇ ਲਖੀਮਪੁਰ ਖੀਰੀ ਹਿੰਸਾ ਕੇਸ ਵਿੱਚ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਦੀ ਸੁਣਵਾਈ ਕਰਨ ਵਾਲੇ ਬੈਂਚ ਤੋਂ ਕੱਲ੍ਹ ਖੁਦ ਨੂੰ ਵੱਖ ਕਰ ਲਿਆ। ਹਾਈ ਕੋਰਟ ਦੇ ਲਖਨਊ ਬੈਂਚ ਵਿੱਚ ਸ਼ਾਮਲ ਜਸਟਿਸ ਰਾਜੀਵ ਸਿੰਘ ਨੇ ਹੀ ਆਸ਼ੀਸ਼ ਮਿਸ਼ਰਾ ਨੂੰ ਪਹਿਲਾਂ ਜ਼ਮਾਨਤ ਦਿੱਤੀ ਸੀ ਅਤੇ ਸੁਪਰੀਮ ਕੋਰਟ ਨੇ ਪਿਛਲੇ ਹਫਤੇ 18 ਅਪ੍ਰੈਲ ਨੂੰ ਆਸ਼ੀਸ਼ ਦੀ ਜ਼ਮਾਨਤ ਰੱਦ ਕਰ ਕੇ ਹਾਈ ਕੋਰਟ ਨੂੰ ਨਵੇਂ ਸਿਰੇ ਤੋਂ ਜ਼ਮਾਨਤ ਅਰਜ਼ੀ ਉੱਤੇ ਵਿਚਾਰ ਕਰਨ ਲਈ ਕਿਹਾ ਸੀ।

ਜਸਟਿਸ ਰਾਜੀਵ ਸਿੰਘ ਕੋਲ ਕੱਲ੍ਹ ਫਿਰ ਜ਼ਮਾਨਤ ਅਰਜ਼ੀ ਪਹੁੰਚੀ ਤਾਂ ਉਨ੍ਹਾਂ ਖੁਦ ਨੂੰ ਸੁਣਵਾਈ ਤੋਂ ਲਾਂਭੇ ਕਰ ਲਿਆ। ਕੋਰਟ ਅਧਿਕਾਰੀ ਨੇ ਕਿਹਾ ਕਿ ਜ਼ਮਾਨਤ ਅਰਜ਼ੀ ਉੱਤੇ ਅਗਲੀ ਸੁਣਵਾਈ ਲਈ ਅਜੇ ਕੋਈ ਤਰੀਕ ਤੈਅ ਨਹੀਂ ਹੋਈ। ਨਵੇਂ ਬੈਂਚ ਦੇ ਬਣਨ ਮਗਰੋਂ ਤਰੀਕ ਮੁਕੱਰਰ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਆਸ਼ੀਸ਼ ਮਿਸ਼ਰਾ ਨੂੰ ਪਹਿਲਾਂ ਇਸ ਆਧਾਰ ਉੱਤੇ ਨਿਯਮਤ ਜ਼ਮਾਨਤ ਦਿੱਤੀ ਸੀ ਕਿ ਇਹ ‘ਵਾਹਨ ਵੱਲੋਂ ਟੱਕਰ ਮਾਰੇ ਜਾਣ ਕਰ ਕੇ ਹੋਏ ਹਾਦਸੇ ਦਾ ਕੇਸ’ ਹੈ। ਸੁਪਰੀਮ ਕੋਰਟ ਨੇ ਇਹ ਕਹਿੰ ਕੇ ਆਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕਰ ਦਿੱਤੀ ਕਿ ਅਲਾਹਾਬਾਦ ਹਾਈ ਕੋਰਟ ਨੇ ਪੀੜਤਾਂ ਨੂੰ ਨਿਰਪੱਖ ਤੇ ਅਸਰਦਾਰ ਸੁਣਵਾਈ ਦਾ ਮੌਕਾ ਨਹੀਂ ਦਿੱਤਾ। ਸੁਪਰੀਮ ਕੋਰਟ ਦੇ ਹੁਕਮਾਂ ਮਗਰੋਂ ਆਸ਼ੀਸ਼ ਮਿਸ਼ਰਾ ਨੇ ਐਤਵਾਰ ਨੂੰ ਲਖੀਮਪੁਰ ਖੀਰੀ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਕੋਰਟ ਵਿੱਚ ਆਤਮ ਸਮਰਪਣ ਕਰ ਦਿੱਤਾ ਸੀ।

# ਰੱਥ ਯਾਤਰਾ ਦੌਰਾਨ ਕਰੰਟ ਲੱਗਣ ਨਾਲ 11 ਮੌਤਾਂ



ਤਾਮਿਲਨਾਡੂ, 28 ਅਪ੍ਰੈਲ (ਪੋਸਟ ਬਿਊਰੋ)- ਥੰਜਾਵੁਰ ਦੇ ਕਾਲੀਮੇਦੂ ਮੰਦਰ ਵਿੱਚ 94ਵਾਂ ਉਚ ਗੁਰੂਪੂਜਾ ਤਿਉਹਾਰ ਮਨਾਇਆ ਜਾ ਰਿਹਾ ਸੀ, ਜਿਸ ਵਿੱਚ ਹਿੱਸਾ ਲੈਣ ਲਈ ਕੱਲ੍ਹ ਰਾਤ ਤੋਂ ਲੋਕਾਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ।ਜਦੋਂ ਰੱਥ ਯਾਤਰਾ ਇੱਕ ਮੋੜ ਤੋਂ ਲੰਘ ਰਹੀ ਸੀ ਤਾਂ 9 ਫੁੱਟ ਉਚੇ ਰੱਥ ਨੂੰ ਫੁੱਲਾਂ ਅਤੇ ਰੌਸ਼ਨੀਆਂ ਨਾਲ ਸਜਾਇਆ ਗਿਆ ਸੀ। ਰੱਥ ਦੀਆਂ ਲਾਈਟਾਂ ਨੂੰ ਬਿਜਲੀ ਦੇਣ ਲਈ ਜਨਰੇਟਰ ਵੀ ਲਾਇਆ ਗਿਆ ਸੀ।ਇਸ ਦੌਰਾਨ ਰੱਥ ਉੱਤੇ ਖੜ੍ਹੇ ਲੋਕ ਹਾਈ ਵੋਲਟੇਜ ਤਾਰ ਦੀ ਲਪੇਟ ਵਿੱਚ ਆ ਗਏ, ਜਿਸ ਨਾਲ 11 ਲੋਕਾਂ ਦੀ ਮੌਤ ਹੋ ਗਈ।

ਤਿਰੂਚਿਰਾਪੱਲੀ ਕੇਂਦਰੀ ਜ਼ੋਨ ਦੇ ਆਈ ਜੀ ਪੀ ਨੇ ਕਿਹਾ ਕਿ ਸ਼ਿਕਾਇਤ ਦਰਜ ਕਰ ਲਈ ਹੈ ਤੇ ਜਾਂਚ ਜਾਰੀ ਹੈ। ਕਿਸੇ ਵੀ ਘਟਨਾ ਤੋਂ ਬਚਣ ਲਈ ਮੰਦਰ ਨੂੰ ਜਾਣ ਵਾਲੇ ਰਸਤੇ ਦੀ ਬਿਜਲੀ ਸਪਲਾਈ ਆਮ ਤੌਰ ਉੱਤੇ ਬੰਦ ਕਰ ਦਿੱਤੀ ਜਾਂਦੀ ਹੈ। ਇਸ ਵਾਰ ਰੱਥ ਦੀ ਉਚਾਈ ਇੰਨੀ ਨਹੀਂ ਸੀ ਕਿ ਹਾਈ ਵੋਲਟੇਜ ਲਾਈਨ ਨੂੰ ਛੂਹ ਸਕਦੀ। ਇਸ ਲਈ ਇਸ ਵਾਰ ਬਿਜਲੀ ਸਪਲਾਈ ਬੰਦ ਨਹੀਂ ਕੀਤੀ ਗਈ। ਰੱਥ ਉੱਤੇ ਸਾਮਾਨ ਹੋਣ ਕਾਰਨ ਇਸ ਦੀ ਉਚਾਈ ਵਧ ਗਈ ਤੇ ਹਾਦਸਾ ਵਾਪਰ ਗਿਆ, ਜਿਸ ਨਾਲ 11 ਵਿਅਕਤੀਆਂ ਦੀ ਮੌਤ ਹੋ ਗਈ।

# ਰਾਹੁਲ ਦੀ ਬੇਰੁਖ਼ੀ ਨੇ ਵੀ ਪ੍ਰਸ਼ਾਂਤ ਕਿਸ਼ੋਰ ਨੂੰ ਕਾਂਗਰਸ ਤੋਂ ਦੂਰ ਕੀਤਾ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਨਾਲ ਲੰਬੀ ਗੱਲਬਾਤ ਤੋਂ ਬਾਅਦ ਉਸ ਨਾਲ ਨਾ ਜਾਣ ਦੇ ਪ੍ਰਸ਼ਾਂਤ ਕਿਸ਼ੋਰ ਦੇ ਫੈਸਲੇ ਬਾਰੇ ਕਈ ਤਰ੍ਹਾਂ ਦੀਆਂ ਚਰਚਾਵਾਂ ਚੱਲ ਰਹੀਆਂ ਹਨ। ਕਿਹਾ ਜਾ ਰਿਹਾ ਹੈ ਕਿ ਕਾਂਗਰਸ ਉਨ੍ਹਾਂ ਦੇ ਕੱਝ ਸੁਝਾਵਾਂ ਅਤੇ ਮੰਗਾਂ ਨੂੰ ਮੰਨਣ ਲਈ ਤਿਆਰ ਨਹੀਂ ਸੀ ਅਤੇ ਇਸੇ ਕਾਰਨ ਗੱਲ ਨਹੀਂ ਬਣ ਸਕੀ।



ਇਸ ਬਾਰੇ ਕਾਂਗਰਸੀ ਸੂਤਰਾਂ ਦਾ ਕਹਿਣਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਆਪਣੇ ਲਈ ਕਾਂਗਰਸ ਵਿੱਚ ਅਹਿਮਦ ਪਟੇਲ ਵਰਗਾ ਰੋਲ ਚਾਹੁੰਦੇ ਸਨ, ਜਿਸ ਉੱਤੇ ਹਾਈ ਕਮਾਂਡ ਵਿੱਚ ਸਹਿਮਤੀ ਬਣਦੀ ਨਹੀਂ ਦਿਸੀ ਪਰ ਇੱਕ ਨਵੀਂ ਗੱਲ ਪ੍ਰਸ਼ਾਂਤ ਕਿਸ਼ੋਰ ਕੈਂਪ ਤੋਂ ਨਿਕਲੀ ਹੈ। ਪਤਾ ਲੱਗਾ ਹੈ ਕਿ ਰਾਹੁਲ ਗਾਂਧੀ ਦੀ ਬੇਰੁਖੀ ਨੇ ਵੀ ਗੱਲ ਵਿਗਾੜੀ ਹੈ।ਸੂਤਰਾਂ ਦੇ ਮੁਤਾਬਕ ਉਨ੍ਹਾਂ ਨੂੰ ਕਾਂਗਰਸ ਬਾਰੇ ਦੋ ਸ਼ੱਕ ਸਨ। ਪਹਿਲਾ ਇਹ ਕਿ ਲੀਡਰਸ਼ਿਪ ਵਿੱਚ ਵੱਡੇ ਬਦਲਾਅ ਬਾਰੇਕਾਂਗਰਸ ਤਿਆਰ ਨਹੀਂ ਸੀ, ਜਿਸ ਬਾਰੇ ਉਨ੍ਹਾਂ ਕਿਹਾ ਸੀ ਕਿ ਪ੍ਰਿਯੰਕਾ ਗਾਂਧੀ ਨੂੰ ਰਾਸ਼ਟਰੀ ਪ੍ਰਧਾਨ ਬਣਾ ਦਿੱਤਾ ਜਾਵੇ ਜਾਂ ਕਿਸੇ ਗ਼ੈਰ-ਗਾਂਧੀ ਨੇਤਾ ਨੂੰ ਕਮਾਨ ਦਿੱਤੀ ਜਾਵੇ। ਇਸ ਉੱਤੇ ਕਾਂਗਰਸ ਵਿੱਚ ਸਹਿਮਤੀ ਬਣਦੀ ਨਹੀਂ ਦਿਸੀ।ਫਿਰ ਰਾਹੁਲ ਗਾਂਧੀ ਦੀ ਇਸ ਪੂਰੀ ਕਵਾਇਦ ਨਾਲ ਬੇਰੁਖ਼ੀ ਪ੍ਰਸ਼ਾਂਤ ਕਿਸ਼ੋਰ ਦੇ ਮਨ ਵਿੱਚ ਸ਼ੱਕ ਪੈਦਾ ਕਰਨ ਦਾ ਕਾਰਨ ਬਣੀ। ਹਾਈ ਕਮਾਨ ਦੇ ਨਾਲ ਪ੍ਰਸ਼ਾਂਤ ਕਿਸ਼ੋਰ ਦੀਆਂ ਬੈਠਕਾਂ ਤੋਂ ਰਾਹੁਲ ਗਾਂਧੀ ਨੇ ਦੂਰੀ ਬਣਾਈ ਰੱਖੀ ਤਾਂ ਐਨ ਮੌਕੇ ਉੱਤੇ ਉਹ ਵਿਦੇਸ਼ ਦੌਰੇ ਉੱਤੇ ਚਲੇ ਗਏ।

# ਚੋਰ ਜੇ ਸੇ ਬੀ ਨਾਲ ਏਟੀਐਮ ਮਸ਼ੀਨਹੀ ਪੁੱਟ ਕੇ ਲੈ ਗਿਆ

ਸਾਂਗਲੀ, 28 ਅਪ੍ਰੈਲ (ਪੋਸਟ ਬਿਊਰੋ)- ਪੱਛਮੀ ਮਹਾਰਾਸ਼ਟਰ ਦੇ ਸਾਂਗਲੀ ਜ਼ਿਲ੍ਹੇ ਵਿੱਚ ਇੱਕ ਅਣਪਛਾਤੇ ਵਿਅਕਤੀ ਨੇ ਇੱਕ ਜੇ ਸੇ ਬੀ ਮਸ਼ੀਨ ਚੋਰੀ ਕਰ ਕੇ ਉਸ ਨਾਲ ਇੱਕ ਏਟੀਐਮ ਮਸ਼ੀਨ ਪੁੱਟੀ ਤੇ ਨਾਲ ਲੈ ਗਿਆ।



ਪੁਲਸ ਅਧਿਕਾਰੀ ਨੇ ਦੱਸਿਆ ਕਿ ਘਟਨਾ 22-23 ਅਪ੍ਰੈਲ ਦੀ ਦਰਮਿਆਨੀ ਰਾਤ ਦੀ ਹੈ। ਮਿਰਾਜ ਤਹਿਸੀਲ ਦੇ ਆਗਰ ਪਿੰਡ ਵਿੱਚ ਇੱਕ ਨਿੱਜੀ ਖੇਤਰ ਦੇ ਬੈਂਕ ਦੇ ਏਟੀਐਮ ਸੈਂਟਰ ਦਾ ਇੱਕ ਸੀ ਸੀ ਟੀ ਵੀ ਫੁਟੇਜ ਵੀਡੀਓ ਮੀਡੀਆ ਉੱਤੇ ਵਾਇਰਲ ਹੋ ਗਿਆ, ਜਿਸ ਵਿੱਚ ਇੱਕ ਜੇ ਸੀ ਬੀ ਮਸ਼ੀਨ ਏਟੀਐਮ ਨੂੰ ਬਾਹਰ ਕੱਢਦੇ ਹੋਏ ਨਜ਼ਰ ਆ ਰਹੀ ਹੈ। ਥਾਣੇ ਦੇ ਇੰਚਾਰਜ ਨੇ ਕਿਹਾ ਕਿ ਇੱਕ ਅਣਪਛਾਤੇ ਵਿਅਕਤੀ ਨੇ ਜੇ ਸੀ ਬੀ ਮਸ਼ੀਨ ਚੋਰੀ ਕਰ ਕੇ ਉਸ ਦੀ ਵਰਤੋਂ ਏਟੀਐਮ ਮਸ਼ੀਨ ਨੂੰ ਪੁੱਟਣ ਲਈ ਕੀਤੀ।ਉਹ ਬਾਅਦ ਵਿੱਚ ਡਰ ਗਿਆ ਅਤੇ ਉਸ ਨੇ ਜੇ ਸੀ ਬੀ ਮਸ਼ੀਨ ਨੂੰ ਨੇੜੇ ਇਲਾਕੇ ਵਿੱਚ ਛੱਡ ਦਿੱਤਾ। ਜਾਂਚ ਦੌਰਾਨ ਏਟੀਐਮ ਦੇ ਅੰਦਰ 27 ਲੱਖ ਰੁਪਏ ਦੀ ਨਗਦੀ ਮਿਲੀ।

### ਕੇਂਦਰੀ ਵਿਦਿਆਲਿਆਂ ਵਿੱਚੋਂ ਕੋਟਾ ਰਾਜ ਖਤਮ ਕਰਕੇ ਨਵੇਂ ਨਿਯਮ ਲਾਗੂ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਵਿਦਿਆਲਿਆਂਵਿੱਚ ਦਾਖਲਾ ਪ੍ਰਕਿਰਿਆ ਨੂੰ ਪਾਰਦਰਸ਼ੀ ਬਣਾਉਣ ਲਈ ਕੇਂਦਰ ਸਰਕਾਰ ਨੇ ਇਨ੍ਹਾਂ ਵਿੱਚ ਲਾਗੂ ਕੋਟਾ ਨੀਤੀ ਲਗਭਗ ਖਤਮ ਕਰ ਦਿੱਤਾ ਗਈ ਹੈ।

ਇਸ ਫੈਸਲੇ ਤਹਿਤ ਜਿਹੜੇ ਕੋਟੇ ਖਤਮ ਕੀਤੇ ਗਏ ਹਨ, ਉਨ੍ਹਾਂ ਵਿੱਚ ਪਾਰਲੀਮੈਂਟ ਮੈਂਬਰਾਂ, ਸਿੱਖਿਆ ਮੰਤਰਾਲੇ ਦੇ ਮੁਲਾਜ਼ਮਾਂ, ਕੇਂਦਰੀ ਵਿਦਿਆਲਿਆਂ ਦੇ ਰਿਟਾਇਰਡ ਮੁਲਾਜ਼ਮਾਂ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਮੇਤ ਦਾਖਲੇ ਨਾਲ ਜੁੜੇ ਕਰੀਬ ਦਰਜਨ ਕੋਟੇ ਸ਼ਾਮਲ ਹਨ।ਇਸ ਦੇ ਨਾਲ ਹੀ ਕੇਂਦਰੀ ਵਿਦਿਆਲਿਆਂ ਵਿੱਚ ਇਸ ਕੋਟੇ ਨਾਲ ਹਰ ਸਾਲ ਭਰੀਆਂ ਜਾਂਦੀਆਂ ਕਰੀਬ ਚਾਲੀ ਹਜ਼ਾਰਸੀਟਾਂ ਮੁਕਤ ਹੋ ਗਈਆਂ ਹਨ। ਇਨ੍ਹਾਂ ਵਿੱਚ ਇਕੱਲੇ ਕਰੀਬ ਅੱਠ ਹਜ਼ਾਰ ਸੀਟਾਂ ਪਾਰਲੀਮੈਂਟ ਮੈਂਬਰਾਂ ਦੀਆਂ ਸਿਫਾਰਸ਼ਾਂ ਨਾਲ ਭਰੀਆਂ ਜਾਂਦੀਆਂ ਸਨ। ਹਰ ਮੈਂਬਰ ਨੂੰ ਦਸ ਸੀਟਾਂ ਦਾ ਕੋਟਾ ਮਿਲਦਾ ਸੀ। ਖਾਸ ਗੱਲ ਇਹ ਕਿ ਕੇਂਦਰੀ ਵਿਦਿਆਲਿਆਂ ਵਿੱਚ ਵਿਸ਼ੇਸ਼ ਕੋਟੇ ਨਾਲ ਭਰੀਆਂ ਜਾਂਦੀਆਂ ਇਹ ਸੀਟਾਂ ਇਨ੍ਹਾਂ ਸਕੂਲਾਂ ਵਿੱਚ ਨਿਰਧਾਰਤ ਸਮਰੱਥਾ ਦੇ ਵਾਧੂ ਹੁੰਦੀਆਂ ਸਨ। ਇਸ ਲਈ ਇਸ ਦਾਖਲੇ ਨਾਲ ਕੇਂਦਰੀ ਵਿਦਿਆਲਿਆਂ ਦੀ ਗੁਣਵੱਤਾ ਸਮੇਤ ਵਿਦਿਆਰਥੀ ਅਨੁਪਾਤ ਸਮੇਤ ਕਈ ਨਿਯਮ ਪ੍ਰਭਾਵਤ ਹੁੰਦੇ ਹਨ। ਪ੍ਰਧਾਨ ਮੰਤਰੀ ਨੇ ਇਸ ਵਿੱਚ ਦਖਲ ਦਿੱਤਾ ਤੇ ਕੋਟੇ ਦੀ ਪ੍ਰਥਾ ਨੂੰ ਖਤਮ ਕਰਨ ਲਈ ਕਿਹਾ। ਇਸ ਪਿੱਛੋਂ ਸਭ ਤੋਂ ਪਹਿਲਾਂ ਸਿੱਖਿਆ ਮੰਤਰੀ ਨੇ ਖੁਦ ਆਪਣੇ ਕੋਟੇ ਨੂੰ ਖਤਮ ਕੀਤਾ। ਨਾਲ ਹੀ ਕੇ ਵੀ ਐਸ ਨੂੰ ਦਾਖਲੇ ਨਾਲ ਜੁੜੇ ਵਿਸ਼ੇਸ਼ ਕੋਟੇ ਦੀ ਨਵੇਂ ਸਿਰੇ ਤੋਂ ਸਮੀਖਿਆ ਕਰਨ ਦੇ ਨਿਰਦੇਸ਼ ਦਿੱਤੇ।

ਇਸ ਦੌਰਾਨ ਕੇ ਵੀ ਐਸ ਨੇ ਦਾਖਲੇ ਬਾਰੇ ਸੋਧੇ ਹੋਏ ਨਿਰਦੇਸ਼ ਵੀ ਜਾਰੀ ਕੀਤੇ ਹਨ।

### ਸੁਪਰੀਮ ਕੋਰਟ ਦੀ ਟਿੱਪਣੀ:

# ਕਾਨੂੰਨੀ ਦਾਇਰੇ ਤੋਂ ਬਾਹਰ ਜਾ ਕੇ ਕਿਸਾਨ ਨੂੰ ਜ਼ਮੀਨ ਤੋਂ ਵਾਂਝਾ ਕਰਨਾ ਸੰਵਿਧਾਨ ਦੀ ਉਲੰਘਣਾ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਕਿਸਾਨਾਂ ਨੂੰ ਕਾਨੂੰਨੀ ਘੇਰੇ ਤੋਂ ਬਾਹਰ ਜਾ ਕੇ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਜਾਇਦਾਦ ਤੋਂ ਵਾਂਝਾ ਕਰਨਾ ਸੰਵਿਧਾਨ ਦੀ ਉਲੰਘਣਾ ਵਾਂਗ ਹੋਵੇਗਾ।

ਜਸਟਿਸ ਦਿਨੇਸ਼ ਮਹੇਸ਼ਵਰੀ ਅਤੇ ਜਸਟਿਸ ਵਿਕਰਮ ਨਾਥ ਦੇ ਬੈਂਚ ਨੇ ਕਿਹਾ ਕਿ ਸੜਕਾਂ ਚੌੜੀਆਂ ਕਰਨ ਲਈ ਕਿਸਾਨਾਂ ਨੂੰ ਮੁਆਵਜ਼ਾ ਨਾ ਦੇਣ ਲਈ ਕੋਈ ਸਫਾਈ ਨਹੀਂ ਦਿੱਤੀ ਜਾ ਸਕਦੀ। ਅਦਾਲਤ ਨੇ ਕਿਹਾ ਕਿ ਬੇਸ਼ੱਕ ਸੜਕਾਂ ਦੀ ਉਸਾਰੀ ਜਾਂ ਇਨ੍ਹਾਂ ਨੂੰ ਚੌੜਾ ਕਰਨ ਦੀ ਕਾਰਵਾਈ ਲੋਕਾਂ ਲਈ ਹੁੰਦੀ ਹੈ, ਪਰ ਮੁਆਵਜ਼ੇ ਤੋਂ ਇਨਕਾਰ ਨਹੀਂ ਹੋ ਸਕਦਾ। ਅਜਿਹਾ ਕਰਨਾ ਪੱਖਪਾਤੀ, ਗੈਰਵਾਜਬ ਅਤੇ ਸੰਵਿਧਾਨ ਦੀ ਧਾਰਾ 300 ਏ ਦੀ ਉਲੰਘਣਾ ਹੋਵੇਗਾ।

ਵਰਨਣ ਯੋਗ ਹੈ ਕਿ ਅੱਠ ਕਿਸਾਨਾਂ ਨੇ ਕੇਰਲਾ ਹਾਈ ਕੋਰਟ ਦੇ ਫੈਸਲੇ ਵਿਰੁੱਧ ਪਟੀਸ਼ਨ ਪਾਈ ਸੀ। ਪਟੀਸ਼ਨਰਾਂ ਨੇ ਕਿਹਾ ਕਿ ਪੰਚਾਇਤ ਨੇ ਉਨ੍ਹਾਂ ਨੂੰ ਆਪਣੀ ਜ਼ਮੀਨ ਸੜਕ ਖਾਤਰ ਦੇਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਦਾ ਮੁਆਵਜ਼ਾ ਦਿੱਤਾ ਜਾਵੇਗਾ, ਪਰ ਸੜਕ ਬਣਾਉਣ ਮਗਰੋਂ ਮੁਆਵਜ਼ਾ ਨਹੀਂ ਦਿੱਤਾ ਗਿਆ। ਇਸ ਤੋਂ ਬਾਅਦ ਕਿਸਾਨ ਹਾਈ ਕੋਰਟ ਚਲੇ ਗਏ। ਸੁਪਰੀਮ ਕੋਰਟ ਨੇ ਕਿਹਾ ਕਿ ਅਰਜ਼ੀਕਰਤਾ ਕਿਸਾਨ ਹਨ ਅਤੇ ਇਸ ਕੇਸ ਵਿੱਚ ਵਰਤੀ ਗਈ ਜ਼ਮੀਨ ਖੇਤੀਯੋਗ ਸੀ, ਜੋ ਉਨ੍ਹਾਂ ਲਈ ਆਮਦਨੀ ਦਾ ਸਰੋਤ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਕਾਨੂੰਨ ਦੀ ਉਲੰਘਣਾ ਕਰ ਕੇ ਇਸ ਤੋਂ ਵਾਂਝਾ ਕਰਨਾ ਸੰਵਿਧਾਨ ਦੀ ਧਾਰਾ 21 ਤੇ 300 ਏ ਦੀ ਉਲੰਘਣਾ ਹੋਵੇਗਾ। ਸੁਪਰੀਮ ਕੋਰਟ ਨੇ ਪੰਚਾਇਤ ਤੇ ਪੀ ਡਬਲਯੂ ਡੀ ਨੂੰ ਇਸ ਗੱਲ ਦਾ ਸਬੂਤ ਪੇਸ਼ ਕਰਨ ਲਈ ਕਿਹਾ ਹੈ ਕਿ ਕਿਸਾਨਾਂ ਨੇ ਆਪਣੀ ਜ਼ਮੀਨ ਨਾਲ ਮਰਜ਼ੀ ਨਾਲ ਦਿੱਤੀ ਹੈ।

# ਬਾਸਕਿਟਬਾਲ ਦੀ ਖਿਡਾਰਨ ਵੱਲੋਂ ਖ਼ੁਦਕੁਸ਼ੀ



ਪਟਨਾ, 28 ਅਪ੍ਰੈਲ (ਪੋਸਟ ਬਿਊਰੋ)- ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਮੂਲ ਰੂਪ ਨਾਲ ਕੇਰਲ ਨਾਲ ਸਬੰਧਤ ਰੇਲਵੇ ਬਾਸਕਿਟਬਾਲ ਖ਼ਿਡਾਰਨ ਲਿਥਾਰਾ ਕੇਸੀ ਨੇ ਖ਼ੁਦਕੁਸ਼ੀ ਕਰ ਲਈ ਹੈ। ਕੱਲ੍ਹ ਸ਼ਾਮ ਲਿਥਾਰਾ ਕੇਸੀ ਆਪਣੇ ਕਮਰੇ ਵਿੱਚ ਛੱਤ ਵਾਲੇ ਪੱਖੇ ਨਾਲ ਲਟਕਦੀ ਮਿਲੀ। ਲਿਥਾਰਾ ਕੇਸੀ ਪੂਰਬੀ ਮੱਧ ਰੇਲਵੇ ਦੇ ਦਾਨਾਪੁਰ ਡਿਵੀਜ਼ਨ ਵਿੱਚ ਲੇਖਾ ਵਿਭਾਗ ਵਿੱਚ ਕੰਮ ਕਰਦੀ ਸੀ। ਪੁਲਸ ਨੂੰ ਉਸ ਦੇ ਹੈਂਡਬੈਗ ਤੋਂ ਮਲਿਆਲਮ ਵਿੱਚ ਲਿਖਿਆ ਸੁਸਾਈਡ ਨੋਟ ਮਿਲਿਆ ਹੈ। ਲਿਥਾਰਾ ਨੇ ਚਿੱਠੀ ਵਿੱਚ ਕਿਸੇ ਉੱਤੇ ਕੋਈ ਦੋਸ਼ ਨਹੀਂ ਲਾਇਆ, ਪਰ ਉਸ ਨੇ ਇਸ ਵਿੱਚ ਆਪਣੇ ਆਪ ਨਾਲ ਗੱਲ ਕੀਤੀ ਅਤੇ ਲਿਖਿਆ ਹੈ, ਪਹਿਲਾਂ ਕਿੰਨੀ ਖ਼ੁਸ਼ ਹੁੰਦੀ ਸੀ, ਅੱਜ ਤੈਨੂੰ ਕੀ ਹੋ ਗਿਆ ਹੈ? ਇਸ ਤਰ੍ਹਾਂ ਵਾਪਸ ਜਾਉ। ਚਿੱਠੀ ਪੜ੍ਹਨ ਉੱਤੇ ਪਤਾ ਲੱਗਦਾ ਹੈ ਕਿ ਉਹ ਮੌਜੂਦਾ ਸਥਿਤੀ ਵਿੱਚ ਬਹੁਤ ਨਿਰਾਸ਼ ਤੇ ਡਿਪਰੈਸ਼ਨ ਦਾ ਸ਼ਿਕਾਰ ਸੀ। ਇਸ ਘਟਨਾ ਦੀ ਜਾਣਕਾਰੀ ਕੇਰਲਾ ਵਿਖੇ ਕੇਸੀ ਦੇ ਪਰਵਾਰਕ ਮੈਂਬਰਾਂ ਨੂੰ ਦੇ ਦਿੱਤੀ ਗਈ। ਪੁਲਸ ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਪਰਵਾਰਕ ਮੈਂਬਰਾਂ ਤੋਂ ਪੁੱਛਗਿੱਛ ਰਾਹੀਂ ਲਾਉਣ ਦਾ ਯਤਨ ਕਰੇਗੀ।

### ਕੇਜਰੀਵਾਲ ਦੇ ਘਰ ਅੱਗੇ ਭੰਨਤੋੜ ਦਾ ਮਾਮਲਾ:

# ਦਿੱਲੀ ਪੁਲਸ ਨੇ ਭਾਜਪਾ ਐਮ ਪੀ ਨੂੰ ਜਾਂਚ ’ਚ ਸ਼ਾਮਲ ਹੋਣ ਲਈ ਕਿਹਾ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਪੁਲਸ ਨੇ ਲੋਕ ਸਭਾ ਮੈਂਬਰ ਤੇਜਸਵੀ ਸੂਰਿਆ ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਭੰਨਤੋੜ ਦੇ ਕੇਸ ਵਿੱਚ ਜਾਂਚ ਵਿੱਚ ਸ਼ਾਮਲ ਹੋਣ ਨੂੰ ਕਿਹਾ ਹੈ।



ਮਿਲੀ ਜਾਣਕਾਰੀ ਅਨੁਸਾਰ ਅਧਿਕਾਰੀਆਂ ਨੇ ਸੂਰਿਆ ਨੂੰ ਲਿਖਤੀ ਸੰਦੇਸ਼ ਰਾਹੀਂ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ ਹੈ। ਉਸ ਨੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤੇ ਕਿਹਾ ਕਿ ਉਹ ਜਾਂਚ ਵਿੱਚ ਸ਼ਾਮਲ ਹੋਣਗੇ।ਪੁਲਸ ਨੇ ਕਿਹਾ ਕਿ ਉਕਤ ਘਟਨਾ ਦੇ ਸੰਬੰਧ ਵਿੱਚ ਦਿੱਲੀ ਤੋਂ ਅੱਠ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਅੱਠਾਂ ਨਾਲ ਕੁੱਲ 26 ਲੋਕਾਂ ਤੋਂ ਘਟਨਾ ਦੇ ਬਾਰੇ ਪੁੱਛਗਿੱਛ ਕੀਤੀ ਗਈ ਹੈ। ਤਕਨੀਕੀ ਸੂਤਰਾਂ ਤੋਂ ਉਨ੍ਹਾਂ ਦੀ ਪਛਾਣ ਕੀਤੀ ਗਈ ਹੈ।

ਫਿਲਮ ‘ਦ ਕਸ਼ਮੀਰ ਫਾਈਲ' ਬਾਰੇ ਕੇਜਰੀਵਾਲ ਦੇ ਬਿਆਨ ਵਿਰੁੱਧ ਭਾਰਤੀ ਜਨਤਾ ਯੁਵਾ ਮੋਰਚਾ ਦੇ ਕਾਰਕੁਨਾਂ ਨੇ ਤੀਹ ਮਾਰਚ ਨੂੰ ਉਨ੍ਹਾਂ ਦੇ ਘਰ ਦੇ ਬਾਹਰ ਭੰਨਤੋੜ ਕੀਤੀ ਸੀ। ਪੁਲਸ ਨੇ ਅਣਪਛਾਤੇ ਲੋਕਾਂ ਖਿਲਾਫ ਕੇਸ ਦਰਜ ਕੀਤਾ ਸੀ। ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਨੇ ਦੋਸ਼ ਲਾਇਆ ਸੀ ਕਿ ਭਾਜਪਾ ਪੰਜਾਬ ਚੋਣਾਂ ਵਿੱਚ ਹਾਰ ਦੇ ਬਾਅਦ ਕੇਜਰੀਵਾਲ ਦਾ ‘ਕਤਲ ਕਰਾਉਣਾ' ਚਾਹੁੰਦੀ ਹੈ।

### ਮਦਰਾਸ ਹਾਈ ਕੋਰਟ ਦਾ ਫੈਸਲਾ:

# ਸਿਰਫ਼ ਖ਼ਿਡਾਰੀਆਂ ਨੂੰ ਖੇਡ ਯੂਨਿਟ ਦੇ ਅਹੁਦੇਦਾਰ ਬਣਾਉਣ ਦਾ ਹੁਕਮ ਬਰਕਰਾਰ

ਚੇਨਈ, 28 ਅਪ੍ਰੈਲ (ਪੋਸਟ ਬਿਊਰੋ)- ਮਦਰਾਸ ਹਾਈ ਕੋਰਟ ਨੇ ਸਿੰਗਲ ਬੈਂਚ ਦੇ ਫੈਸਲੇ ਵਿੱਚ ਕਿਹਾ ਕਿ ਸਿਆਸੀ ਤੇ ਹੋਰਨਾਂ ਲੋਕਾਂ ਨੂੰ ਨਹੀਂ, ਸਿਰਫ਼ ਖਿਡਾਰੀਆਂ ਨੂੰ ਖੇਡ ਫੈਡਰੇਸ਼ਨਾਂ ਦੇ ਅਹੁਦੇਦਾਰ ਹੋਣਾ ਚਾਹੀਦਾ ਹੈ।



ਮੁੱਖ ਜੱਜ ਜਸਟਿਸ ਐਮ ਐਨ ਭੰਡਾਰੀ ਅਤੇ ਜਸਟਿਸ ਡੀ ਭਾਰਤ ਚਰਕਵਰਤੀ ਦੀ ਬੈਂਚ ਨੇ ਤਾਮਿਲਨਾਡੂ ਵਿੱਚ ਇੱਕ ਫੈਡਰੇਸ਼ਨ ਦੀ ਪਟੀਸ਼ਨ ਨੂੰ ਰੱਦ ਕਰਦੇ ਹੋਏ ਸਿੰਗਲ ਜੱਜ ਦੇ ਫੈਸਲੇ ਨੂੰ ਕਾਇਮ ਰੱਖਿਆ। ਪੂਰੀ ਤਰ੍ਹਾਂ ਯੋਗ ਹੋਣ ਦੇ ਬਾਵਜੂਦ 2017 ਤੋਂ 2018 ਵਿਚਾਲੇ ਰਾਸ਼ਟਰੀ ਟੂਰਨਾਮੈਂਟਾਂ ਲਈ ਚੁਣੀ ਨਾ ਗਈ ਡਿਸਕਸ ਥ੍ਰੋਅ ਦੀ ਚੈਂਪੀਅਨ ਐਸ ਨਿਤਿਆ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਜੱਜਾਂ ਨੇ 19 ਜਨਵਰੀ ਨੂੰ ਤਾਮਿਲਨਾਡੂ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਅਜਿਹਾ ਕਾਨੂੰਨੀ ਖਾਕਾ ਬਣਾਇਆ ਜਾਵੇ, ਜਿਸ ਵਿੱਚ ਰਾਜ ਦੇ ਹਰ ਖੇਡ ਫੈਡਰੇਸ਼ਨ, ਕਲੱਬ ਅਤੇ ਰਾਸ਼ਟਰੀ ਖੇਡ ਫੈਡਰੇਸ਼ਨਦੀਆਂ ਪ੍ਰਦੇਸ਼ ਇਕਾਈਆਂ ਦੇ ਕੰਮ ਦਾ ਕੰਟਰੋਲ ਹੋ ਸਕੇ। ਉਨ੍ਹਾਂ ਇਹ ਵੀ ਕਿਹਾ ਸੀ ਕਿ ਹਰ ਖੇਡ ਫੈਡਰੇਸ਼ਨਤੇ ਐਨ ਐਸ ਐਫ਼ ਦੀ ਸੂਬਾ ਇਕਾਈ ਦਾ ਮੁੱਖੀ, ਉਪ ਮੁਖੀ ਤੇ ਸਕੱਤਰ ਖਿਡਾਰੀ ਹੀ ਹੋਣਾ ਚਾਹੀਦਾ ਹੈ। ਇਸਦੇ ਨਾਲ ਤੈਅ ਕੀਤਾ ਜਾਣਾ ਚਾਹੀਦਾ ਹੈ ਕਿ ਕਿਸੇ ਵੀ ਖੇਡ ਇਕਾਈ, ਸੰਗਠਨ ਜਾਂ ਐਨ ਐਸ ਐਫ਼ ਦੇ 75 ਫ਼ੀਸਦੀ ਮੈਂਬਰ ਖੇਡਾਂ ਦੇ ਖੇਤਰ ਦੇ ਸਨਮਾਨਤ ਵਿਅਕਤੀ ਹੋਣੇ ਚਾਹੀਦੇ ਹਨ, ਜਿਨ੍ਹਾਂ ਨੂੰ ਵੋਟਿੰਗ ਦਾ ਅਧਿਕਾਰ ਹੋਵੇ। ਇਸ ਦੇ ਨਾਲ ਖਿਡਾਰੀਆਂ ਦੀ ਚੋਣ ਅਜਿਹੀ ਚੋਣ ਕਮੇਟੀ ਕਰੇ, ਜਿਸ ਦੇ ਮੈਂਬਰ ਸਿਰਫ਼ ਖ਼ਿਡਾਰੀ ਹੀ ਹੋਣ। ਖੇਡ ਇਕਾਈਆਂ ਨੂੰ ਆਰਥਿਕ ਸਹਾਇਤਾ ਦੇਣ ਦੇ ਬਦਲੇ ਕਿਸੇ ਵਿਅਕਤੀ ਨੂੰ ਅਹੁਦਾ ਨਹੀਂ ਦੇਣਾ ਚਾਹੀਦਾ। ਇਸ ਫ਼ੈਸਲੇ ਵਿਰੁੱਧ ਤਾਮਿਲਨਾਡੂ ਫੈਡਰੇਸ਼ਨਨੇ ਪਟੀਸ਼ਨ ਦਾਇਰ ਕੀਤੀ ਸੀ, ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ।

# ਜੇ ਭਾਰਤ ਵਿੱਚ ਕਾਰ ਵੇਚਣੀ ਹੈ ਤਾਂ ਟੇਸਲਾ ਕਾਰ ਇੱਥੇ ਹੀ ਬਣਾਉਣੀ ਹੋਵੇਗੀ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਅਮੀਰ ਐਲੋਨ ਮਸਕ ਇਨ੍ਹੀਂ ਦਿਨੀਂ ਸੁਰਖੀਆਂ ਵਿੱਚ ਹਨ। ਟੇਸਲਾ ਅਤੇ ਸਪੇਸਐਕਸ ਦੇ ਮਾਲਕ ਨੇ ਪਰਸੋਂ ਰਾਤ ਸੋਸ਼ਲ ਮੀਡੀਆ ਪਲੇਟਫਾਰਮ ਟਵਿੱਟਰ ਦਾ ਸੌਦਾ ਕੀਤਾ ਸੀ। ਇਸ ਤੋਂ ਬਾਅਦ ਕੱਲ੍ਹ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਇੱਕ ਵਾਰ ਫਿਰ ਐਲੋਨ ਮਸਕ ਨੂੰ ਭਾਰਤ ਵਿੱਚ ਟੇਸਲਾ ਕਾਰ ਦੇ ਨਿਰਮਾਣ ਦੀ ਪੇਸ਼ਕਸ਼ ਕੀਤੀ, ਪਰ ਨਾਲ ਕਿਹਾ ਕਿ ਜੇ ਐਲੋਨ ਮਸਕ ਭਾਰਤ ਵਿੱਚ ਨਿਰਮਾਣ ਲਈ ਤਿਆਰ ਹਨ ਤਾਂ ਸਾਡੇ ਕੋਲ ਵੀ ਸਾਰੀ ਤਰ੍ਹਾਂ ਦੀ ਪ੍ਰਤੀਭਾ ਅਤੇ ਤਕਨਾਲੋਜੀ ਹੈ।



ਗਡਕਰੀ ਨੇ ਕਿਹਾ ਕਿ ਐਲੋਨ ਮਸਕ ਦਾ ਭਾਰਤ ਵਿੱਚ ਸਵਾਗਤ ਹੈ ਅਤੇ ਅਸੀਂ ਉਨ੍ਹਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਟੇਸਲਾ ਕਾਰ ਦਾ ਨਿਰਮਾਣ ਭਾਰਤ ਵਿੱਚ ਕਰਨ। ਜੇ ਮਸਕ ਚੀਨ ਵਿੱਚਕਾਰ ਬਣਾਉਣ ਅਤੇ ਭਾਰਤ ਵਿੱਚ ਵੇਚਣਗੇ ਤਾਂ ਚੰਗਾ ਨਹੀਂ। ਕੇਂਦਰੀ ਮੰਤਰੀ ਨੇ ਰਾਇਸੀਨਾ ਡਾਇਲਾਗ ਵਿੱਚ ਕਿਹਾ ਕਿ ਮੇਰੀ ਅਪੀਲ ਹੈ ਕਿ ਉਹ ਭਾਰਤ ਆਉਣ ਅਤੇ ਇੱਥੇ ਨਿਰਮਾਣ ਕਾਰਜ ਸ਼ੁਰੂ ਕਰਨ। ਇਥੇ ਬੰਦਰਗਾਹ ਅਤੇ ਹਵਾਈ ਅੱਡੇ, ਵੱਡੀ ਮਾਰਕੀਟ ਵੀ ਉਪਲੱਬਧ ਹੈ।

# ਸਿੰਗਾਪੁਰ ਵਿੱਚ ਭਾਰਤੀ ਮੂਲ ਦੇ ਨੌਜਵਾਨ ਨੂੰ ਫਾਂਸੀ




ਸਿੰਗਾਪੁਰ, 28 ਅਪ੍ਰੈਲ (ਪੋਸਟ ਬਿਊਰੋ)- ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਇੱਕ ਕੇਸ ਵਿੱਚ ਦੋਸ਼ੀ ਠਹਿਰਾਏ ਭਾਰਤੀ ਮੂਲ ਦੇ ਮਲੇਸ਼ੀਅਨ ਵਿਅਕਤੀ ਨਾਗੇਂਦਰਨ ਧਰਮਲਿੰਗਮ ਨੂੰ ਕੱਲ੍ਹ ਸਿੰਗਾਪੁਰ ਵਿੱਚ ਫ਼ਾਸੀ ਦੇ ਦਿੱਤੀ ਗਈ।

ਇਸ ਬਾਰੇ ਧਰਮਲਿੰਗਮ ਦੀ ਮਾਂ ਦੀ ਅਪੀਲ ਕੱਲ੍ਹ 'ਕੋਰਟ ਆਫ਼ ਅਪੀਲ' ਨੇ ਰੱਦ ਕਰ ਦਿੱਤੀ ਸੀ।ਧਰਮਲਿੰਗਮ ਦੇ ਭਰਾ ਨਵੀਨ ਕੁਮਾਰ ਨੇ ਦੱਸਿਆ ਕਿ ਧਰਮਲਿੰਗਮ (34) ਨੂੰ ਕੱਲ੍ਹ ਸਵੇਰੇ ਫ਼ਾਂਸੀ ਦਿੱਤੀ ਗਈ ਤੇ ਉਸ ਦੀ ਲਾਸ਼ ਇਪੋਹ ਲਿਜਾਈ ਜਾਵੇਗੀ। ਧਰਮਲਿੰਗਮ ਨੂੰ 2010 ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਦੋਸ਼ੀ ਠਹਿਰਾਇਆ ਗਿਆ ਤੇ ਸਜ਼ਾ ਤੋਂ ਬਚਣ ਲਈ ਸਾਰੇ ਕਾਨੂੰਨੀ ਬਦਲ ਉਸ ਨੇ ਵਰਤ ਲਏ ਸਨ। ਉਸ ਨੂੰ ਪਿਛਲੇ ਸਾਲ 10 ਨਵੰਬਰ ਨੂੰ ਫ਼ਾਸੀ ਹੋਣੀ ਸੀ ਪਰ ਉਸ ਨੇ ਇਸ ਦੇ ਵਿਰੁੱਧ ਪਟੀਸ਼ਨ ਦਾਇਰ ਕੀਤੀ ਸੀ। ਧਰਮਲਿੰਗਮ ਨੂੰ 2009 ਵਿੱਚ 42.72 ਗ੍ਰਾਮ ਹੈਰੋਇਨ ਇੰਪੋਰਟ ਕਰਨ ਦੇ ਦੋਸ਼ ਵਿੱਚ ਨਵੰਬਰ 2010 ਵਿੱਚ ਦੋਸ਼ੀ ਠਹਿਰਾਇਆ ਗਿਆ ਅਤੇ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਸ ਨੂੰ ਸਿੰਗਾਪੁਰ ਵਿੱਚ ਵੜਦੇ ਸਮੇਂ 'ਵੁੱਡਲੈਂਡਜ਼ ਚੈਕਪੁਆਇੰਟ' (ਟਾਪੂ ਮਲੇਸ਼ੀਆ ਦਾ ਇੱਕ ਕਾਜ਼ਵੇਅ ਲਿੰਕ) ਉੱਤੇ ਫੜਿਆ ਗਿਆ ਸੀ। ਉਸ ਦੇ ਪੱਟ ਨਾਲ ਨਸ਼ੀਲੇ ਪਦਾਰਥਾਂ ਦੇ ਬੰਡਲ ਬੰਨ੍ਹੇ ਹੋਏ ਸਨ। ਉਤਰੀ ਮਲੇਸ਼ੀਆ ਤੋਂ ਸਿੰਗਾ-ਪੁਰ ਆਈ ਧਰਮਾਲਿੰਗਮ ਦੀ ਮਾਂ ਨੇ ਆਪਣੇ ਬੇਟੇ ਨੂੰ ਬਚਾਉਣ ਦੀ ਆਖ਼ਰੀ ਕੋਸ਼ਿਸ਼ ਵਿੱਚ ਅਦਾਲਤ ਦਾ ਦਰ ਖੜਕਾਇਆ ਸੀ, ਪਰ ਅਪੀਲੀ ਕੋਰਟ ਨੇ ਕੱਲ੍ਹ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ।

# ਕਰਾਚੀ ਵਿੱਚ ਆਤਮਘਾਤੀ ਹਮਲਾ ਕਰਨ ਵਾਲੀ ਔਰਤ ਟੀਚਰ ਸੀ

## * ਤਿੰਨ ਚੀਨੀ ਔਰਤਾਂ ਸਮੇਤ ਪੰਜਾਂ ਦੀ ਮੌਤ



ਕਰਾਚੀ, 28 ਅਪ੍ਰੈਲ (ਪੋਸਟ ਬਿਊਰੋ)- ਏਥੋਂ ਦੀ ਯੂਨੀਵਰਸਿਟੀ ਵਿੱਚ ਆਤਮਘਾਤੀ ਬੰਬ ਧਮਾਕੇ ਦੀ ਘਟਨਾ ਇਸ ਲਈ ਚਰਚਾ ਦਾ ਵਿਸ਼ਾ ਨਹੀਂ ਬਣ ਰਹੀ ਕਿ ਇਸ ਵਿੱਚ ਵਿਦੇਸ਼ੀਆਂ ਨੂੰ ਨਿਸ਼ਾਨਾ ਬਣਾਇਆ ਗਿਆ, ਸਗੋਂ ਇਸ ਕਾਰਨ ਵੀ ਸਭ ਦਾ ਧਿਆਨ ਖਿੱਚ ਰਹੀ ਹੈ ਕਿ ਹਮਲਾਵਰ ਇੱਕ ਔਰਤ ਅਤੇ ਟੀਚਰ ਸੀ।

ਵਰਨਣ ਯੋਗ ਹੈ ਕਿ ਕਰਾਚੀ ਯੂਨੀਵਰਸਿਟੀ ਵਿੱਚ ਇੱਕ ਦਿਨ ਪਹਿਲਾਂ ਹੋਏ ਆਤਮਘਾਤੀ ਬੰਬ ਧਮਾਕੇ ਦੌਰਾਨ ਚਾਰ ਲੋਕਾਂ ਦੀ ਮੌਤ ਹੋ ਗਈ ਸੀ। ਇਸ ਵਿੱਚ ਹੈਰਾਨੀ ਵਾਲੀ ਗੱਲ ਇਹ ਹੈ ਕਿ ਹਮਲਾਵਰ ਇੱਕ ਚੰਗੀ ਸਿੱਖਿਅਤ ਅਤੇ ਮਜ਼ਬੂਤ ਪਰਵਾਰਕ ਪਿਛੋਕੜ ਨਾਲ ਸਬੰਧਤ ਸੀ।ਉਸਦਾ ਸਾਰਾ ਪਰਵਾਰ ਚੰਗਾ ਪੜ੍ਹਿਆ-ਲਿਖਿਆ ਹੈ। ਉਸਦੇ ਪਤੀ ਦੰਦਾਂ ਦੇ ਡਾਕਟਰ ਹਨ ਅਤੇ ਉਸ ਦੇ ਦੋ ਬੱਚੇ ਹਨ। ਦਿਉਰ ਲੈਕਚਰਾਰ, ਚਾਚਾ ਲੇਖਕ ਹੈ। ਉਸ ਨੇ ਬੀ ਐਡ, ਐਮ ਐਡ ਕੀਤੀ ਹੋਈ ਸੀ। ਨਾਲ ਓਪਨ ਯੂਨੀਵਰਸਿਟੀ ਤੋਂ ਐਮ ਫਿਲ ਕੀਤੀ ਹੋਈ ਸੀ। ਇਸ ਟੀਚਰ ਸ਼ੈਰੀ ਬਲੂਚ ਉਰਫ ਬਰਮਸ਼ ਨੇ ਹਮਲੇ ਤੋਂ ਲੱਗਭਗ 10 ਘੰਟੇ ਪਹਿਲਾਂ ਆਪਣੇ ਟਵਿੱਟਰ ਹੈਂਡਲ ਉੱਤੇ ਇੱਕ ਅਲਵਿਦਾ ਸੰਦੇਸ਼ ਪੋਸਟ ਕੀਤਾ, ਤਾਂ ਕਿਸੇ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ ਕਿ ਉਹ ਅੱਗੇ ਕੀ ਕਰਨ ਜਾ ਰਹੀ ਹੈ।

# ਅੱਤਵਾਦੀਆਂ ਵੱਲੋਂ ਪਾਕਿਸਤਾਨੀ ਚੌਕੀ ਉਤੇ ਗੋਲੀਬਾਰੀ

ਇਸਲਾਮਾਬਾਦ, 28 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਨੇ ਕਿਹਾ ਹੈ ਕਿ ਅੱਤਵਾਦੀਆਂ ਵੱਲੋਂ ਅਫਗਾਨਿਸਤਾਨ ਵਿੱਚ ਸਰਹੱਦ ਪਾਰ ਤੋਂ ਉਨ੍ਹਾਂ ਦੀਆਂ ਫੌਜੀ ਚੌਕੀਆਂ ਉੱਤੇ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਵਿੱਚ ਲਗਭਗ ਤਿੰਨ ਜਵਾਨ ਮਾਰੇ ਗਏ। ਫੌਜ ਦੇ ਬਿਆਨ ਮੁਤਾਬਕ ਉਤਰੀ ਵਜ਼ੀਰਿਸਤਾਨ ਦੇ ਦੇਵਗਰ ਖੇਤਰ ਵਿੱਚ ਅੱਤਵਾਦੀਆਂ ਨੇ ਅਫਗਾਨਿਸਤਾਨ ਵਿੱਚ ਸਰਹੱਦ ਪਾਰ ਤੋਂ ਗੋਲੀਬਾਰੀ ਕੀਤੀ, ਜਿਸ ਦਾ ਪਾਕਿਸਤਾਨੀ ਫੌਜੀਆਂ ਨੇ ਮੂੰਹ ਤੋੜ ਜਵਾਬ ਦਿੱਤਾ।

ਇਸ ਫੌਜੀ ਬਿਆਨ ਵਿੱਚ ਕਿਹਾ ਗਿਆ, ''ਭਰੋਸੇਯੋਗ ਖੁਫੀਆ ਸੂਚਨਾ ਮੁਤਾਬਕ ਸਾਡੀ ਫੌਜ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਅੱਤਵਾਦੀਆਂ ਨੂੰ ਚੋਖਾ ਨੁਕਸਾਨ ਪੁੱਜਾ ਹੈ।'' ਇਸ ਵਿੱਚ ਕਿਹਾ ਗਿਆ, ''ਪਾਕਿਸਤਾਨ ਨੇ ਅੱਤਵਾਦੀਆਂ ਵੱਲੋਂ ਪਾਕਿਸਤਾਨ ਖਿਲਾਫ ਕਾਰਵਾਈਆਂ ਲਈ ਅਫਗਾਨ ਧਰਤੀ ਦੀ ਵਰਤੋਂ ਦੀ ਨਿਖੇਧੀ ਕੀਤੀ ਹੈ ਤੇ ਆਸ ਕੀਤੀ ਹੈ ਕਿ ਅਫਗਾਨ ਸਰਕਾਰ ਭਵਿੱਖ ਵਿੱਚ ਅਜਿਹੀਆਂ ਸਰਗਰਮੀਆਂ ਦੀ ਇਜਾਜ਼ਤ ਨਹੀਂ ਦੇਵੇਗੀ।'' ਕਿਸੇ ਅੱਤਵਾਦੀ ਜਥੇਬੰਦੀ ਨੇ ਹਾਲੇ ਤਕ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ। ਬੀਤੇ ਦੋ ਮਹੀਨਿਆਂ ਦੌਰਾਨ ਇਸ ਖੇਤਰ ਵਿੱਚ ਇਸ ਤਰ੍ਹਾਂ ਦੇ ਹਮਲੇ ਵਧੇ ਹਨ।

# ਬਿਲਾਵਲ ਭੁੱਟੋ ਨੇ ਪਾਕਿ ਦੇ ਨਵੇਂ ਵਿਦੇਸ਼ ਮੰਤਰੀ ਵਜੋਂ ਸਹੁੰ ਚੁੱਕੀ

ਇਸਲਾਮਾਬਾਦ, 28 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਕੱਲ੍ਹ ਪਾਕਿਸਤਾਨ ਦੇ ਵਿਦੇਸ਼ ਮੰਤਰੀ ਵਜੋਂ ਸਹੁੰ ਚੁਕ ਲਈ ਹੈਂ। ਦੇਸ਼ ਦੇ ਰਾਸ਼ਟਰਪਤੀ ਆਰਿਫ਼ ਅਲਵੀ ਨੇ ਰਾਸ਼ਟਰਪਤੀ ਭਵਨ ਵਿੱਚ ਸਾਦੇ



ਸਮਾਗਮ ਵਿੱਚ 33 ਸਾਲਾ ਬਿਲਾਵਲ ਨੂੰ ਸਹੁੰ ਚੁਕਾਈ। ਇਸ ਮੌਕੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਵੀ ਮੌਜੂਦ ਸਨ।

ਬਿਲਾਵਲ ਭੁੱਟੋ ਦੀ ਭੈਣ ਆਸੀਫ਼ਾ ਨੇ ਇਸ ਮੌਕੇ ਆਪਣੇ ਟਵਿੱਟਰ ਹੈਂਡਲ ਉੱਤੇ ਲਿਖਿਆ ਕਿ "ਪਾਕਿਸਤਾਨ ਦੇ ਇਤਿਹਾਸ ਵਿੱਚ ਸਭ ਤੋਂ ਘੱਟ ਉਮਰ ਦੇ ਵਿਦੇਸ਼ ਮੰਤਰੀ ਬਿਲਾਵਲ ਭੁੱਟੋ ਨੂੰ ਵਧਾਈਆਂ। ਕੰਮ ਮੁਸ਼ਕਲ ਹੈ ਅਤੇ ਪਿਛਲੀ ਸਰਕਾਰ ਨੇ ਸਾਡੇ ਅੰਤਰਰਾਸ਼ਟਰੀ ਮਾਣ ਨੂੰ ਠੇਸ ਪੁੰਚਾਈ ਹੈ, ਪਰ ਮੈਨੂੰ ਕੋਈ ਸ਼ੱਕ ਨਹੀਂ ਕਿ ਤੁਸੀਂ ਸਾਡੇ ਦੇਸ਼, ਪਾਰਟੀ ਅਤੇ ਪਰਵਾਰ ਦਾ ਮਾਣ ਵਧਾਉਗੇ।"

ਵਰਨਣ ਯੋਗ ਹੈ ਕਿ ਕਰੀਬ ਇੱਕ ਹਫ਼ਤਾ ਪਹਿਲਾਂ ਬਿਲਾਵਲ ਭੁੱਟੋ ਨੇ ਲੰਡਨ ਵਿੱਚ ਪਾਕਿਸਤਾਨ ਮੁਸਲਿਮ ਲੀਗ ਨਵਾਜ਼ ਦੇ ਮੁਖੀ ਨਵਾਜ਼ ਸ਼ਰੀਫ਼ ਨਾਲ ਬੈਠਕ ਕੀਤੀ ਤਾਂ ਦੋਵਾਂ ਨੇ ਦੇਸ਼ ਦੀ ਸਿਆਸੀ ਸਥਿਤੀ ਉੱਤੇ ਚਰਚਾ ਪਿੱਛੋਂ ਹਿੱਤ ਨਾਲ ਜੁੜੇ ਮੁੱਦਿਆਂ ਉੱਤੇ ਮਿਲ ਕੇ ਕੰਮ ਕਰਨ ਦੀ ਵਚਨਬੱਧਤਾ ਪ੍ਰਗਟਾਈ ਸੀ।

## ਭਾਰਤੀ ਵਿਦਿਆਰਥੀਆਂ ਨੂੰ ਪਾਕਿ 'ਚ ਪੜ੍ਹਨ ਨਾ ਜਾਣ ਦੀ ਸਲਾਹ

ਨਵੀਂ ਦਿੱਲੀ, 28 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਅਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ) ਨੇ ਪਾਕਿਸਤਾਨ ਜਾਣ ਦੇ ਇਛੁੱਕ ਭਾਰਤੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ। ਯੂ ਜੀ ਸੀ ਅਤੇ ਏ ਆਈ ਸੀ ਟੀ ਈ ਨੇ ਸਾਂਝੇ ਤੌਰ ਉੱਤੇਜਾਰੀਐਡਵਾਈਜ਼ਰੀਵਿੱਚ ਕਿਹਾ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਉਚ ਸਿੱਖਿਆ ਲਈ ਪਾਕਿਸਤਾਨ ਨਾ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਸ ਐਡਵਾਈਜ਼ਰੀ ਮੁਤਾ-ਬਕ ਕੋਈ ਵੀ ਭਾਰਤੀ ਨਾਗਰਿਕ ਜਾਂ ਭਾਰਤੀ ਮੂਲ ਦਾ ਵਿਦੇਸ਼ੀ ਨਾਗਰਿਕ (ਓ ਆਈ ਸੀ) ਜੇ ਪਾਕਿਸਤਾਨ ਦੇ ਕਿਸੇ ਕਾਲਜ ਜਾਂ ਵਿਦਿਅਕ ਸੰਸਥਾ ਵਿੱਚ ਦਾਖਲਾ ਲਵੇਗਾ ਤਾਂ ਉਹ ਪਾਕਿਸਤਾਨੀ ਸਰਟੀਫਿਕੇਟ ਦੇ ਆਧਾਰ ਉੱਤੇ ਭਾਰਤ ਵਿੱਚ ਨੌਕਰੀ ਜਾਂ ਉਚ ਸਿੱਖਿਆ ਦੇ ਯੋਗ ਨਹੀਂ ਮੰਨਿਆ ਜਾਵੇਗਾ।

# ਅਮਰੀਕਾ ਵਿੱਚ ਕਾਰ ਹਾਦਸਾ, ਦੋ ਹਰਿਆਣਵੀ ਮੁੰਡਿਆਂ ਦੀ ਮੌਤ



ਕੈਲੀਫ਼ੋਰਨੀਆ, 28 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਨੋਰਥ/ਵਿਸਟ ਫ਼ਰਿਜਨੋ ਦੇ ਵਾਟਰ ਪਾਰਕ ਕੋਲ ਇੱਕ ਕਾਰ ਹਾਦਸਾ ਵਾਪਰਿਆ ਹੈ। ਇੱਕ ਤੇਜ਼ ਰਫ਼ਤਾਰ ਜੀਪ, ਜਿਸ ਵਿੱਚ ਚਾਰ ਨੌਜਵਾਨ ਸਵਾਰ ਸਨ, ਬਿਜਲੀ ਦੇ ਖੰਭੇ ਨਾਲ ਟਕਰਾ ਕੇ ਪਲਟ ਗਈ, ਜਿਸ ਦੌਰਾਨ ਪਿਛਲੀ ਸੀਟ ਉਤੇ ਬੈਠੇ ਦੋ ਨੌਜਵਾਨ ਜੀਪ ਤੋਂ ਬਾਹਰ ਜਾ ਡਿੱਗੇ ਅਤੇ ਥਾਏਂ ਦਮ ਤੋੜ ਗਏ। ਤੀਸਰਾ ਵਿਅਕਤੀ ਜੋ ਡਰਾਈਵਰ ਦੇ ਨਾਲ ਵਾਲੀ ਸੀਟ ਉਤੇ ਬੈਠਾ ਸੀ, ਉਹ ਗੰਭੀਰ ਜ਼ਖ਼ਮੀ ਹੋ ਗਿਆ, ਉਸ ਨੂੰ ਕਮਿਊਨਟੀ ਹਸਪਤਾਲ ਪਹੁੰਚ-ਾਇਆ ਗਿਆ। ਡਰਾਈਵਰ ਮੌਕੇ ਤੋਂ ਖਿਸਕ ਗਿਆ। ਜ਼ਖ਼ਮੀ ਨੌਜਵਾਨ ਦੇ ਬਿਆਨਾਂ ਦੇ ਆਧਾਰ ਉਤੇ ਜਦੋਂ ਪੁਲਸ ਉਨ੍ਹਾਂ ਨੌਜਵਾਨਾਂ ਦੇ ਅਪਾਰਟਮੈਂਟ ਵਿੱਚ ਪਹੁੰਚੀ ਤਾਂ ਸਥਿਤੀ ਹੈਰਾਨੀ ਵਾਲੀ ਸੀ।

ਪੁਲਸ ਮੁਤਾਬਕ ਅਪਾਰਟਮੈਂਟ ਇੰਨਾ ਗੰਦਾ ਸੀ ਕਿ ਉਥੇ ਜਾਣਕਾਰੀ ਇਕੱਤਰ ਕਰਨ ਲਈ ਖੜ੍ਹਨਾ ਵੀ ਮੁਸ਼ਕਲ ਹੋ ਰਿਹਾ ਸੀ। ਥਾਂ ਥਾਂ ਸ਼ਰਾਬ ਦੀਆਂ ਪਈਆਂ ਖ਼ਾਲੀ ਬੋਤਲਾਂ ਤੇ ਗੰਦਗੀ ਦਾ ਢੇਰ ਐਕਸੀਡੈਂਟ ਬਾਰੇ ਸਭ ਕੁਝ ਬਿਆਨ ਕਰ ਰਿਹਾ ਸੀ।ਪੁਲਸ ਮੁਤਾਬਕ ਚਾਰੇ ਨੌਜਵਾਨ ਭਾਰਤ ਦੇ ਹਰਿਆਣਾ ਸੂਬੇ ਨਾਲ ਸਬੰਧਤ ਹਨ ਅਤੇ ਪੁਲਸ ਡਰਾਈਵਰ ਦੀ ਭਾਲ ਕਰ ਰਹੀ ਹੈ, ਜਿਸ ਉੱਤੇ ਭਾਰੀ ਚਾਰਜ ਲੱਗਣ ਦੀ ਸੰਭਾਵਨਾ ਹੈ।

# ਕਰਤਾਰਪੁਰ ਲਾਂਘੇ ਰਾਹੀਂ ਵਪਾਰਕ ਬੈਠਕਾਂ ਕਰਾਉਣ ਦੇ ਦੋਸ਼ ਪਾਕਿ ਦੇ ਵਿਦੇਸ਼ ਮੰਤਰਾਲੇ ਵੱਲੋਂ ਰੱਦ



ਲਾਹੌਰ, 28 ਅਪ੍ਰੈਲ (ਪੋਸਟ ਬਿਊਰੋ)- ਕਰਤਾਰਪੁਰ ਲਾਂਘੇ ਬਾਰੇ ਕੁਝ ਮੀਡੀਆ ਅਦਾਰਿਆਂ ਵੱਲੋਂ ਕੀਤੇ ਪ੍ਰਚਾਰ ਨੂੰ ਰੱਦ ਕਰਦਿਆਂ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਦੋਸ਼ ਲਾਇਆ ਹੈ ਕਿ ਇਹ ਸਭ ਗੱਲਾਂ ਭਾਰਤ ਸਰਕਾਰ ਦੀਆਂ ਧਾਰਮਿਕ ਲਾਂਘੇ ਰਾਹੀਂ ਯਾਤਰਾ ਵਿੱਚ ਵਿਘਨ ਪਾਉਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹਨ।

ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਬਾਰੇ ਜਾਰੀ ਬਿਆਨ ਵਿੱਚ ਕਿਹਾ ਕਿ ਪਾਕਿ-ਸਤਾਨ ਉੱਤੇ ਵਪਾਰਕ ਬੈਠਕਾਂ ਲਈ ਕਰਤਾਰਪੁਰ ਲਾਂਘੇ ਦੀ ਵਰਤੋਂ ਕਰਨ ਬਾਰੇ ਕੁਝ ਭਾਰਤੀ ਮੀਡੀਆ ਅਦਾਰਿਆਂ ਵੱਲੋਂ ਕੀਤਾ ਜਾਂਦਾ ਪ੍ਰਚਾਰ ਤੱਥਹੀਣ ਹੈ। ਵਰਨਣ ਯੋਗ ਹੈ ਕਿ ਕੁਝ ਭਾਰਤੀ ਮੀਡੀਆ ਅਦਾਰਿਆਂ ਵੱਲੋਂ ਸੂਤਰਾਂ ਦੇ ਹਵਾਲੇ ਨਾਲ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ ਐਸ ਆਈ ਦੇ ਲੋਕ ਇਸ ਲਾਂਘੇ ਰਾਹੀਂ ਕਰਤਾਰਪੁਰ ਸਾਹਿਬ ਗੁਰੂ ਘਰ ਦੇ ਦਰਸ਼ਨਾਂ ਲਈ ਜਾਂਦੇ ਭਾਰਤੀਆਂ ਨੂੰ ਮਿਲਣ ਤੇ ਉਨ੍ਹਾਂ ਵਿਚਾਲੇ ਸੰਪਰਕ ਬਣਾਉਣ ਲਈ ਕਰਤਾਰਪੁਰ ਲਾਂਘੇ ਦੀ ਵਰਤੋਂ ਕਰਦੇ ਹਨ। ਇੱਥੇ ਹੀ ਬਸ ਨਹੀਂ, ਯਾਤਰਾ ਦੌਰਾਨ ਆਈ ਐਸ ਆਈ ਪਾਕਿ-ਸਤਾਨ ਵਿੱਚ ਬੈਠੇ ਕੁਝ ਭਾਰਤੀ ਖਾੜਕੂਆਂ ਨਾਲ ਵੀ ਭਾਰਤੀ ਯਾਤਰੂਆਂ ਦਾ ਸੰਪਰਕ ਕਰਵਾਉਂਦੀ ਹੈ। ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਕਿ ਭਾਰਤ ਸਰਕਾਰ ਕੋਲ ਇਸ ਬਾਰੇ ਸੈਂਕੜੇ ਤਸਵੀਰਾਂ, ਵੀਡੀਓ ਅਤੇ ਹੋਰ ਸਬੂਤ ਮੌਜੂਦ ਹਨ ਅਤੇ ਜਲਦੀ ਹੀ ਹੋਰ ਸਬੂਤ ਇਕੱਠੇ ਕਰਕੇ ਇਹ ਮਾਮਲਾ ਪਾਕਿ ਸਰਕਾਰ ਕੋਲ ਉਠਾਇਆ ਜਾਵੇਗਾ।

# ਚੀਨ ਦੱਸੇ ਕਿ ਤਿੱਬਤ ਦੇ 11ਵੇਂ ਪੰਚੇਨ ਲਾਮਾ ਕਿੱਥੇ ਹਨ: ਅਮਰੀਕਾ




ਵਾਸ਼ਿੰਗਟਨ, 28 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਨੇ ਬੀਤੇ ਸੋਮਵਾਰ ਨੂੰ 11ਵੇਂ ਪੰਚੇਨ ਲਾਮਾ ਗੇਧੁਨ ਚੋਏਕਯੀ ਨਯਿਮਾ ਦੇ 33ਵੇਂ ਜਨਮ ਦਿਵਸ ਮੌਕੇ ਚੀਨ ਨੂੰ ਇਹ ਦੱਸਣ ਦੀ ਅਪੀਲ ਕੀਤੀ ਕਿ ਉਹ ਕਿੱਥੇ ਹਨ।

ਸਾਲ 1995 ਵਿੱਚ ਚੀਨੀ ਅਧਿਕਾਰੀਆਂ ਵੱਲੋਂ ਅਗਵਾ ਕੀਤੇ ਜਾਣ ਪਿੱਛੋਂ ਉਹ ਲਾਪਤਾ ਹਨ। ਤਿੱਬਤੀ ਭਾਈਚਾਰੇ ਵਿੱਚ ਉਨ੍ਹਾਂ ਨੂੰ ਅੱਜ ਤੱਕ ਦੇਖਣ ਦੀ ਆਸ ਹੈ।ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ, ''11ਵੇਂ ਪੰਚੇਨ ਲਾਮਾ ਗੇਧੁਨ ਚੋਏਕਯੀ ਨਯਿਮਾ ਦਾ ਅੱਜ 33ਵਾਂ ਜਨਮ ਦਿਨ ਹੈ। 17 ਮਈ 1995 ਨੂੰ ਛੇ ਸਾਲ ਦੀ ਉਮਰ ਵਿੱਚਉਨ੍ਹਾਂ ਨੂੰ ਚੀਨੀ ਅਧਿਕਾਰੀਆਂ ਨੇ ਅਗਵਾ ਕਰ ਲਿਆ ਸੀ ਤੇ ਉਸ ਤੋਂ ਬਾਅਦ ਉਹ ਲਾਪਤਾ ਹਨ।'' ਬੁਲਾਰੇ ਨੇ ਕਿਹਾ ਕਿ ਚੀਨ, ਤਿੱਬਤੀ ਫਿਰਕੇ ਨੂੰ ਪੰਚੇਨ ਲਾਮਾ ਨਾਲ ਸੰਪਰਕ ਨਹੀਂ ਕਰਨ ਦੇ ਰਿਹਾ। ਪੰਚੇਨ ਲਾਮਾ ਤਿੱਬਤੀ ਬੋਧ ਧਰਮ ਵਿੱਚ ਦੂਸਰੇ ਸਭ ਤੋਂ ਸਨਮਾਨਤ ਵਿਅਕਤੀ ਹਨ। ਪ੍ਰਾਈਸ ਨੇ ਕਿਹਾ, ''ਅਸੀਂ ਚੀਨੀ ਅਧਿਕਾਰੀਆਂ ਨੂੰ ਨਯਿਮਾਬਾਰੇਸੂਚਨਾ ਦੇਣ ਦੀ ਅਪੀਲ ਕਰਦੇ ਹਾਂ। ਚੀਨ ਆਪਣੀਆਂ ਕੌਮਾਂਤਰੀ ਵਚਨਬੱਧਤਾਵਾਂ ਦੇ ਮੁਤਾਬਕ ਉਨ੍ਹਾਂ ਨੂੰ ਆਪਣੇ ਮਨੁੱਖੀ ਅਧਿਕਾਰ ਤੇ ਬੁਨਿਆਦੀ ਆਜ਼ਾਦੀ ਦਾ ਪੂਰੀ ਤਰ੍ਹਾਂ ਇਸਤੇਮਾਲ ਕਰਨ ਦੀ ਇਜਾਜ਼ਤ ਦੇਵੇ।''

10ਵੇਂ ਪੰਚੇਨ ਲਾਮਾ ਦੀ ਮੌਤ ਤੋਂ ਬਾਅਦ ਦਲਾਈ ਲਾਮਾ ਤੇ ਉਨ੍ਹਾਂ ਦੇ ਦਲ ਨੇ ਪੰਚੇਨ ਲਾਮਾ ਦੀ ਭਾਲ ਕੀਤੀ ਸੀ। 14 ਮਈ 1995 ਨੂੰ ਤਿੱਬਤ ਵਿੱਚਛੇ ਸਾਲਾ ਗੇਧੁਨ ਚੋਏਕਯੀ ਨਯਿਮਾ ਨੂੰ 11ਵੇਂ ਪੰਚੇਨ ਲਾਮਾ ਵਜੋਂ ਮਾਨਤਾ ਮਿਲੀ, ਪਰ 17 ਮਈ 1995 ਨੂੰ ਛੇ ਸਾਲਾ ਬਾਲਕ ਤੇ ਉਸ ਦੇ ਪਰਵਾਰ ਨੂੰ ਅਗਵਾ ਕਰ ਲਿਆ ਗਿਆ।

# ਨਾਜਾਇਜ਼ ਤੇਲ ਰਿਫਾਈਨਰੀ ਵਿੱਚ ਧਮਾਕਾ, ਸੌ ਤੋਂ ਵੱਧ ਮੌਤਾਂ



ਅਬੁਜਾ, 28 ਅਪ੍ਰੈਲ (ਪੋਸਟ ਬਿਊਰੋ)- ਨਾਈਜੀਰੀਆ ਦੇ ਦੱਖਣੀ ਰਾਜ ਇਮੋ ਵਿੱਚ ਇੱਕ ਨਾਜਾਇਜ਼ ਤੇਲ ਰਿਫਾਈਨਰੀ ਵਿੱਚ ਹੋਏ ਧਮਾਕੇ ਵਿੱਚ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਇਹ ਧਮਾਕਾ ਸ਼ੁੱਕਰਵਾਰ ਦੀ ਦੇਰ ਰਾਤ ਏਗਬੇਮਾ ਸਥਾਨਕ ਸਰਕਾਰੀ ਖੇਤਰ ਵਿੱਚ ਨਾਜਾਇਜ਼ ਤੇਲ ਰਿਫਾਈਨਰੀ ਵਿੱਚ ਹੋਇਆ, ਜੋ ਇਮੋ ਅਤੇ ਨਦੀਆਂ ਦੇ ਦੱਖਣੀ ਰਾਜਾਂ ਦੇ ਵਿੱਚ ਇੱਕ ਸੀਮਾ ਰੇਖਾ ਹੈ। ਹਾਲੇ ਤਕ 100 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ।

ਇਮੋ ਵਿੱਚ ਪੈਟਰੋਲੀਅਮ ਦੇ ਮੁਖੀ ਨੇ ਦੱਸਿਆ ਕਿ ਇੱਕ ਨਾਜਾਇਜ਼ ਬੰਕਰਿੰਗ ਸਥਾਨ ਉਤੇ ਅੱਗ ਲੱਗਣ ਕਾਰਨ 100 ਤੋਂ ਵੱਧ ਲੋਕ ਪ੍ਰਭਾਵਤ ਹੋਏ, ਜਿਨ੍ਹਾਂ ਦੀ ਅਜੇ ਤਕ ਪਛਾਣ ਨਹੀਂ ਹੋ ਸਕੀ। ਇਸ ਨਾਜਾਇਜ਼ ਤੇਲ ਰਿਫਾਈਨਰੀ ਦਾ ਮਾਲਕ ਫਰਾਰ ਹੈ। ਇੱਕ ਸੂਚਨਾ ਅਨੁਸਾਰ ਲਗਭਗ 108 ਸੜੀਆਂ ਹੋਈਆਂ ਲਾਸ਼ਾਂ ਦੀ ਗਿਣਤੀ ਹੋ ਗਈ ਹੈ। ਇਸ ਤਰ੍ਹਾਂ ਦੀਆਂ ਨਾਜਾਇਜ਼ ਤੇਲ ਰਿਫਾਈਨਰੀਆਂ ਪਾਈਪਲਾਈਨਾਂ ਤੋਂ ਕੱਚੇ ਤੇਲ ਦੀ ਚੋਰੀ ਕਰ ਕੇ ਆਪਣਾ ਕੰਮ ਕਰ ਕਰਦੀਆਂ ਹਨ। ਨਾਈਜੀਰੀਆ ਵਿੱਚ ਤੇਲ ਪਾਈਪ ਲਾਈਨ ਵਿੱਚ ਭੰਨ ਤੋੜ ਅਤੇ ਤੇਲ ਚੋਰੀ ਦੀਆਂ ਖਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ, ਜਿਸ ਨਾਲ ਭਾਰੀ ਆਰਥਿਕ ਨੁਕਸਾਨ ਹੁੰਦਾ ਹੈ।

# ਮਾਣਹਾਨੀ ਕੇਸ ਵਿੱਚ ਟਰੰਪ ਨੂੰ ਰੋਜ 10 ਹਜ਼ਾਰ ਡਾਲਰ ਭਰਨੇ ਪੈਣਗੇ



ਸੈਕਰਾਮੈਂਟੋ, 28 ਅਪ੍ਰੈਲ (ਪੋਸਟ ਬਿਊਰੋ)- ਨਿਊਯਾਰਕ ਦੀ ਇੱਕ ਅਦਾਲਤ ਨੇ ਫੈਮਿਲੀ ਕਾਰੋਬਾਰ ਸੌਦੇ ਵਿੱਚ ਸਿਵਲ ਫਰਾਡ ਦੀ ਜਾਂਚ ਲਈ ਲੋੜੀਂਦੇ ਦਸਤਾਵੇਜ਼ ਦੇਣ ਵਿੱਚ ਅਸਫਲ ਰਹਿਣ ਕਾਰਨ ਅਦਾਲਤ ਦੀ ਮਾਣਹਾਨੀ ਲਈ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜੱਜ ਨੇ ਆਦੇਸ਼ ਵਿੱਚ ਸਾਬਕਾ ਰਾਸ਼ਟਰਪਤੀ ਨੂੰ ਉਲੰਘਣਾ ਕਰਨ ਵਾਲੇ ਸਮੇਂ ਲਈ ਪ੍ਰਤੀ ਦਿਨ 10,000 ਡਾਲਰ ਜੁਰਮਾਨਾ ਭਰਨ ਲਈ ਕਿਹਾ ਹੈ।

ਪਤਾ ਲੱਗਾ ਹੈ ਕਿ ਨਿਊਯਾਰਕ ਦੇ ਅਟਾਰਨੀ ਜਨਰਲ ਲੀਟੀਆ ਜੇਮਜ਼,ਜਿਹੜਾ ਡੈਮੋਕ੍ਰੈਟਿਕ ਹੈ, ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਨਿਸ਼ਚਤ ਅੰਤਿਮ ਤਾਰੀਕ 31 ਮਾਰਚ ਤਕ ਦਸਤਾਵੇਜ਼ ਨਾ ਦੇਣ ਲਈ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਦੋਸ਼ੀ ਮੰਨਿਆ ਜਾਵੇ। ਜੇਮਜ ਨੇ ਅਦਾਲਤ ਦੇ ਫੈਸਲੇ ਪਿੱਛੋਂ ਕਿਹਾ ਕਿ ਕੱਲ੍ਹ ਨਿਆਂ ਹੋਇਆ ਹੈ ਕਿਉਂਕਿ ਕਈ ਸਾਲਾਂ ਤਕ ਟਰੰਪ ਨੇ ਕਾਨੂੰਨ ਤੋਂ ਬਚਣ ਦੀ ਕੋਸ਼ਿਸ਼ ਕੀਤੀ ਹੈ ਤੇ ਸਾਬਕਾ ਰਾਸ਼ਟਰਪਤੀ ਤੇ ਉਸ ਦੀ ਕੰਪਨੀ ਵਿੱਤੀ ਲੈਣ ਦੇਣ ਸਬੰਧੀ ਸਾਡੀ ਕਾਨੂੰਨੀ ਜਾਂਚ ਵਿੱਚ ਅੜਿੱਕਾ ਪਾ ਰਹੀ ਹੈ। ਦੂਸਰੇ ਪਾਸੇ ਟਰੰਪ ਦੀ ਵਕੀਲ ਨੇ ਕਿਹਾ ਹੈ ਕਿ ਅਸੀਂ ਸਨਮਾਨ ਸਹਿਤ ਅਦਾਲਤ ਦੇ ਨਿਰਨੇ ਨਾਲ ਅਸਹਿਮਤੀ ਪ੍ਰਗਟਾਉਂਦੇ ਹਾਂ। ਸਾਰੇ ਮੰਗੇ ਗਏ ਦਸਤਾਵੇਜ਼ ਮਹੀਨਾ ਪਹਿਲਾਂ ਅਟਾਰਨੀ ਜਨਰਲ ਨੂੰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਫ਼ੈਸਲੇ ਨੂੰ ਚੁਣੌਤੀ ਦੇਵਾਂਗੇ।

# ਲਿਬਨਾਨ ਵਿੱਚ ਪਰਵਾਸੀਆਂ ਨੂੰ ਲਿਜਾ ਰਹੀ ਕਿਸ਼ਤੀ ਡੁੱਬੀ

## * ਕਿਸ਼ਤੀ ਵਿੱਚ ਘੱਟੋ-ਘੱਟ 56 ਵਿਅਕਤੀ ਸਵਾਰ



ਬੈਰੂਤ, 28 ਅਪ੍ਰੈਲ (ਪੋਸਟ ਬਿਊਰੋ)- ਲਿਬਨਾਨ ਦੀ ਫੌਜ ਨੇ ਪਰਸੋਂ ਰਾਤ ਡੁੱਬੀ ਕਿਸ਼ਤੀ ਵਿੱਚ ਸਵਾਰ ਅੱਠ ਪਰਵਾਸੀ ਲੋਕਾਂ ਦੀਆਂ ਲਾਸ਼ਾਂ ਕੱਲ੍ਹ ਬਰਾਮਦ ਕੀਤੀਆਂ ਹਨ। ਕਿਸ਼ਤੀ ਵਿੱਚ ਘੱਟੋ-ਘੱਟ 56 ਵਿਅਕਤੀ ਸਵਾਰ ਸਨ। ਇਸ ਦੇ ਨਾਲ ਮ੍ਰਿਤਕਾਂ ਦੀ ਗਿਣਤੀ ਵੱਧ ਕੇ ਨੌਂ ਹੋ ਗਈ ਅਤੇ ਹੋਰ ਵਧ ਸਕਦੀ ਹੈ।

ਤ੍ਰਿਪੋਲੀ ਸ਼ਹਿਰ ਦੇ ਤੱਟੀ ਖੇਤਰ ਵਿੱਚ ਇੱਕ ਛੋਟੇ ਦੀਪ ਕੋਲੋਂ ਅੱਠ ਲਾਸ਼ਾਂ ਮਿਲੀਆਂ ਹਨ। ਲਿਬਨਾਨ ਦੀ ਫੌਜ ਨੇ ਪਹਿਲਾਂ ਕਿਹਾ ਸੀ ਕਿ 47 ਲੋਕਾਂ ਨੂੰ ਬਚਾਇਆ ਗਿਆ ਹੈ ਅਤੇ ਇੱਕ ਲੜਕੀ ਦੀ ਲਾਸ਼ ਮਿਲੀ ਹੈ। ਫੌਜ ਨੇ ਦੱਸਿਆ ਕਿ ਉਚੀਆਂ ਲਹਿਰਾਂ ਉਠਣ ਕਰ ਕੇ ਕਿਸ਼ਤੀ ਡੁੱਬ ਗਈ ਤੇ ਇਸ ਵਿੱਚ ਸਮਰੱਥਾ ਤੋਂ ਵੱਧ ਲੋਕ ਸਨ। ਬਚਾਏ ਗਏ ਲੋਕਾਂ ਦਾ ਮੌਕੇ ਉਤੇ ਇਲਾਜ ਕੀਤਾ ਗਿਆ, ਕੁਝ ਲੋਕਾਂ ਨੂੰ ਨੇੜਲੇ ਹਸਪਤਾਲਾਂ ਵਿੱਚ ਲਿਜਾਇਆ ਗਿਆ। ਪਰਵਾਸੀਆਂ ਦੀ ਤਸਕਰੀ ਕਰਨ ਦੇ ਸ਼ੱਕ ਹੇਠ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਯੂਰਪ ਵੱਲ ਜਾਂਦੀ ਇਹ ਕਿਸ਼ਤੀ ਲਿਬਨਾਨ ਦੇ ਤੱਟੀ ਕਲਾਮੂਨ ਸ਼ਹਿਰ ਤੋਂ ਰਵਾਨਾ ਹੋਣ ਤੋਂ ਤੁਰੰਤ ਬਾਅਦ ਡੁੱਬ ਗਈ। ਇਸ ਮਗਰੋਂ ਸ਼ਨੀਵਾਰ ਰਾਤ ਨੂੰ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਕਈ ਸਾਲਾਂ ਤਕ ਲਿਬਨਾਨ ਸ਼ਰਨਾਰਥੀਆਂ ਨੂੰ ਸ਼ਰਨ ਦਿੰਦਾ ਰਿਹਾ ਹੈ, ਪਰ ਅਕਤੂਬਰ 2019 ਵਿੱਚ ਦੇਸ਼ ਵਿੱਚ ਆਰਥਿਕ ਮੰਦੀ ਸ਼ੁਰੂ ਹੋਣ ਪਿੱਛੋਂ ਸੈਂਕੜੇ ਲੋਕ ਕਿਸ਼ਤੀਆਂ ਵਿੱਚ ਯੂਰਪੀ ਦੇਸ਼ਾਂ ਨੂੰਜਾ ਰਹੇ ਹਨ, ਪਿਛਲੇ ਤਿੰਨ ਸਾਲ ਤੋਂ ਵੱਧ ਸਮੇਂ ਵਿੱਚ ਕਈ ਵਿਅਕਤੀ ਯੂਰਪ ਜਾਂਦੇ ਹੋਏ ਆਪਣੀਆਂ ਜ਼ਿੰਦਗੀਆਂ ਗੁਆ ਚੁੱਕੇ ਹਨ।

# ਬਰੈਂਪਟਨ-ਵਾਸੀਆਂ ਦੀਆਂ ਮੰਗਾਂ ਮੰਤਰੀ ਕਮਲ ਖਹਿਰਾ ਨਾਲ ਕੀਤੀਆਂ ਸਾਂਝੀਆਂ

ਬਰੈਂਪਟਨ, (ਡਾ. ਝੰਡ) - ਬੀਤੇ ਦਿਨੀਂ ਕੈਪਟਨ ਇਕਬਾਲ ਸਿੰਘ ਵਿਰਕ ਅਤੇ ਸਾਬਕਾ ਇੰਜੀਨੀਅਰ ਡੀ.ਐੱਸ. ਕੰਬੋਜ ਵੱਲੋਂ ਸੀਨੀਅਰਜ਼ ਦੇ ਮਾਮਲਿਆਂ ਬਾਰੇ ਮੰਤਰੀ ਕਮਲ ਖਹਿਰਾ ਨੂੰ ਉਨ੍ਹਾਂ ਦੇ ਬਰੈਂਪਟਨ ਵਾਲੇ ਦਫ਼ਤਰ ਵਿਚ ਮਿਲ ਕੇ ਬਰੈਂਪਟਨ-ਵਾਸੀਆਂ ਦੀਆਂ ਮੰਗਾਂ ਲਿਖਤ ਰੂਪ ਵਿਚ ਪੇਸ਼ ਕੀਤੀਆਂ ਗਈਆਂ ਅਤੇ ਇਨ੍ਹਾਂ ਬਾਰੇ ਉਨ੍ਹਾਂ ਨਾਲ ਲੰਮਾਂ ਵਿਚਾਰ-ਵਟਾਂਦਰਾ ਕੀਤਾ ਗਿਆ। ਮੰਤਰੀ ਕਮਲ ਖਹਿਰਾ ਨੇਂ ਇਹ ਮੰਗਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਇਨ੍ਹਾਂ ਬਾਰੇ ਅਗਲੇਰੀ ਕਾਰਵਾਈ ਕਰਦਿਆਂ ਹੋਇਆਂ ਇਹ ਵੱਖ-ਵੱਖ ਵਿਭਾਗਾਂ ਨੂੰ ਭੇਜਣ ਦਾ ਯਕੀਨ ਦਿਵਾਇਆ। ਇਹ ਮੰਗਾਂ ਫ਼ੈੱਡਰਲ, ਪ੍ਰੋਵਿੰਸ਼ੀਅਲ ਅਤੇ ਸਥਾਨਕ ਤਿੰਨੇ ਪੱਧਰ ਦੀਆਂ ਸਨ ਅਤੇ ਇਨ੍ਹਾਂ ਬਾਰੇ ਗੱਲਬਾਤ ਲੱਗਭੱਗ ਇਕ ਘੰਟਾ ਚੱਲਦੀ ਰਹੀ।

ਪਹਿਲੀ ਮੰਗ ਟੋਰਾਂਟੋ ਤੋਂ ਅੰਮ੍ਰਿਤਸਰ ਲਈ ਸਿੱਧੀ ਉਡਾਨ ਸ਼ੁਰੂ ਕਰਨ ਬਾਰੇ ਸੀ, ਕਿਉਂਕਿ ਅੰਮ੍ਰਿਤਸਰ ਜਾਣ ਅਤੇ ਉੱਥੋਂ ਆਉਣ ਸਮੇਂ ਯਾਤਰੀਆਂ ਨੂੰ ਦਿੱਲੀ ਹਵਾਈ ਅੱਡੇ 'ਤੇ ਬੜੀ ਖੱਜਲ-ਖ਼ੁਆਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਬਾਰੇ ਮੰਤਰੀ ਖਹਿਰਾ ਨੂੰ ਇਹ ਸੁਝਾਅ ਦਿੱਤਾ ਗਿਆ ਕਿ ਜੇਕਰ ਇਹ ਸਿੱਧੀ ਉਡਾਣ ਅਜੇ ਜਲਦੀ ਸੰਭਵ ਨਹੀਂ ਤਾਂ ਫ਼ਿਲਹਾਲ ਅੰਮ੍ਰਿਤਸਰ ਤੋਂ ਏਅਰ ਇੰਡੀਆ ਦੀ ਹੀਥਰੋ ਜਾਂ ਬਰਮਿੰਘਮ ਦੀ ਉਡਾਣ ਨੂੰ ਟੋਰਾਂਟੋ ਦੀ ਉਡਾਣ ਨਾਲ ਜੋੜਨ ਲਈ

## ਮੰਤਰੀ ਵੱਲੋਂ ਅਗਲੇਰੀ ਕਾਰਵਾਈ ਲਈ ਦਿੱਤਾ ਗਿਆ ਭਰੋਸਾ

ਕੋਸ਼ਿਸ਼ ਕੀਤੀ ਜਾਵੇ। ਅਗਲੀ ਮੰਗ ਅਫ਼ਗਾਨਿਸਤਾਨ ਤੋਂ ਹਿੰਦੂ ਅਤੇ ਸਿੱਖ ਸ਼ਰਨਾਰਥੀ ਜਿਨ੍ਹਾਂ ਦੀ ਗਿਣਤੀ ਇਸ ਸਮੇਂ ਕੇਵਲ 1500 ਦੇ ਕਰੀਬ ਰਹਿ ਗਈ ਹੈ, ਨੂੰ ਕੈਨੇਡਾ ਲਿਆਉਣ ਬਾਰੇ ਸੀ ਜਿਸ ਨੂੰ ਮੰਤਰੀ ਅੱਗੇ ਪੇਸ਼ ਕਰਦਿਆਂ ਹੋਇਆਂ ਕੈਨੇਡਾ ਵੱਲੋਂ ਪਿਛਲੇ ਸਮੇਂ ਵਿਚ 30,000 ਦੇ ਲੱਗਭੱਗ ਨਾਈਜੀਰੀਅਨ ਸ਼ਰਨਾਰਥੀ ਲਿਆਉਣ ਦੀ ਉਦਾਹਰਣ ਦਿੱਤੀ ਗਈ। ਹੋਰ ਮੰਗਾਂ ਵਿਚ ਬਰੈਂਪਟਨ ਵਿਚ ਯੂਨੀਵਰਸਿਟੀ ਬਨਾਉਣ ਦੀ ਚਿਰੋਕਣੀ ਮੰਗ ਅਤੇ ਇੱਥੇ ਮੈਡੀਕਲ ਕਾਲਜ ਤੇ ਘੱਟ-ਘੱਟ ਇਕ ਹੋਰ ਹਸਪਤਾਲ ਬਣਾਉਣ ਬਾਰੇ ਸੀ, ਕਿਉਂਕਿ ਬਰੈਂਪਟਨ ਵਿਚ ਵਸੋਂ ਦੇ ਲਗਾਤਾਰ ਵਾਧੇ ਨਾਲ ਇਸ ਦਾ ਇਕਲੌਤਾ ਬਰੈਂਪਟਨ ਸਿਵਿਕ ਹਸਪਤਾਲ ਮਰੀਜ਼ਾਂ ਦੇ ਇਲਾਜ ਲਈ ਅਸਮਰੱਥ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਮਿਸੀਸਾਗਾ ਅਤੇ ਹੋਰ ਸ਼ਹਿਰਾਂ ਦੇ ਹਸਪਤਾਲਾਂ ਵਿਚ ਜਾਣਾ ਪੈਂਦਾ ਹੈ। ਅਗਲੀ ਸਥਾਨਕ ਮੰਗ ਵਿਚ 'ਪੈਰਟੀ ਫ਼ੋਰ ਜ਼ੈਨਿੰਗਜ਼ ਪਾਰਕ ਨੰਬਰ 49' ਵਿਚ ਬੈਠਣ ਲਈ ਇਕ ਹੋਰ ਸ਼ੈਡ ਬਣਾਉਣ ਦਾ ਜ਼ਿਕਰ ਸੀ, ਕਿਉਂਕਿ ਇੱਥੇ ਇਸ ਸਮੇਂ ਮੌਜੂਦ ਇਕ ਹੀ ਸ਼ੈੱਡ ਵਿਚ ਜੇਕਰ ਪੁਰਸ਼ ਪਹਿਲਾਂ ਬੈਠੇ ਹੋਣ ਤਾਂ ਔਰਤਾਂ ਦੇ ਬੈਠਣ ਲਈ ਜਗ੍ਹਾ ਨਹੀਂ ਹੁੰਦੀ।



ਗਰਮੀਆਂ ਵਿਚ ਸ਼ਾਮ ਨੂੰ ਪਾਰਕ ਵਿਚ ਔਰਤਾਂ ਤੇ ਮਰਦਾਂ ਦੀ ਗਿਣਤੀ 100 ਤੋਂ ਵੀ ਵਧੀਕ ਹੋ ਜਾਂਦੀ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਸ਼ੈੱਡ ਬਣਾਉਣ ਸਮੇਂ ਪਹਿਲਾਂ ਮੌਜੂਦ ਸ਼ੈੱਡ ਨੂੰ ਤੋੜ ਦਿੱਤਾ ਗਿਆ ਸੀ, ਜਦਕਿ ਸਥਾਨਿਕ-ਕਮਿਊਨਿਟੀ ਦੀ ਜ਼ਰੂਰਤ ਦੋ ਸ਼ੈੱਡਾਂ ਦੀ ਸੀ।

ਮੰਤਰੀ ਖਹਿਰਾ ਨਾਲ ਅਗਲਾ ਮੁੱਦਾ ਬੇਸਹਾਰਾ ਮਰਦ ਤੇ ਔਰਤਾਂ ਲਈ ਨਰਸਿੰਗ-ਹੋਮ ਬਣਾਉਣ ਬਾਰੇ ਉਠਾਇਆ ਗਿਆ। ਬਰੈਂਪਟਨ ਵਿਚ ਇਸ ਸਮੇਂ ਏਸ਼ੀਆਈ ਕਮਿਊਨਿਟੀ ਲਈ ਕੋਈ ਨਰਸਿੰਗ-ਹੋਮ ਨਹੀਂ ਹੈ ਅਤੇ ਮੌਜੂਦਾ ਸਮੇਂ ਵਿਚ ਇਸ ਦੀ ਸਖ਼ਤ ਲੋੜ ਮਹਿਸੂਸ ਹੋ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਬਰੈਂਪਟਨ ਵਿਚ ਬੇਸਹਾਰਾ ਬਜ਼ੁਰਗ ਔਰਤਾਂ ਤੇ ਮਰਦਾਂ ਲਈ ਦੋ ਨਰਸਿੰਗ-ਹੋਮ ਮਨਜ਼ੂਰ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਬਨਾਉਣ ਲਈ ਫ਼ੈੱਡਰਲ ਸਰਕਾਰ ਵੱਲੋਂ ਵਿੱਤੀ-ਸਹਾਇਤਾ ਦੀ ਜ਼ਰੂਰਤ ਹੈ। ਇਨ੍ਹਾਂ ਦੇ ਵਿਚ ਰਹਿਣ ਵਾਲਿਆਂ ਦੀ ਪੈਂਨਸ਼ਨ ਦਾ ਕੁਝ ਹਿੱਸਾ ਨਹੀਂ ਕੱਟਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਲੱਗਦਾ ਹੀ ਇਕ ਹੋਰ ਮੁੱਦਾ ਸੀਨੀਅਰਜ਼ ਦੇ ਲਈ ਸਸਤੇ ਮਕਾਨ ਬਣਾਉਣ ਦੀ ਵਿਵਸਥਾ ਕਰਨ ਬਾਰੇ ਸੀ।

ਮੰਤਰੀ ਜੀ ਨੂੰ ਇਹ ਸੁਝਾਅ ਵੀ ਦਿੱਤਾ ਗਿਆ ਕਿ ਜੇਕਰ ਸੀਨੀਅਰਾਂ ਨੂੰ ਬੀਮਾਰੀ, ਐਕਸੀਡੈਂਟ ਜਾਂ ਕਿਸੇ ਹੋਰ ਜ਼ਰੂਰੀ ਕਾਰਨ 180 ਦਿਨਾਂ ਤੋਂ ਵੱਧ ਕੈਨੇਡਾ ਤੋਂ ਬਾਹਰ ਰਹਿਣਾ ਪੈ ਜਾਂਦਾ ਹੈ ਤਾਂ ਉਨ੍ਹਾਂ ਦੀ ਬੁਢਾਪਾ ਪੈਂਨਸ਼ਨ ਬੰਦ ਨਹੀਂ ਹੋਣੀ ਚਾਹੀਦੀ।

ਕਮਿਊਨਿਟੀ ਨਾਲ ਸਬੰਧਿਤ ਅਗਲਾ ਮਸਲਾ ਦੂਸਰਿਆਂ ਦੇਸ਼ਾਂ ਵਿਚ ਵਿਆਹ ਕਰਵਾ ਕੇ ਕੈਨੇਡਾ ਆਉਣ ਵਾਲੇ ਜੋੜਿਆਂ ਬਾਰੇ ਉਠਾਇਆ ਗਿਆ ਜਿਨ੍ਹਾਂ ਵਿੱਚੋਂ ਕਈ ਵਾਰ ਇਕ ਸਾਥੀ ਏਅਰਪੋਰਟ ਤੋਂ ਉੱਤਰਦਿਆਂ ਹੀ ਰਫ਼ੂ-ਚੱਕਰ ਹੋ ਜਾਂਦਾ ਹੈ ਅਤੇ ਦੂਸਰਾ ਰੋਂਦਾ-ਕੁਰਲਾਉਂਦਾ ਰਹਿ ਜਾਂਦਾ ਹੈ। ਇਸ ਦੇ ਲਈ ਮੰਤਰੀ ਜੀ ਨੂੰ ਸੁਝਾਅ ਦਿੱਤਾ ਗਿਆ ਕਿ ਪਹਿਲਾਂ ਵਾਂਗ ਨਵੇਂ ਜੋੜੇ ਦੇ ਸਾਥੀ ਨੂੰ ਘੱਟੋ-ਘੱਟ ਦੋ ਸਾਲ ਪੀ.ਆਰ. ਨਾ ਦਿੱਤੀ ਜਾਵੇ। ਏਸੇ ਤਰ੍ਹਾਂ, ਤਲਾਕ ਲੈਣ ਤੋਂ ਬਾਅਦ ਜੇਕਰ ਕੋਈ ਸ਼ਾਦੀ ਕਰਨਾ ਚਾਹੁੰਦਾ ਹੈ ਤਾਂ ਬੇਸ਼ਕ ਕਰ ਲਵੇ ਪਰ ਉਹ ਪੰਜ ਸਾਲ ਤੀਕ ਕਿਸੇ ਹੋਰ ਨੂੰ ਸਪਾਂਸਰ ਨਾ ਕਰ ਸਕੇ। ਇਸ ਤਰ੍ਹਾਂ ਨਵੇਂ ਜੋੜਿਆਂ ਦੇ ਅਜਿਹੇ ਕੇਸ ਆਪਣੇ ਆਪ ਘੱਟ ਜਾਣਗੇ।

ਇੱਥੇ ਇਹ ਜ਼ਿਕਰਯੋਗ ਹੈ ਕਿ ਕੈਪਟਨ ਵਿਰਕ ਸਮੇਂ-ਸਮੇਂ ਕਮਿਊਨਿਟੀ ਦੇ ਮਸਲੇ ਕੈਨੇਡਾ ਦੇ ਵੱਖ-ਵੱਖ ਪੱਧਰ ਦੇ ਰਾਜਨੀਤਕ ਨਾਲ ਸਾਂਝੇ ਕਰਦੇ ਰਹਿੰਦੇ ਹਨ। ਉਨ੍ਹਾਂ ਨੇ ਭਾਰਤੀ ਫ਼ੌਜ ਦੇ ਸੇਵਾ-ਮੁਕਤ ਫ਼ੌਜੀਆਂ ਨੂੰ ਉਨ੍ਹਾਂ ਦੇ ਨਾਲ ਫ਼ੋਨ 647-631-9445 'ਤੇ ਸੰਪਰਕ ਕਰਨ ਲਈ ਬੇਨਤੀ ਕੀਤੀ ਹੈ ਤਾਂ ਜੋ ਫ਼ੌਜੀ ਵੀਰਾਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਬਾਰੇ ਮਿਲ ਕੇ ਵਿਚਾਰਿਆ ਜਾ ਸਕੇ।

# ਹਰਦੀਪ ਗਰੇਵਾਲ ਵੱਲੋਂ ਚੋਣ ਦਫ਼ਤਰ ਦਾ ਉਦਘਾਟਨ ਇਸ ਸ਼ਨਿੱਚਰਵਾਰ ਨੂੰ

...ਪੰਨਾ 1 ਦਾ ਬਾਕੀ

ਹਰਦੀਪ ਗਰੇਵਾਲ, ਜੋ ਇਸ ਸਮੇਂ ਰੀਅਲ ਅਸਟੇਟ ਦੇ ਵਿਚ ਇਕ ਕਾਮਯਾਬ ਬ੍ਰੋਕਰ ਹੈ ਅਤੇ ਲੰਮੇ ਸਮੇਂ ਤੋਂ ਸਿਆਸਤ ਅਤੇ ਭਾਈਚਾਰੇ ਦੇ ਕੰਮਾਂ ਦੇ ਨਾਲ ਜੁੜਿਆ ਹੋਇਆ ਹੈ। ਉਹ ਅਠਾਰ੍ਹਾਂ ਸਾਲ ਦੀ ਉਮਰ ਵਿਚ ਈਟੋਬਿਕੋਕ ਨਾਰਥ ਰਾਈਡਿੰਗ, ਜਿਥੋਂ ਇਸ ਸਮੇਂ ਪ੍ਰੀਮੀਅਰ ਡੱਗ ਫੋਰਡ ਚੁਣੇ ਗਏ ਹਨ, ਦੀ ਰਾਈਡਿੰਗ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ ਸੀ ਅਤੇ ਉਸ ਤੋਂ ਬਾਅਦ ਪਾਰਟੀ ਦੇ ਵੱਖ-ਵੱਖ ਅਹੁਦਿਆਂ ਉਤੇ ਕੰਮ ਕਰਦਾ ਆ ਰਿਹਾ ਹੈ। ਇਸ ਵਾਰ ਪੀਸੀ ਪਾਰਟੀ ਵਲੋਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਬਰੈਂਪਟਨ ਈਸਟ ਤੋਂ ਅਪਾਂਇੰਟ ਕੀਤਾ ਗਿਆ ਹੈ।

ਹਰਦੀਪ ਗਰੇਵਾਲ ਨੇ ਦੱਸਿਆ ਕਿ ਉਹ ਬੀਤੇ ਦਿਨਾਂ ਵਿੱਚ ਇਕ ਵਾਰੀ ਬਰੈਂਪਟਨ ਈਸਟ ਹਲਕੇ ਦੇ ਹਰ ਇੱਕ ਡੋਰ ਨੂੰ ਨੌਕ ਕਰ ਚੁੱਕਿਆ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ




ਦੀ ਟੀਮ ਘੱਟੋ ਘੱਟ ਦੋ ਵਾਰ ਹੋਰ ਬਰੈਪਟਨ ਈਸਟ ਦੇ ਹਰ ਡੋਰ ਤਕ ਪਹੁੰਚ ਕਰਨ ਦੀ ਕੋਸ਼ਿਸ਼ ਕਰੇਗੀ। ਇਸ ਕੈਂਪੇਨ ਆਫਿਸ ਦੀ ਓਪਨਿੰਗ ਦੀ ਜ਼ਿਆਦਾ ਜਾਣਕਾਰੀ ਲਈ ਤੁਸੀਂ ਉਨ੍ਹਾਂ ਨਾਲ 647-287-5654 ਉਤੇ ਸੰਪਰਕ ਕਰ ਸਕਦੇ ਹੋ।

## ਵੋਟ ਅਪੀਲ – ਸੱਤਾ ਸਿੰਘ (ਰੋਡੇ)

ਅਸੀਂ ਬਹੁਤ ਹੀ ਕਿਸਮਤ ਵਾਲੇ ਆਪਣੇ ਆਪ ਨੂੰ ਕਹਿ ਸਕਦੇ ਹਾਂ ਕਿ ਸਾਨੂੰ ਸਭ ਨੂੰ ਇਕ ਬਰਾਬਰਤਾ ਦਾ ਅਧਿਕਾਰ ਮਿਲਿਆ ਹੈ। ਬਹੁਤ ਦੇਸ਼ਾਂ ਵਿਚ ਬਹੁਤ ਸਾਰੇ ਅਜੇ ਵੀ ਅਜਿਹੇ ਲੋਕ ਹਨ, ਜੋ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਇਸ ਲਈ ਨਹੀਂ ਕਰਦੇ ਕਿ ਚਲੋ ਅਸੀਂ ਕੀ ਲੈਣਾ ਹੈ। ਇਹ ਤਾਂ ਇਕ ਸਿਆਸਤੀ ਕਾਰ ਵਿਹਾਰ ਹੈ। ਨਹੀਂ ਮੇਰੇ ਵੀਰੋ ਇਹ ਇਕ ਸਿਆਸਤੀ ਕਾਰ ਵਿਹਾਰ ਨਹੀਂ ਤੁਸੀਂ ਬਹੁਤ ਭੁੱਲ ਕਰ ਰਹੇ ਹੋ। ਪਿਛਲਾ ਇਤਿਹਾਸ ਤੇ ਚੱਲ ਰਿਹਾ ਸਮਾਂ ਧਿਆਨ ਨਾਲ ਸੋਚ ਵਿਚ ਲਿਆਉਣਾ ਸ਼ੁਰੂ ਕਰੋ। ਬਾਬਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਖੋਜ ਕਰਕੇ ਦੇਖੋ, ਉਹ ਵੀ ਕਹਿੰਦੇ ਹਨ ਕਿ ਰੱਬ ਜਿਉਂਦੇ ਜਾਗਦੇ ਲੋਕਾਂ ਵਿਚ ਵਸਦਾ ਹੈ। ਕਿਉਕਿ ਲੋਕਾਈ ਦੀ ਸੇਵਾ ਹੀ ਰੱਬ ਦੀ ਸੇਵਾ ਹੈ। ਸਾਡੇ ਭਾਰਤ ਦੇਸ਼ ਦੀ ਤਾਂ ਇਕ ਬਹੁਤ ਵੱਡੀ ਉਦਾਹਰਣ ਹੈ, ਜਿਸ ਦੇਸ਼ ਵਿਚ ਇਕ ਹੀ ਰਾਜ ਕਰਨ ਵਾਲੇ ਰਾਜੇ ਨੇ ਲੋਕਾਈ ਦਾ ਘਾਣ ਕਰ ਦਿੱਤਾ ਕਿ ਉਸ ਨੂੰ ਬਦਲਣ ਵਾਲਾ ਹੀ ਕੋਈ ਨਹੀ ਸੀ। ਇਸ ਵਿਚ ਵੀ ਸਿੱਖ ਗੁਰੂ ਸਾਹਿਬਾਨਾਂ ਦਾ ਬਹੁਤ ਵੱਡਾ ਪਰਉਪਕਾਰ ਯੋਗਦਾਨ ਹੈ, ਜਿਸ ਨੇ ਸਭ ਲੋਕਾਂ ਨੂੰ ਆਪਣਾ ਅਧਿਕਾਰ ਦਿਵਾਇਆ। ਇਹ ਵੋਟਾਂ ਦਾ ਹੀ ਬਹੁਤ ਵੱਡਾ ਕਾਰਨ ਹੈ ਕਿ ਜਿਸ ਵਿਚ ਜੇ ਕੋਈ ਰਾਜ ਅਧਿਕਾਰੀ ਆਪਣੇ ਫਰਜ਼ ਨੂੰ ਪੂਰਾ ਨਹੀ ਨਿਭਾਉਦਾ, ਉਸ ਨੂੰ ਲੋਕਾਂ ਦੀ ਵੋਟ ਦੀ ਤਾਕਤ ਹੀ ਰਾਜ ਤੋਂ ਪਰੇ ਕਰ ਦਿੰਦੀ ਹੈ। ਮੇਰੇ ਵੀਰੋ ਹਰ ਇਕ ਨੂੰ ਆਪਣੀ ਵੋਟ ਦੀ ਜਰੂਰ ਵਰਤੋਂ ਕਰਨੀ ਚਾਹੀਦੀ ਹੈ ਤੇ ਆਪਣੀ ਕੀਮਤੀ ਵੋਟ ਉਸ ਆਦਮੀ ਨੂੰ ਪਾਉਣੀ ਚਾਹੀਦੀ ਹੈ, ਜੋ ਲੋਕਾਈ ਦੀ ਭਲਾਈ ਲਈ ਤਤਪਰ ਰਹਿਣ ਵਾਲਾ ਹੈ। ਇਸ ਸੱਚੇ ਸੁੱਚੇ ਲੋਕਾਈ ਦੇ ਭਲੇ ਦੀ ਸੋਚਣ ਵਾਲੇ ਨੂੰ ਹੀ ਅਸੀ ਸਹੀ ਸੰਤ, ਗਿਆਨੀ ਜਾਂ ਸਾਡਾ ਧਾਰਮਿਕ ਆਗੂ ਕਹਿ ਸਕਦੇ ਹਾਂ।

ਅੱਜ ਦਾ ਹਰ ਇਕ ਵਿਅਕਤੀ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਇਹ ਸਮਝ ਰੱਖ ਰਿਹਾ ਹੈ ਕਿ ਕੋਈ ਵੀ ਲੋਕਾਈ ਦੀ ਸੇਵਾ ਕਰਨ ਵਾਲਾ ਵਿਅਕਤੀ, ਭਾਵੇਂ ਉਹ ਪੁਰਸ਼ ਹੈ ਜਾਂ ਇਸਤਰੀ ਹੈ, ਸਭ ਸਤਿਕਾਰਯੋਗ ਹਨ। ਜਿਨ੍ਹਾਂ ਨੇ ਇਹ ਬਹੁਤ ਵੱਡਾ ਫੈਸਲਾ ਕੀਤਾ ਹੈ ਕਿ ਮੈਂ ਲੋਕਾਈ ਦੀ ਸੇਵਾ ਕਰਾਂ। ਲੋਕਾਈ ਦੀ ਸੇਵਾ ਕਰਨ ਲੱਗਿਆਂ ਆਪਣੇ ਆਪ ਵਿਚ ਕੋਈ ਅਜਿਹਾ ਲਾਲਚ ਨਾ ਹੋਵੇ ਕਿ ਮੈ ਮਾਇਆ ਵਿਚ ਬਹੁਤ ਅਮੀਰ ਹੋ ਜਾਵਾਂ। ਮਾਇਆ ਤੋ ਬਿਨਾਂ ਕੋਈ ਕੰਮ ਕਾਜ ਨਹੀ ਹੋ ਸਕਦਾ। ਮਾਇਆ ਨੂੰ ਕਿਸੇ ਨੂੰ ਕੋਈ ਰੋਕ ਨਹੀ ਹੈ। ਉਹ ਮਾਇਆ ਹੋਵੇ, ਜੋ ਤੁਹਾਨੂੰ ਹਮੇਸ਼ਾ ਖੁਸ਼ੀ ਵਿਚ ਰੱਖੇ। ਅਸੀਂ ਸਾਰੇ ਆਪ ਸਭ ਹੀ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ

ਸ: ਹਰਦੀਪ ਸਿੰਘ ਗਰੇਵਾਲ ਜੀ ਬਹੁਤ ਹੀ ਸਿਆਣਾ ਤੇ ਸੁਲਝਿਆ ਹੋਇਆ ਨੌਜਵਾਨ ਹੈ, ਜੋ ਕਿ ਆਪਣੇ ਦਿਲੋਂ ਬਰੈਂਪਟਨ ਨਿਵਾਸੀਆਂ ਦੀ ਸੇਵਾ ਕਰਨਾ ਚਾਹੁੰਦਾ ਹੈ। ਇਨ੍ਹਾਂ ਦੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਗਰੇਵਾਲ ਸਾਹਿਬ ਜੀ, ਜੋ ਕਿ ਇਕ ਅਣਥੱਕ ਵਿਅਕਤੀ ਹਨ, ਜਿਨ੍ਹਾਂ ਨੂੰ ਆਪਾਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਵੇਖੋ ਪੰਜਾਬੀ ਮਾਂ ਬੋਲੀ ਦਾ ਅਖ਼ਬਾਰ, ਜੋ ਹਰ ਇਕ ਦੇ ਘਰ-ਘਰ ਵਿਚ ਸਾਰੀ ਜਾਣਕਾਰੀ ਦੇਣ ਦੀ ਸੇਵਾ ਇੰਨੇ ਲੰਬੇ ਸਮੇ ਤੋਂ ਨਿਭਾ ਰਿਹਾ ਹੈ। ਵੀਰੋ ਕਹਿ ਦੇਣਾ ਬਹੁਤ ਆਸਾਨ ਹੁੰਦਾ ਹੈ, ਪਰ ਜਦੋਂ ਉਹ ਕਰਨਾ ਹੋਵੇ, ਉਥੇ ਹਰ ਇਕ ਨਹੀ ਪਹੁੰਚ ਸਕਦਾ। ਅਸੀਂ ਸਾਰੇ ਇਸ ਪਰਿਵਾਰ ਦਾ ਅਤਿ ਧੰਨਵਾਦ ਕਰਦੇ ਹਾਂ, ਜੋ ਇੰਨੀ ਲੋਕਾਈ ਦੀ ਸੇਵਾ ਭਾਵਨਾ ਰੱਖਦਾ ਹੈ। ਇੰਝ ਹੀ ਆਪਣੇ ਪਿਤਾ ਜੀ ਦੀ ਸੇਵਾ ਲੋਕਾਈ ਨੂੰ ਅੱਗੇ ਤੋਰਦਾ ਹੋਇਆ ਇਨ੍ਹਾਂ ਦਾ ਇਹ ਹੋਣਹਾਰ ਪੁੱਤਰ ਲੋਕਾਈ ਦੀ ਸੇਵਾ ਲਈ ਅੱਗੇ ਆਇਆ ਹੈ। ਅਸੀਂ ਸਾਰੇ, ਜਿਸ ਇਲਾਕੇ ਵਿਚੋਂ ਇਹ ਨੌਜਵਾਨ ਹਰਦੀਪ ਸਿੰਘ ਗਰੇਵਾਲ ਚੋਣ ਜੀ ਚੋਣ ਲੜ ਰਿਹਾ ਹੈ, ਨੂੰ ਆਪਣੀ ਕੀਮਤੀ ਵੋਟ ਪਾ ਕੇ ਇਨ੍ਹਾਂ ਨੂੰ ਜਿਤਾਓ, ਕਾਮਯਾਬ ਕਰੋ। ਇਹ ਪਰਿਵਾਰ ਲੋਕਾਈ ਦੀ ਸੇਵਾ ਕਰਨ ਵਾਲਾ ਹੈ। ਸਾਨੂੰ ਪੂਰੀ ਉਮੀਦ ਹੈ ਕਿ ਇਹ ਨੌਜਵਾਨ ਹਰਦੀਪ ਸਿੰਘ ਗਰੇਵਾਲ ਆਪਣੀ ਸਾਰਿਆਂ ਦੀ ਆਵਾਜ਼ ਪਾਰਲੀਮੈਂਟ ਵਿਚ ਪਹੁੰਚਾਏਗਾ ਤੇ ਸਭ ਦਾ ਭਲਾ ਹੋਵੇਗਾ। ਗੁਰੂ ਸਾਹਿਬ ਜੀ ਦਾ ਵੀ ਤਾਂ ਇਹ ਸਭ ਨੂੰ ਸੰਦੇਸ਼ ਹੈ ਕਿ ਕਰ ਭਲਾ, ਹੋ ਭਲਾ, ਅੰਤ ਭਲੇ ਦਾ ਭਲਾ। ਸਾਡੇ ਸਾਰਿਆਂ ਵਲੋਂ ਹਰਦੀਪ ਸਿੰਘ ਗਰੇਵਾਲ ਜੀਆਂ ਲਈ ਰੱਬ ਜੀ ਅੱਗੇ ਅਰਦਾਸ, ਵਾਹਿਗੁਰੂ ਜੀ ਇਨ੍ਹਾਂ ਨੂੰ ਕਾਮਯਾਬੀ ਬਖਸ਼ੋ, ਸਿਹਤਾਂ ਨੂੰ ਤੰਦਰੁਸਤੀਆਂ ਬਖਸ਼ੋ, ਸਾਰੇ ਗਰੇਵਾਲ ਪਰਿਵਾਰ ਜੀ ਨੂੰ ਚੜ੍ਹਦੀ ਕਲਾ ਬਖਸ਼ੋ, ਸਤਿ ਸ਼੍ਰੀ ਅਕਾਲ।

-ਸੱਤਾ ਸਿੰਘ ਬਰਾੜ (ਰੋਡੇ) (416-821-5607)

# ਨਜਾਇਜ਼ ਮਾਈਨਿੰਗ ਵਿਰੁੱਧ ਕਾਰਵਾਈ: ਇੱਕੋ ਹਫ਼ਤੇ ਅੰਦਰ ਦੂਸਰਾ ਅਫ਼ਸਰ ਸਸਪੈਂਡ ਕੀਤਾ ਗਿਆ

ਚੰਡੀਗੜ੍ਹ, 28 ਅਪਰੈਲ, (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਨਜਾਇਜ਼ ਮਾਈਨਿੰਗ ਰੋਕਣ ਲਈ ਕਾਰਵਾਈ ਹੇਠ ਅੱਜ ਜਿਆਲੋਜਿਸਟ ਗਗਨ ਨੂੰ ਸਸਪੈਂਡ ਕਰ ਕੇ ਉਸ ਦਾ ਹੈੱਡਕੁਆਟਰ ਨਿਗਰਾਨ ਇੰਜੀਨੀਅਰ ਦਫਤਰ ਪਟਿਆਲਾ ਮਿਥ ਦਿੱਤਾ ਹੈ।

ਜਾਣਕਾਰ ਸੂਤਰਾਂ ਅਨੁਸਾਰ ਸਸਪੈਂਡ ਕੀਤਾ ਮਾਈਨਿੰਗ ਅਫ਼ਸਰ ਗਗਨ ਪਿਛਲੀ ਕਾਂਗਰਸਸਰਕਾਰ ਦੇ ਇੱਕ ਮੰਤਰੀ ਦਾ ਕਰੀਬੀ ਸੀ ਤੇ ਉਸ ਦੀ ਮੁੱਖ ਮੰਤਰੀ ਦਫ਼ਤਰ ਤੱਕ ਪਹੁੰਚ ਸੀ।ਸਰਕਾਰ ਬਦਲਣ ਪਿੱਛੋਂ ਵੀ ਇਸ ਦੇ ਦਾਬੇਦੀ ਗੱਲ ਨਵੀਂ ਸਰਕਾਰ ਤੱਕ ਗਈ ਤਾਂ ਸਰਕਾਰ ਨੇ ਸਸਪੈਂਡ ਕਰ ਦਿੱਤਾ।

ਮਾਈਨਿੰਗ ਵਿਭਾਗ ਦੇ ਮੰਤਰੀ ਹਰਜੋਤ ਬੈਂਸ ਦੇ ਹੁਕਮਾਂ ਉੱਤੇ ਰੇਤ ਦੀਆਂਨਾਜਾਇਜ਼ ਖੱਡਾਂ ਦੀ ਜਾਂਚ ਵਿੱਚ ਕਈ ਅਧਿਕਾਰੀ ਤੇ ਆਗੂ ਫਸ ਸਕਦੇ ਹਨ। ਸਰਕਾਰ ਨੂੰ ਸ਼ੱਕ ਹੈ ਕਿ ਦਰਿਆ ਵਿੱਚ ਬਿਨਾਂ ਮਨਜ਼ੂਰੀ ਤੋਂ ਮਾਈਨਿੰਗ ਚੱਲਦੀ ਹੈ, ਜਿਸ ਬਾਰੇ ਸਰਕਾਰ ਨੇ ਡਿਪਟੀ ਕਮਿਸ਼ਨਰਾਂ ਤੋਂ ਵੇਰਵੇ ਲਏ ਸਨ।

# ਸਿਨਸਿਨਾਟੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਅਰਜਨ ਦੇਵ ਜੀ ਦਾ ਗੁਰਪੂਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੁਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸ਼ਹੀਦਾਂ ਦੇ ਸਰਤਾਜ ਪੰਜਵੀ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਸਾਹਿਬ, ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 401ਵੇਂ ਪ੍ਰਕਾਸ਼ ਗੁਰਪੁਰਬ ਅਤੇ 400 ਸਾਲਾ ਸ਼ਤਾਬਦੀ ਵਰ੍ਹੇ ਦੀ ਸੰਪੂਰਨਤਾ ਨੂੰ ਸਮਰਪਿਤ ਤਿੰਨ ਦਿਨਾਂ ਵਿਸ਼ੇਸ਼ ਕੀਰਤਨ ਸਮਾਗਮ ਕਰਵਾਏ ਗਏ। ਵੱਡੀ ਗਿਣਤੀ ਵਿੱਚ ਸੰਗਤਾਂ ਵਲੋਂ ਇਹ ਪੂਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਏ ਗਏ। ਇਹਨਾਂ ਤਿੰਨ ਦਿਨਾਂ ਕੀਰਤਨ ਸਮਾਗਮਾਂ ਲਈ ਪਹੁੰਚੇ ਸਿੱਖ ਪੰਥ ਦੇ ਮਹਾਨ ਕੀਰਤਨੀਏ ਭਾਈ ਰਵਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਬਚਿੱਤਰ ਸਿੰਘ ਜੀ ਦੇ ਜੱਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਕੀਰਤਨੀ ਜੱਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਨੇ ਵੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਗੁਰੂ ਸਾਹਿਬ ਜੀ ਦੇ ਜੀਵਨ ਤੇ ਇਤਿਹਾਸ ਬਾਰੇ





ਆਈ ਸੰਗਤ ਨੂੰ ਜਾਣਕਾਰੀ ਦਿੱਤੀ। ਭਾਈ ਰਵਿੰਦਰ ਸਿੰਘ ਜੀ ਦਾ ਕੀਰਤਨੀ ਜੱਥਾ ਪਹਿਲੀ ਵਾਰ ਓਹਾਇਓ ਵਿਖੇ ਕੀਰਤਨ ਦੀ ਸੇਵਾ ਲਈ ਪੁੱਜਾ ਸੀ। ਉਹਨਾ ਦੇ ਜੱਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ। ਇਹਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਨਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਇਸ ਦੌਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਤਿੰਨ ਦਿਨਾਂ ਲਈ ਚੱਲੇ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿਖੇ ਦਿਲ ਦੇ ਰੋਗਾਂ ਨਾਲ ਸੰਬੰਧਿਤ ਇਕ ਵਿਸ਼ੇਸ਼ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਸੰਗਤਾਂ ਦੇ ਈਕੇਜੀ, ਈਸੀਜੀ ਟੈਸਟ ਕੀਤੇ ਗਏ। ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰਾਂ ਨੇ ਮੈਡੀਕਲ ਜਾਂਚ ਕੀਤੀ ਅਤੇ ਹਰੇਕ ਵਿਅਕਤੀ ਨੂੰ ਜਾਂਚ ਰਿਪੋਰਟ ਵੀ ਦਿੱਤੀਆਂ ਗਈਆਂ।

# ਕੈਸਲਮੋਰ ਸੀਨੀਅਰਜ਼ ਕਲੱਬ ਅਤੇ ਰੌਕਗਾਰਡਨ ਵਲੰਟੀਅਰ ਐਸੋਸੀਏਸ਼ਨ ਦੀ ਮੀਟਿੰਗ 8 ਮਈ ਨੂੰ



ਕੈਸਲਮੋਰ ਸੀਨੀਅਰਜ਼ ਕਲੱਬ ਬਰੈਂਪਟਨ ਅਤੇ ਰੌਕ ਗਾਰਡਨ ਵਲੰਟੀਅਰਜ਼ ਐਸੋਸੀਏਸ਼ਨ ਦੀ ਜਨਰਲ ਬੌਡੀ ਦੀ ਮੀਟਿੰਗ ਗੋਰ ਮੀਡੋਜ ਕਮਿਉਨਿਟੀ ਸੈਂਟਰ, ਗੋਰ ਰੋਡ, ਵਿਖੇ ਹਾਲ ਨੰਬਰ 2 ਵਿਚ 8 ਮਈ ਦਿਨ ਐਤਵਾਰ ਨੂੰ ਸਵੇਰੇ 11 ਵਜੇ ਹੋ ਰਹੀ ਹੈ। ਸਾਰੇ ਕਲੱਬ ਮੈਂਬਰਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ ਅਤੇ ਨਵੇਂ ਚਾਹਵਾਨ ਮੈਂਬਰ ਵੀ ਸ਼ਾਮਲ ਹੋ ਸਕਦੇ ਹਨ। ਚਾਹ ਪਾਣੀ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਇਸ ਸਾਲ ਟੂਰਾਂ ਉਤੇ ਵੀ ਵਿਚਾਰ ਹੋਵੇਗਾ। ਹੋਰ ਜਾਣਕਾਰੀ ਲਈ ਪ੍ਰਧਾਨ ਗੁਰਮੇਲ ਸਿੰਘ ਸੱਗੂ ਨੂੰ 416-648-6706 ਅਤੇ ਕਸ਼ਮੀਰਾ ਸਿੰਘ ਦਿਓਲ ਸੈਕਟਰੀ ਨੂੰ 647-278-1422 ਉਤੇ ਸੰਪਰਕ ਕੀਤਾ ਜਾ ਸਕਦਾ ਹੈ।






# ਯੂ ਐੱਨ ਓ ਦੇ ਮੁਖੀ ਗੁਤਾਰੇਸ ਵੱਲੋਂ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ

## * ਯੂਕਰੇਨੀ ਲੋਕਾਂ ਦੀ ਨਿਕਾਸੀ ਬਾਰੇ ਸਹਿਮਤੀ ਬਣੀ

ਯੂ ਐੱਨ ਓ, 27 ਅਪਰੈਲ, (ਪੋਸਟ ਬਿਊਰੋ)- ਯੂਕਰੇਨ ਉੱਤੇਰੂਸ ਦੇ ਹਮਲੇ ਤੋਂ ਬਾਅਦਯੂ ਐੱਨ ਸੈਕਟਰੀ ਜਨਰਲ ਐਂਟੋਨੀਓ ਗੁਤਾਰੇਸ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਪਹਿਲੀ ਵਾਰ ਮਿਲੇ ਤਾਂਯੂ ਐੱਨ ਨੇ ਕਿਹਾ ਕਿ ਪੁਤਿਨ ਮਾਰੀਉਪੋਲ ਸ਼ਹਿਰ ਦੇ ਇੱਕ ਸਟੀਲ ਪਲਾਂਟ ਤੋਂ ਲੋਕਾਂ ਨੂੰ ਕੱਢਣ ਦਾ ਪ੍ਰਬੰਧ ਕਰਨਾਮੰਨ ਗਏ ਹਨ। ਯੂ ਐੱਨ ਓਦੇ ਬੁਲਾਰੇ ਸਟੀਫਨ ਦੁਜ-ਾਰਿਕ ਨੇ ਕਿਹਾ ਕਿ ਰੂਸੀ ਨੇਤਾ ਅਤੇ ਯੂ ਐੱਨ ਮੁਖੀ ਨੇ ਪਿਛਲੇ ਮੰਗਲਵਾਰ ਮਨੁੱਖੀ ਸਹਾਇਤਾ ਅਤੇ ਜੰਗ ਦੇ ਖੇਤਰ ਮਾਰੀਉਪੋਲ ਤੋਂ ਲੋਕਾਂ ਨੂੰ ਕੱਢਣ ਦੀ ਚਰਚਾ ਕੀਤੀ ਤਾਂ ਉਹ ਸਿਧਾਂਤਕ ਤੌਰ ਉੱਤੇ ਸਹਿਮਤ ਹੋਏ ਹਨ ਅਤੇ ਯੂ ਐੱਨਅਤੇ ਰੈੱਡ ਕਰਾਸ ਦੀ ਅੰਤਰਰਾਸ਼ਟਰੀ ਕਮੇਟੀ ਨੂੰ ਅਜ਼ੋਵਸਟਲ ਸਟੀਲ ਕੰਪਲੈਕਸ ਤੋਂ ਨਿਕਾਸੀ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।ਯੂਕਰੇਨਫੌਜੀਆਂ ਨੇ ਇਸ ਸਟੀਲ ਪਲਾਂਟ ਉੱਤੇ ਸਖ਼ਤ ਰੁਖ਼ ਅਪਣਾ ਰੱਖਿਆ ਹੈ। ਦੁਜਾਰਿਕ ਨੇ ਕਿਹਾ ਕਿ ਨਿਕਾਸੀ ਬਾਰੇ ਯੂ ਐੱਨ ਦੇ ਮਾਨਵਤਾਵਾਦੀ ਦਫਤਰ ਅਤੇ ਰੂਸ ਦੇ ਰੱਖਿਆ ਮੰਤਰਾਲੇ ਨਾਲ ਵਿਚਾਰਹੋਵੇਗੀ।ਯੂ ਐੱਨ ਦੇ ਮੁਤਾਬਕ ਪੁਤਿਨ ਤੇ ਗੁਤਾਰੇਸ ਦੀ ਮੀਟਿੰਗ ਕਰੀਬ ਦੋ ਘੰਟੇ ਚੱਲੀ। ਉਹ ਲੰਬੇ ਚਿੱਟੇ ਮੇਜ਼ ਉੱਤੇ ਆਹਮੋ-ਸਾਹਮਣੇ ਬੈਠੇ ਸਨ, ਜਿੱਥੇ ਉਨ੍ਹਾਂ ਤੋਂ ਇਲਾਵਾ ਕੋਈ ਨਹੀਂ ਸੀ। ਗੁਤਾਰੇਸ ਨੇ ਯੂਕਰੇਨਵਿੱਚਰੂਸੀ ਫ਼ੌਜ ਦੀ ਕਾਰਵਾਈ ਦੀ ਗੁਆਂਢੀ ਦੀ ਖੇਤਰੀ ਅਖੰਡਤਾ ਦੀ ਉਲੰਘਣਾ ਵਜੋਂ ਆਲੋਚਨਾ ਕੀਤੀ ਅਤੇ ਰੂਸ ਨੂੰ ਅਪੀਲ ਕੀਤੀ ਕਿ ਉਹ ਸਟੀਲ ਪਲਾਂਟ ਵਿੱਚ ਫਸੇ ਲੋਕਾਂ ਨੂੰ ਬਾਹਰ ਕੱਢਣ ਦੀ ਆਗਿਆ ਦੇਵੇ।



ਜਵਾਬ ਵਿੱਚ ਪੁਤਿਨ ਨੇ ਦਾਅਵਾ ਕੀਤਾ ਕਿ ਰੂਸੀ ਫੋਰਸਾਂ ਨੇ ਪਲਾਂਟ ਵਿੱਚ ਫਸੇ ਨਾਗਰਿਕਾਂ ਨੂੰ ਕੱਢਣ ਲਈ ਇੱਕ ਮਾਨਵਤਾਵਾਦੀ ਗਲਿਆਰੇ ਦੀ ਪੇਸ਼ਕਸ਼ ਕੀਤੀ ਸੀ, ਪਰ ਯੂਕਰੇਨੀ ਫੌਜ ਨੇ ਪਲਾਂਟਦੇ ਆਮ ਲੋਕਾਂ ਨੂੰ ਢਾਲ ਬਣਾ ਰੱਖਿਆ ਹੈ ਤੇ ਉਹ ਉਨ੍ਹਾਂ ਨੂੰ ਜਾਣ ਨਹੀਂ ਦੇਂਦੇ।ਰੂਸੀ ਹਮਲੇ ਨਾਲ ਅਜ਼ੋਵਟਲ ਪੂਰਾ ਤਬਾਹ ਹੋ ਗਿਆ ਹੈ, ਇਹ ਮਾਰੀਉਪੋਲ ਵਿੱਚਯੂਕਰੇਨ ਦੇ ਵਿਰੋਧ ਦਾ ਆਖਰੀ ਖੇਤਰ ਹੈ। ਲਗਭਗ ਦੋ ਹਜ਼ਾਰ ਫੌਜੀ ਤੇ ਇੱਕ ਹਜ਼ਾਰ ਲੋਕ ਇਸ ਦੇ ਢਹਿ-ਢੇਰੀ ਢਾਂਚੇ ਹੇਠਾਂ ਲੁਕੇ ਹੋਏ ਹਨ। ਗੁਤਾਰੇਸ ਨੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨਾਲ ਪ੍ਰੈਸ ਬ੍ਰੀਫਿੰਗ ਮੌਕੇ ਕਿਹਾ ਕਿ ਲੋਕਾਂ ਨੂੰ ਕੱਢਣ ਤੇ ਮਦਦਦੇਣ ਲਈ ਸੁਰੱਖਿਅਤ ਮਾਨਵਤਾਵਾਦੀ ਗਲਿਆਰੇ ਦੀ ਫੌਰੀ ਲੋੜ ਹੈ।

# ਭ੍ਰਿਸ਼ਟਾਚਾਰ ਕੇਸ ਵਿੱਚ ਮਿਆਂਮਾਰ ਦੀ ਅਦਾਲਤ ਤੋਂ ਆਂਗ ਸਾਨ ਸੂ ਕੀ ਨੂੰ ਪੰਜ ਸਾਲ ਦੀ ਸਜ਼ਾ

ਬਰਮਾ, 28 ਅਪਰੈਲ, (ਪੋਸਟ ਬਿਊਰੋ)- ਮਿਆਂਮਾਰ ਦੀ ਇੱਕ ਅਦਾਲਤ ਨੇ ਆਂਗ ਸਾਨ ਸੂ ਕੀ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਉਸ ਦੇ ਕੇਸ ਦੀ ਜਾਣਕਾਰੀ ਵਾਲੇ ਇੱਕ ਸੂਤਰ ਨੇ ਦੱਸਿਆ ਕਿ ਆਂਗ ਸਾਨ ਸੂ ਕੀ ਨੂੰ ਫਰਵਰੀ 2021 ਵਿੱਚ ਫੌਜ ਨੇ ਗ੍ਰਿਫਤਾਰ ਕੀਤਾ ਸੀ। ਉਸ ਉੱਤੇ ਦੋਸ਼ ਸਨ ਕਿ ਉਸ ਨੇ ਦੇਸ਼ ਵਿੱਚ ਹੋਈਆਂ ਚੋਣਾਂ ਵਿੱਚ ਭਾਰੀ ਗੜਬੜ ਕਰ ਕੇ ਨਾਜਾਇਜ਼ ਢੰਗ ਨਾਲ ਜਿੱਤ ਹਾਸਲ ਕੀਤੀ ਸੀ।



76 ਸਾਲਾ ਆਂਗ ਸਾਨ ਸੂ ਕੀ ਉੱਤੇ ਕਈ ਕੇਸ ਹਨ। ਨਜ਼ਰਬੰਦੀ ਮੌਕੇ ਆਂਗ ਸਾਨ ਸੂ ਕੀ ਉੱਤੇ ਕਈ ਦੋਸ਼ ਲਾਏ ਗਏ, ਜਿਨ੍ਹਾਂ ਵਿੱਚ ਉਸ ਦੀ ਪਾਰਟੀ ਵੱਲੋਂਵਿਸ਼ਵ ਸੰਸਥਾਵਾਂ ਨੂੰ ਭੇਜੇ ਪੱਤਰ ਵਿੱਚ ਫੌਜੀ ਸਰਕਾਰ ਨੂੰ ਮਾਨਤਾ ਨਾ ਦੇਣ ਦਾ ਦਬਾਅ ਬਣਾਉਣ ਦਾ ਦੋਸ਼ ਵੀ ਲਾਇਆ ਗਿਆ।ਆਂਗ ਸਾਨ ਸੂ ਕੀ ਨੂੰ ਜਨਵਰੀ 2022 ਵਿੱਚ ਵਾਕੀ-ਟਾਕੀਜ਼ ਨੂੰ ਗੈਰ-ਕਾਨੂੰਨੀ ਤੌਰ ਉੱਤੇਇੰਪੋਰਟ ਕਰਨ ਅਤੇ ਰੱਖਣ ਤੇ ਕੋਰੋਨਾ ਪਾਬੰਦੀਆਂ ਦੀ ਉਲੰਘਣਾ ਲਈ ਚਾਰ ਸਾਲ ਦੀ ਸਜ਼ਾ ਕੀਤੀ ਗਈ ਸੀ। ਇਸ ਤੋਂ ਬਿਨਾ ਉਸ ਉੱਤੇ ਯੰਗੂਨ ਦੇ ਸਾਬਕਾ ਮੁੱਖ ਮੰਤਰੀ ਫਿਓ ਮਿਨ ਥੀਨ ਤੋਂ 11.4 ਕਿਲੋ ਸੋਨਾ ਅਤੇ ਛੇ ਲੱਖ ਡਾਲਰ ਦੀ ਨਕਦੀ ਲੈਣ ਦਾ ਦੋਸ਼ ਹੈ, ਜਿਸ ਵਿੱਚ ਉਨ੍ਹਾਂ ਨੂੰ ਸਜ਼ਾ ਸੁਣਾਈ ਗਈ ਹੈ। ਆਂਗ ਸਾਨ ਸੂ ਕੀ ਦੇ ਖਿਲਾਫ ਭ੍ਰਿਸ਼ਟਾਚਾਰ ਦੇ 10 ਕੇਸ ਪੈਂਡਿੰਗ ਹਨ, ਜਿਨ੍ਹਾਂ ਵਿੱਚੋਂ ਹਰੇਕ ਨੂੰ ਵੱਧ ਤੋਂ ਵੱਧ 15 ਸਾਲ ਦੀ ਸਜ਼ਾ ਹੋ ਸਕਦੀ ਹੈ।

# ਹਾਦਸੇ 'ਚ ਭੈਣ-ਭਰਾ ਸਮੇਤ ਤਿੰਨਾਂ ਦੀ ਮੌਤ

ਅਬੋਹਰ, 28 ਅਪ੍ਰੈਲ (ਪੋਸਟ ਬਿਊਰੋ)- ਅਬੋਹਰ-ਮਲੋਟ ਨੈਸ਼ਨਲ ਹਾਈਵੇ ਉੱਤੇ ਨਾਗਪਾਲ ਪੈਟਰੋਲ ਪੰਪ ਨੇੜੇ ਕੱਲ੍ਹ ਸਵੇਰੇ ਪੈਟਰੋਲ ਨਾਲ ਭਰੇ ਟੈਂਕਰ ਚਾਲਕ ਨੇ ਮੋਟਰਸਾਈਕਲ ਸਵਾਰ ਭੈਣ-ਭਰਾ ਸਮੇਤ ਤਿੰਨ ਜਣਿਆਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨਾਂ ਦੀ ਮੌਕੇ ਉੱਤੇ ਮੌਤ ਹੋ ਗਈ। ਅਬੋਹਰ ਦਾ ਰਾਮ ਪ੍ਰਕਾਸ਼ ਬੇਟੇ ਨਵੀਨ (16) ਅਤੇ ਧੀ ਪੂਜਾ ਰਾਣੀ (26) ਨੂੰ ਮੋਟਰਸਾਈਕਲ ਉੱਤੇ ਘਰ ਲੈ ਕੇ ਜਾ ਰਿਹਾ ਸੀ। ਜਦੋਂ ਉਹ ਮਲੋਟ ਰੋਡ ਉੱਤੇ ਪਹੁੰਚੇ ਤਾਂ ਇਸ ਮੌਕੇ ਇੱਕ ਤੇਲ ਟੈਂਕਰ ਨੇ ਉਨ੍ਹਾਂ ਨੂੰ ਓਵਰਟੇਕ ਕਰਦੇ ਹੋਏ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਤਿੰਨਾਂ ਦੀ ਮੌਕੇ ਉੱਤੇ ਮੌਤ ਹੋ ਗਈ। ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਵਾਇਆ ਗਿਆ। ਘਟਨਾ ਤੋਂ ਬਾਅਦ ਟੈਂਕਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।







## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)







## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

647-927-2049







## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

204-333-9000, 416-818-3777






# ਫਿਲਮੀ ਦੁਨੀਆ

## ਤਮੰਨਾ ਭਾਟੀਆ ਨੇ 'ਬਬਲੀ ਬਾਊਂਸਰ' ਦੇ ਆਖਰੀ ਸ਼ਡਿਊਲ ਵਾਸਤੇ ਸ਼ੂਟਿੰਗ ਸ਼ੁਰੂ ਕੀਤੀ

ਤਮੰਨਾ ਭਾਟੀਆ ਨੇ ਆਪਣੀ ਅਗਲੀ ਫਿਲਮ 'ਬਬਲੀ ਬਾਊਂਸਰ' ਦੇ ਤੀਸਰੇ ਅਤੇ ਆਖਰੀ ਸ਼ਡਿਊਲ ਦੀ ਸ਼ੂਟਿੰਗ ਸ਼ੁਰ ਕਰ ਦਿੱਤੀ ਹੈ। ਇਸ ਦੀ ਜਾਣਕਾਰੀ ਉਸ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਤੇ ਸ਼ੇਅਰ ਕੀਤੀ ਹੈ। ਉਸ ਨੇ ਮਧੁਰ ਭੰਡਾਰਕਰ ਨਾਲ ਵੜਾ ਪਾਵ ਖਾਂਦੇ ਹੋਏ ਇੱਕ ਤਸਵੀਰ ਸ਼ੇਅਰ ਕੀਤੀ ਹੈ। ਇਸ ਨਾਲ ਉਸ ਨੇ ਲਿਖਿਆ, 'ਬਬਲੀ ਬਾਊਂਸਰ' ਦੀ ਸ਼ੂਟਿੰਗ ਜਲਦੀ ਪੂਰੀ ਹੋ ਰਹੀ ਹੈ। ਮੈਂ ਇਹ ਕਹਿਣਾ ਚਾਹੁੰਦੀ ਕਿ ਮੈਨੂੰ ਮਧੁਰ ਭੰਡਾਰਕਰ ਨਾਲ ਕੰਮ ਕਰ ਕੇ ਮਜ਼ਾ ਆਇਆ। ਅਸੀਂ ਆਪਣੀ ਤੀਸਰੀ ਅਤੇ ਆਖਰੀ ਸ਼ਡਿਊਲ ਦੀ ਸ਼ੂਟਿੰਗ ਕਰ ਰਹੇ ਹਾਂ।

ਫਿਲਮ ਵਿੱਚ ਤਮੰਨਾ ਮਹਿਲਾ ਬਾਊਂਸਰ ਦਾ ਕਿਰਦਾਰ ਨਿਭਾ ਰਹੀ ਹੈ। ਇਸ ਵਿੱਚ ਸੌਰਭ ਸ਼ੁਕਲਾ, ਅਭਿਸ਼ੇਕ ਬਜਾਜ ਅਤੇ ਸਾਹਿਲ ਵੈਦ ਵੀ ਆਉਣਗੇ। ਇਸ ਫਿਲਮ ਦੀ ਕਹਾਣੀ ਅਮਿਤ ਜੋਸ਼ੀ, ਆਰਾਧਨਾ ਦੇਵਨਾਥ ਅਤੇ ਮਧੁਰ ਭੰਡਾਰਕਰ ਨੇ ਲਿਖੀ ਹੈ। ਫਿਲਮ ਫਾਕਸ ਸਟਾਰ ਸਟੂਡੀਓ ਅਤੇ ਜੰਗਲੀ ਪਿਕਚਰਜ਼ ਮਿਲਕੇ ਫਿਲਮ ਨੂੰ ਪ੍ਰੋਡਿਊਸ ਕਰ ਰਹੇ ਹਨ। ਇਹ ਫਿਲਮ ਇਸ ਸਾਲ ਹਿੰਦੀ, ਤੇਲਗੂ ਅਤੇ ਤਮਿਲ ਵਿੱਚ ਰਿਲੀਜ਼ ਹੋਵੇਗੀ।



## ਹੈਰਾਨ ਕਰ ਦਿਆਂਗੀ ਦਰਸ਼ਕਾਂ ਨੂੰ : ਪੂਜਾ ਹੇਗੜੇ

ਪੂਜਾ ਹੇਗੜੇ ਇੱਕ ਤੋਂ ਬਾਅਦ ਇੱਕ ਧਮਾਕੇਦਾਰ ਫਿਲਮਾਂ ਦੇ ਰਹੀ ਹੈ। ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਕਿ ਉਹ ਸਾਊਥ ਦੀਆਂ ਫਿਲਮਾਂ ਦੀ ਰਾਣੀ ਬਣ ਚੁੱਕੀ ਹੈ। ਪਿੱਛੇ ਜਿਹੇ ਉਸ ਦੀਆਂ ਦੋ ਫਿਲਮਾਂ ਨੇ ਦਰਸ਼ਕਾਂ ਵਿੱਚ ਚੰਗੀ ਉਤਸੁਕਤਾ ਪੈਦਾ ਕਰ ਦਿੱਤੀ। ਪਹਿਲਾਂ ਉਹ ਪ੍ਰਭਾਸ ਨਾਲ 'ਰਾਧੇਸ਼ਾਮ' ਵਿੱਚ ਨਜ਼ਰ ਆਈ, ਜੋ ਹਿੰਦੀ ਵਿੱਚ ਵੀ ਰਿਲੀਜ਼ ਹੋਈ ਸੀ। ਫਿਰ ਫਿਲਮ 'ਬੀਸਟ' ਵਿੱਚ ਵੀ ਉਸ ਨੇ ਆਪਣੀ ਝਲਕ ਦਿਖਾਈ ਹੈ। ਅਜਿਹੇ ਵਿੱਚ ਸਾਊਥ ਹੀ ਨਹੀਂ ਬਾਲੀਵੁੱਡ ਦੀਆਂ ਵੀ ਕਈ ਫਿਲਮਾਂ ਪੂਜਾ ਦੀ ਝੋਲੀ ਵਿੱਚ ਆ ਡਿੱਗੀਆਂ ਹਨ।

ਅੱਗੋਂ ਉਸ ਨੂੰ ਇੱਕ ਫਿਲਮ ਵਿੱਚ ਆਈਟਮ ਨੰਬਰ ਕਰਨ ਦਾ ਆਫਰ ਮਿਲਿਆ ਹੈ। ਫਿਲਮ ਵਿੱਚ ਵੈਂਕਟੇਸ਼ ਡੱਗੂਬਾਤੀ ਅਤੇ ਵਰੁਣ ਤੇਜ਼ ਨਜ਼ਰ ਆਉਣਗੇ। ਇਸ ਤੇਲਗੂ ਫਿਲਮ ਦਾ ਨਾਂਅ ਹੈ 'ਐੱਫ-3 ਫਨ ਐਂਡ ਫਸਟ੍ਰੇਸ਼ਨ'। ਇਸ ਇੱਕ ਗਾਣੇ ਲਈ ਉਸ ਨੂੰ ਸਵਾ ਕਰੋੜ ਰੁਪਏ ਵਰਗੀ ਵੱਡੀ ਰਕਮ ਆਫਰ ਕੀਤੀ ਗਈ ਹੈ। ਪਿੱਛੇ ਜਿਹੇ ਉਸ ਨੇ ਇੱਸ ਡਾਂਸ ਨੰਬਰ ਦੀ ਸ਼ੂਟਿੰਗ ਪੂਰੀ ਕੀਤੀ ਹੈ। ਸੂਤਰਾਂ ਅਨੁਸਾਰ ਪੂਜਾ ਇਸ ਸਪੈਸ਼ਲ ਡਾਂਸ ਨੰਬਰ ਨਾਲ ਫੈਨਜ਼ ਨੂੰ ਹੈਰਾਨ ਕਰੇਗੀ। ਫਿਲਮ ਵਿੱਚ ਪੂਜਾ ਦੇ ਗਾਣੇ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਇਸ ਨੂੰ ਹੈਦਰਬਾਦ ਵਿੱਚ ਫਿਲਮਾਇਆ ਗਿਆ ਹੈ।ਫਿਲਮ ਦੇ ਨਿਰਮਾਤਾ ਨੇ ਪੂਜਾ ਦੀ ਸੁਪਰ ਗਲੈਮਰਸ ਫੋਟੋ ਵਾਲਾ ਪੋਸਟਰ ਲਾਂਚ ਕੀਤਾ। ਇਸ ਵਿੱਚ ਪੂਜਾ ਚਮਚਮਾਉਂਦੀ ਹੋਈ ਗੁਲਾਬੀ ਰੰਗ ਦੀ ਡਰੈੱਸ ਵਿੱਚ ਨਜ਼ਰ ਆ ਰਹੀ ਹੈ। ਰਾਮ ਚਰਨ ਤੇ ਸਾਮੰਥਾ-ਸਟਾਰਰ ਇਸ ਫਿਲਮ 'ਰੰਗਸਥਲਮ' ਵਿੱਚ ਸੁਪਰਹਿੱਟ 'ਜਿਗੇਲੁ ਰਾਣੀ' ਤੋਂ ਬਾਅਦ ਪੂਜਾ ਦਾ ਇਹ ਦੂਸਰਾ ਸਪੈਸ਼ਲ ਨੰਬਰ ਹੈ।



## ਹਾਰਰ ਕਾਮੇਡੀ 'ਭੂਲ ਭੁਲੱਈਆ 2' ਤੋਂ ਸਾਹਮਣੇ ਆਇਆ ਤੱਬੂ ਦਾ ਫਸਟ ਲੁਕ

ਤੱਬੂ ਜਲਦੀ ਹੀ ਫਿਲਮ 'ਭੂਲ ਭੁਲੱਈਆ 2' ਵਿੱਚ ਨਜ਼ਰ ਆਏਗੀ। ਇਸ ਫਿਲਮ ਵਿੱਚ ਉਸ ਦੇ ਨਾਲ ਕਾਰਤਿਕ ਆਰੀਅਨ ਤੇ ਕਿਆਰਾ ਅਡਵਾਨੀ ਵੀ ਹਨ। ਫਿਲਮ ਦੇ ਮੇਕਰਸ ਨੇ ਹਾਲ ਹੀ ਵਿੱਚ ਕਿਆਰਾ ਦਾ ਫਸਟ ਲੁਕ ਸ਼ੇਅਰ ਕੀਤਾ ਸੀ। ਹੁਣ ਤੱਬੂ ਨੇ ਇਸ ਫਿਲਮ ਤੋਂ ਆਪਣਾ ਫਸਟ ਲੁਕ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤਾ ਹੈ। ਇਸ ਮੋਸ਼ਨ ਪੋਸਟਰ ਵਿੱਚ ਸਭ ਤੋਂ ਪਹਿਲਾਂ ਤੱਬੂ ਦੀਆਂ ਪ੍ਰੇਸ਼ਾਨ ਅੱਖਾਂ ਨੂੰ ਦਿਖਾਇਆ ਗਿਆ ਹੈ। ਹੌਲੀ-ਹੌਲੀ ਪੋਸਟਰ ਅੱਗੇ ਵਧਦਾ ਹੈ ਅਤੇ ਤੱਬੂ ਦੇ ਪਿੱਛੇ ਰੱਖਿਆ ਇੱਕ ਸ਼ੀਸ਼ਾ ਨਜ਼ਰ ਆਉਂਦਾ ਹੈ ਅਤੇ ਪਿੱਛਿਓਂ ਚੁੜੇਲ ਦੇ ਹੱਸਣ ਦੀ ਆਵਾਜ਼ ਵੀ ਸੁਣਾਈ ਦਿੰਦੀ ਹੈ ਜਿਸ ਨੂੰ ਸੁਣ ਕੇ ਤੱਬੂ ਦੇ ਹੋਸ਼ ਉਡੇ ਹੋਏ ਨਜ਼ਰ ਆਉਂਦੇ ਹਨ। ਪੋਸਟ ਨੂੰ ਸ਼ੇਅਰ ਕਰਦੇ ਹੋਏ ਅਭਿਨੇਤਰੀ ਨੇ ਕੈਪਸ਼ਨ ਵਿੱਚ ਲਿਖਿਆ, "ਚੁੜੇਲ ਜਾਂ ਦੇਵੀ ਜਾਂ ਦੋਵਾਂ ਦੇ ਵਿੱਚੋਂ ਕੋਈ ਵੀ ਨਹੀਂ।" ਫਿਲਮ ਨੂੰ ਅਨੀਸ ਬਜ਼ਮੀ ਨੇ ਡਾਇਰੈਕਟ ਕੀਤਾ ਤੇ ਭੂਸ਼ਣ ਕੁਮਾਰ ਦੇ ਪ੍ਰੋਡਕਸ਼ਨ ਹਾਊਸ ਟੀ-ਸੀਰੀਜ਼ ਦੇ ਬੈਨਰ ਹੇਠ ਇਸ ਨੂੰ ਬਣਾਇਆ ਗਿਆ ਹੈ। ਇਹ ਫਿਲਮ ਵੀਹ ਮਈ ਨੂੰ ਰਿਲੀਜ਼ ਹੋਵੇਗੀ।



## 'ਜਨਹਿਤ ਮੇਂ ਜਾਰੀ' 10 ਜੂਨ ਨੂੰ ਹੋਵੇਗੀ ਰਿਲੀਜ਼

ਨੁਸਰਤ ਭਰੂਚਾ ਸਟਾਰਰ ਫਿਲਮ 'ਜਨਹਿਤ ਮੇਂ ਜਾਰੀ' 10 ਜੂਨ 2022 ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਇਸ ਗੱਲ ਦੀ ਜਾਣਕਾਰੀ ਖੁਦ ਨੁਸਰਤ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਉੱਤੇ ਸ਼ੇਅਰ ਕੀਤੀ ਹੈ। ਉਸ ਨੇ ਪੋਸਟ ਸ਼ੇਅਰ ਕਰ ਕੇ ਲਿਖਿਆ "ਅੱਜ ਤੱਕ ਤੁਸੀਂ ਦੇਖੀਆਂ ਕਈ ਵੱਡੀਆਂ ਫਿਲਮਾਂ, ਅੱਗੋਂ ਵਾਰੀ ਹੈ ਇਸ ਬੋਮਨੀਆ ਦੀ, ਜੋ ਲੈ ਕੇ ਆ ਰਹੀ ਹੈ ਵੱਡਾ ਆਈਡੀਆ, ਸੁਚਨਾ ਹੈ 'ਜਨਹਿਤ ਮੇਂ ਜਾਰੀ' 10 ਜੂਨ ਨੂੰ ਸਿਨੇਮਾ ਵਿਚ ਮਿਲਣ ਦੀ ਹੈ ਤਿਆਰੀ।"

ਫਿਲਮ ਦੀ ਸ਼ੂਟਿੰਗ ਪਿਛਲੇ ਸਾਲ ਸਤੰਬਰ ਵਿੱਚ ਸ਼ੁਰੂ ਕੀਤੀ ਗਈ ਸੀ, ਪਰ ਕੋਰੋਨਾ ਕਾਰਨ ਰੋਕਣੀ ਪਈ ਸੀ। ਟੀਮ ਨੇ ਦਸੰਬਰ ਵਿੱਚ ਸ਼ੂਟਿੰਗ ਪੂਰੀ ਕਰ ਲਈ ਸੀ। ਫਿਲਮ ਵਿੱਚ ਨੁਸਰਤ ਦੇ ਇਲਾਵਾ ਟੀਨੂ ਆਨੰਦ, ਵਿਜੈ ਰਾਜ ਅਤੇ ਪਰਿਤੋਸ਼ ਤ੍ਰਿਪਾਠੀ ਵੀ ਨਜ਼ਰ ਆਉਣਗੇ।ਓਧਰ ਅਜੈ ਦੇਵਗਨ ਨੇ ਫਿਲਮ 'ਰਨਵੇ 34' ਦੇ ਪ੍ਰਮੋਸ਼ਨ ਦੌਰਾਨ 'ਦ੍ਰਿਸ਼ਯਮ 2' ਬਾਰੇ ਕਿਹਾ, 'ਦ੍ਰਿਸ਼ਯਮ 2' ਨੂੰ ਇਸ ਸਾਲ ਦੇ ਅਖੀਰ ਤੱਕ ਆਉਣਾ ਚਾਹੀਦਾ ਹੈ। ਅਸੀਂ ਫਿਲਮ ਵਿੱਚ ਕੁਝ ਬਦਲਾਅ ਕੀਤੇ ਹਨ, ਪ੍ਰੰਤੂ ਇਸ ਦੇ ਮਹੱਤਵਪੂਰਨ ਹਿੱਸੇ ਅਤੇ ਮੂਲ ਸਟੋਰੀ ਵਿੱਚ ਕੋਈ ਪਰਿਵਰਤਨ ਨਹੀਂ ਕੀਤਾ ਗਿਆ (ਜਿਵੇਂ 2021 ਵਿੱਚ ਮਲਿਆਲਮ ਫਿਲਮ ਹੈ)। ਅਭਿਸ਼ੇਕ ਪਾਠਕ ਫਿਲਮ ਦਾ ਨਿਰਦੇਸ਼ਨ ਕਰਨਗੇ। ਇਸ ਵਿੱਚ ਅਜੈ ਦੇ ਨਾਲ ਤੱਬੂ ਵੀ ਨਜ਼ਰ ਆਏਗੀ। ਸ਼੍ਰੇਆ ਸਰਨ ਤੇ ਇਸ਼ਿਤਾ ਦੱਤਾ ਵੀ ਨਜ਼ਰ ਆਏਗੀ।



## ਪੁੱਤਰ ਸ਼ਿੰਦੇ ਨਾਲ ਪਰਦੇ ਉੱਤੇ ਨਜ਼ਰ ਆਵੇਗਾ ਗਿੱਪੀ ਗਰੇਵਾਲ

ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਲ ਆਪਣੀ ਅਗਲੀ ਫਿਲਮ ਵਿੱਚ ਆਪਣੇ ਪੁੱਤਰ ਸ਼ਿੰਦਾ ਗਰੇਵਾਲ ਨਾਲ ਦਿਖਾਈ ਦੇਵੇਗਾ। ਇਸ ਫਿਲਮ ਦਾ ਹਾਲੇ ਨਾਂਅ ਨਹੀਂ ਰੱਖਿਆ ਗਿਆ। ਇਸ ਤੋਂ ਪਹਿਲਾਂ ਸ਼ਿੰਦਾ ਦਿਲਜੀਤ ਦੁਸਾਂਝ ਨਾਲ ਫਿਲਮ 'ਹੌਸਲਾ ਰੱਖ' ਵਿੱਚ ਨਜ਼ਰ ਆਇਆ ਸੀ। ਨਵੀਂ ਫਿਲਮ ਦੀ ਕਹਾਣੀ ਲੇਖਕ ਤੇ ਅਭਿਨੇਤਾ ਨਰੇਸ਼ ਕਥੂਰੀਆ ਨੇ ਲਿਖੀ ਅਤੇ ਅਮਰਪ੍ਰੀਤ ਛਾਬੜਾ ਵੱਲੋਂ ਨਿਰਦੇਸ਼ਤ ਕੀਤੀ ਜਾਣੀ ਹੈ। ਨਰੇਸ਼ ਕਥੂਰੀ 'ਕੈਰੀ ਆਨ ਜੱਟਾ 1', 'ਕੈਰੀ ਆਨ ਜੱਟਾ-2', 'ਮੰਜੇ ਬਿਸਤਰੇ 2', 'ਚੰਡੀਗੜ੍ਹ ਅੰਮ੍ਰਿਤਸਰ ਚੰਡੀਗੜ੍ਹ', 'ਬੈਸਟ ਆਫ ਲੱਕ', 'ਭਾਅ ਜੀ ਇਨ ਪ੍ਰੌਬਲਮ', 'ਵੇਖ ਬਰਾਤਾਂ ਚੱਲੀਆਂ' ਤੇ 'ਮਿਸਟਰ ਐਂਡ ਮਿਸਿਜ਼ 420' ਵਰਗੀਆਂ ਫਿਲਮਾਂ ਲਈ ਜਾਣੇ ਜਾਂਦੇ ਹਨ। ਇਸ ਫਿਲਮ ਦੀ ਸ਼ੂਟਿੰਗ ਜੁਲਾਈ ਵਿੱਚ ਸ਼ੁਰੂ ਹੋਵੇਗੀ ਤੇ ਇਹ ਫਿਲਮ ਅਗਲੇ ਸਾਲ ਫਰਵਰੀ ਵਿੱਚ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ।'ਗਿੱਪੀ ਗਰੇਵਾਲ ਨੇ ਕਿਹਾ, "ਪੰਜਾਬੀ ਸਿਨੇਮਾ ਬਹੁਤ ਤਰੱਕੀ ਕਰ ਰਿਹਾ ਹੈ ਤੇ ਨਾ ਸਿਰਫ ਭਾਰਤ ਵਿੱਚ ਸਗੋਂ ਬਾਹਰਲੇ ਮੁਲਕਾਂ ਵਿੱਚ ਵੀ ਪੰਜਾਬੀ ਫਿਲਮਾਂ ਦੇ ਪ੍ਰਸ਼ੰਸਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਯੂਡਲੀ ਫਿਲਮਜ਼ ਇਸ ਮੌਕੇ ਖੇਤਰੀ ਕਲਾਕਾਰਾਂ ਨਾਲ ਰਲ ਕੇ ਮਿਆਰੀ ਫਿਲਮਾਂ ਬਣਉਣਾ ਚਾਹੁੰਦਾ ਹੈ। ਮੈਂ ਇਸ ਨਜ਼ਰੀਏ ਦਾ ਕਦਰਦਾਨ ਹਾਂ ਤੇ ਖੁਸ਼ ਹਾਂ ਕਿ ਅਸੀਂ ਇਕੱਠਿਆਂ ਕੰਮ ਕਰਾਂਗੇ।"








Tri-City Professional Realty Inc., Brokerage. The Future of Real Estate
www.TriCityPro.com

Number 1. Tri-City agent in Canada on basis of sales volume 2021

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

NEED MORE LISTINGS

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8




$1,399,999
CASTLEMORE/GOREWAY




$1,749,900
8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




$1,950,000
26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੇਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS-JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:

Platinum Club Award (2020-2017) (2009-2018) (REMAX International)
Chairman's Club Award (2021, 2018, 2015, 2014, 2013, 2012, 2011, 2010)
Hall of Fame (2010)
Lifetime Achievement Award (2014)
GUARANTEED Till SOLD
MCNE

CALL JAG FOR A QUICK & FREE HOME EVALUATION
www BramptonTopRealtor.com www BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE



- Premium Lot
- Approx. 2 Years New
- Over 2500 Square Feet
- 4 Bedroom + 3 W.R.
- Family Room Open To Above
- Computer Loft
- Main Floor Laundry
- Loaded With Upgrades

BRANTFORD, ONTARIO
Call Jag Aujla For Details

JUST LISTED FOR SALE



* Spent over $200k on upgrades

- 70 Feet Wide Prem. Lot
- 4+2 Bedrooms + 6 Washroom + Upgraded
- 2 Bedroom Legal Basement Apt.
- Fully Renovated
- Approx 4000 S/F Living space
- Almost Everything New

BRAMPTON, ONTARIO
Call Jag Aujla For Details



SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood



SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird



SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell



SOLD @101% OF ASKING PRICE
12 Laurelcrest St
Queen / Laurelcrest / Hwy 410



SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410



SOLD @99% OF ASKING PRICE
11 Van Hoof Crest
Castlemore/ Goreway / Latania



SOLD $121,000 OVER ASKING IN 6 DAYS Caledon
42 Pinedale Ave
Kennedy / Dougall



SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood



SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

FREE

- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

ੴ ਸਤਿਗੁਰ ਪ੍ਰਸਾਦਿ ॥

# ਖਾਲਸੇ ਦੇ 323ਵੇਂ ਸਾਜਨਾ ਦਿਵਸ ਨੂੰ ਸਮਰਪਿਤ

## ਓਨਟੇਰਿਓ ਗੁਰਦੁਆਰਾਜ਼ ਕਮੇਟੀ ਵਲੋਂ

# ਮਹਾਨ ਨਗਰ ਕੀਰਤਨ

## ਮਾਲਟਨ ਗੁਰਦੁਆਰਾ ਸਾਹਿਬ ਤੋਂ ਰੈਕਸਡੇਲ ਗੁਰਦੁਆਰਾ ਸਾਹਿਬ

# 1 ਮਈ ਐਤਵਾਰ




ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ 1 ਮਈ ਦਿਨ ਐਤਵਾਰ ਸਵੇਰੇ 8:00 ਵਜੇ ਤੋਂ 11:30 ਵਜੇ ਤੱਕ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ ਸਜਣਗੇ. ਦੁਪਹਿਰ ਦੇ 12:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਹੇਠ ਪੂਰੇ ਸ਼ਾਨੋ-ਸ਼ੌਕਤ ਨਾਲ ਨਗਰ ਕੀਰਤਨ ਮੌਰਨਿੰਗਸਟਾਰ ਤੋਂ ਹੁੰਦਾ ਹੋਇਆ ਹੰਬਰਵੁਡ ਤੋਂ ਹੰਬਰਲਾਈਨ ਤੋਂ ਫਿੰਚ ਐਵੇਨਿਊ ਤੋਂ ਵੁੱਡਬਾਈਨ ਡਾਊਨਜ਼ ਬੁਲੇਵਡ ਤੋਂ ਕੈਰੀਅਰ ਡਰਾਈਵ ਤੋਂ ਸਿੱਖ ਸਪਿਰਚੁਅਲ ਸੈਂਟਰ ਰੈਕਸਡੇਲ ਗੁਰਦੁਆਰਾ ਸਾਹਿਬ ਪਹੁੰਚਣਗੇ.



**Amrit Sanchar**
April 28, Thursday at Rexdale
From 2:00 pm

**Buses Pick Up and Drop off Route**

- Humber College
- Oakville Gurdwara Sahib
- Mississauga Gurdwara Sahib
- Golden Grocery (Charles Blvd.)
- Nanaksar Gurdwara Sahib (Mclaughlin Rd)
- Dashmesh Darbar Sahib (Gore Road Plaza)
- Dixie & Peter Robertson (Guru Nanak Mission)
- Fortino Plaza (Mountainash & Bovaird)
- Brampton Gurdwara Sahib (Glidden Road)
- Brampton Gurdwara Sahib (Regan Road)
- Rexdale to Malton Gurdwara Sahib
- Malton to Rexdale Gurdwara Sahib
- Gurdwara Jot Parkash (Williams Pkwy.)
- Guru Ravidas Sabha Burlington
- Oshwa Gurudwara Sahib

**ਜਰੂਰੀ ਸੂਚਨਾ**

- ਸਿਟੀ ਦੇ ਨਵੇਂ ਨਿਯਮਾਂ ਅਨੁਸਾਰ ਨਗਰ ਕੀਰਤਨ ਜਾਂ ਰਸਤੇ ਵਿਚ ਲੰਗਰ ਲਾਉਣ ਸੰਬੰਧੀ ਪਰਮਿਟ ਲੈਣ ਲਈ ਗਰੂਦੁਆਰਾ ਕਮੇਟੀ ਨਾਲ ਸੰਪਰਕ ਕਰੋ
- ਏਅਰਪੋਰਟ ਰੋਡ ਤੋਂ ਗੌਰਵੇ ਡਰਾਈਵ ਤੱਕ ਕੇਵਲ ਪਾਣੀ ਅਤੇ ਕੋਲਡ ਡਰਿੰਕਸ ਹੀ ਵਰਤਾਏ ਜਾਣ
- ਸੇਫਟੀ ਨੂੰ ਮੁੱਖ ਰੱਖਦੇ ਹੋਏ ਕੋਈ ਵੀ ਗੈਸ ਵਾਲੇ ਗੁਬਾਰੇ ਨਾ ਵਰਤੇ ਜਾਣ
- ਰੀਸਾਈਕਲ ਕੀਤੀਆਂ ਜਾਣ ਵਾਲੀਆਂ ਚੀਜ਼ਾਂ ਰੀਸਾਈਕਲ ਬੈਗ ਵਿਚ ਹੀ ਪਾਈਆਂ ਜਾਣ
- ਵਾਤਾਵਰਣ ਦਾ ਧਿਆਨ ਰਖਦੇ ਹੋਏ ਫੋਮ ਦੀ ਬਜਾਏ ਕਾਗਜ਼ ਦੇ ਬਰਤਨਾਂ ਦਾ ਇਸਤੇਮਾਲ ਕੀਤਾ ਜਾਵੇ

**ਸਮੂਹ ਸੰਗਤ ਨੂੰ ਕੇਸਰੀ ਦਸਤਾਰਾਂ ਸਜਾ ਕੇ ਅਤੇ ਕੇਸਰੀ ਦੁਪੱਟੇ ਲੈ ਕੇ ਆਉਣ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ.**




For more information contact:
**Sikh Spiritual Centre, Toronto**
**416-746-6666**
**Sri Guru Singh Sabha, Malton**
**905-671-1662**

Avtar Singh Vanvait
647-702-4070

Charanjit Singh
519-572-0802

Sulinder Singh
416-565-2964

Gurmail Singh Nirman
416-997-3631

Prempal Singh Hamilton
905-905-2310

Inderjit Singh
289-752-7173

Major Singh
416-858-8011

Harvinderpal Singh Ruby
647-629-4041

Amarjit Singh Mann
647-822-3608

Jagtarn Singh Sekhon
416-566-3111